ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 23 | Issue 216| 25 Feb. to 3 March, 2026 | Ph.: (510) 240-5949 | Email: asrtimes@gmail.com

# ਰੁੱਤ ਸਿਆਸੀ ਰੈਲੀਆਂ ਅਤੇ ਚੋਣ ਵਾਅਦਿਆਂ ਦੀ ਆਈ

## 'ਆਪ' ਅਤੇ ਅਕਾਲੀ ਦਲ ਬਾਦਲ ਵੱਲੋਂ ਸਿਆਸੀ ਰੈਲੀਆਂ ਦੀ ਸ਼ੁਰੂਆਤ

## ਵੋਟਰਾਂ ਨਾਲ ਸਿਆਸੀ ਆਗੂਆਂ ਵੱਲੋਂ ਕੀਤੇ ਜਾ ਰਹੇ ਨੇ ਵੱਡੇ-ਵੱਡੇ ਵਾਅਦੇ





**ਜਗਮੋਹਨ ਸਿੰਘ 'ਲੱਕੀ'**

ਛੇ ਰੁੱਤਾਂ ਵਾਲੇ ਪੰਜਾਬ ਵਿੱਚ ਇਸ ਸਮੇਂ ਚੱਲ ਰਹੀ 'ਬਸੰਤ ਰੁੱਤ' ਦੇ ਨਾਲ ਹੀ 'ਸਿਆਸੀ ਰੈਲੀਆਂ ਅਤੇ ਚੋਣ ਵਾਅਦੇ ਕਰਨ' ਦੀ ਨਵੀਂ ਰੁੱਤ ਵੀ ਸ਼ੁਰੂ ਹੋ ਗਈ ਹੈ। ਜਿਸ ਕਾਰਨ ਹਰ ਦਿਨ ਵਾਂਗ ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਵੱਡੀਆਂ- ਛੋਟੀਆਂ ਸਿਆਸੀ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਇਹਨਾਂ ਰੈਲੀਆਂ ਦਾ ਇੱਕੋ ਇੱਕ ਮਕਸਦ ਆਪੋ ਆਪਣਾ ਸ਼ਕਤੀ ਪ੍ਰਦਰਸ਼ਨ ਕਰਨਾ ਅਤੇ ਵੱਧ ਤੋਂ ਵੱਧ ਵੋਟਰਾਂ ਨੂੰ ਆਪਣੇ ਨਾਲ ਜੋੜਨਾ ਹੁੰਦਾ ਹੈ। ਸਿਆਸੀ ਆਗੂਆਂ ਵੱਲੋਂ ਇਸ ਸਮੇਂ ਵੋਟਰਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਜਾ ਰਹੇ ਹਨ। ਕਈ ਵਾਅਦੇ ਤਾਂ ਅਜਿਹੇ ਹਨ ਜੋ ਕਿ ਕਿਸੇ ਵੀ ਤਰ੍ਹਾਂ ਪੂਰੇ ਵੀ ਨਹੀਂ ਕੀਤੇ ਜਾ ਸਕਦੇ। ਜਿਸ ਕਰਕੇ ਵਿਅੰਗਮਈ ਸੁਰ ਵਿੱਚ ਕਿਹਾ ਜਾ ਸਕਦਾ ਹੈ ਕਿ ਸਿਆਸੀ ਆਗੂਆਂ ਵੱਲੋਂ ਵੋਟਰਾਂ ਨਾਲ ਵਾਅਦੇ ਕਰਦਿਆਂ ਹੁਣ ਸਿਰਫ਼ ਚੰਨ ਤੇ ਸੂਰਜ ਲਿਆ ਕੇ ਦੇਣੇ ਹੀ ਬਾਕੀ ਰਹਿ ਗਏ ਹਨ। ਬਾਕੀ ਸਭ ਕੁਝ ਦੇਣ ਦਾ ਵਾਅਦਾ ਤਾਂ ਸਿਆਸੀ ਆਗੂਆਂ ਨੇ ਵੋਟਰਾਂ ਨਾਲ ਕਰ ਹੀ ਲਿਆ ਹੈ।

ਆਮ ਆਦਮੀ ਪਾਰਟੀ ਦੀ ਮੋਗਾ ਰੈਲੀ ਅਤੇ ਅਕਾਲੀ ਦਲ ਬਾਦਲ ਦੀ ਕਾਦੀਆਂ ਰੈਲੀ ਤੋਂ ਸ਼ੁਰੂ ਹੋਈ ਸਿਆਸੀ ਰੈਲੀਆਂ ਦੀ ਰੁੱਤ ਦਿਨੋਂ ਦਿਨ ਆਪਣੇ ਜੋਬਨ 'ਤੇ ਆ ਰਹੀ ਹੈ। ਅਕਾਲੀ ਦਲ ਬਾਦਲ ਵੱਲੋਂ ਕਾਦੀਆਂ ਹਲਕੇ ਤੋਂ



ਬਾਅਦ ਤਰਨ ਤਾਰਨ ਜ਼ਿਲ੍ਹੇ ਦੇ ਖੇਮਕਰਨ ਕਸਬੇ ਦੇ ਅਮਰਕੋਟ ਵਿੱਚ ਅਤੇ ਫੇਰ ਜੀਰਾ ਵਿੱਚ ਵੱਡੀਆਂ ਸਿਆਸੀ ਰੈਲੀ ਕਰਕੇ ਰੈਲੀਆਂ ਦਾ ਸਿਲਸਿਲਾ ਪੂਰੀ ਤਰ੍ਹਾਂ ਸ਼ੁਰੂ ਕਰ ਦਿੱਤਾ ਹੈ। ਅਸਲ ਵਿੱਚ ਅਕਾਲੀ ਦਲ ਬਾਦਲ ਨੇ ਤਾਂ ਕਾਦੀਆਂ ਰੈਲੀ ਤੋਂ ਹੀ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਕਾਂਗਰਸ ਪਾਰਟੀ ਪੰਜਾਬ 'ਚ ਅਗਾਮੀ ਵਿਧਾਨ ਸਭਾ ਚੋਣਾਂ ਲਈ ਬਰਨਾਲਾ ਰੈਲੀ ਤੋਂ ਚੋਣ ਬਿਗਲ ਵਜਾਏਗੀ, ਜਿਸ 'ਚ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਸ਼ਿਰਕਤ ਕਰਨਗੇ। ਬਰਨਾਲਾ ਦੀ ਦਾਣਾ ਮੰਡੀ 'ਚ 28 ਫਰਵਰੀ ਨੂੰ ਹੋਣ ਵਾਲੀ ਇਸ ਰੈਲੀ ਨਾਲ ਕਾਂਗਰਸ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰੇਗੀ। ਲੋਕ ਸਭਾ ਚੋਣਾਂ ਮਗਰੋਂ ਪੰਜਾਬ ਕਾਂਗਰਸ ਵੱਲੋਂ ਇਹ ਪਹਿਲੀ ਵੱਡੀ ਰੈਲੀ ਕੀਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਨੇ ਮੋਗਾ ਰੈਲੀ ਕਰਨ ਤੋਂ ਮਗਰੋਂ ਹਲਕਿਆਂ ਦੇ ਹਿਸਾਬ ਨਾਲ ਰੈਲੀਆਂ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਨੇ ਵੱਖ-ਵੱਖ ਹਲਕਿਆਂ 'ਚ ਵਿਸਾਖੀ ਤੱਕ ਰੈਲੀਆਂ ਵਿੱਢੀਆਂ ਹੋਈਆਂ ਹਨ। ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਲੰਘੇ ਦਿਨੀਂ ਜਲੰਧਰ ਦੇ ਪ੍ਰਤਾਪਪੁਰਾ ਵਿੱਚ ਵਿਸ਼ੇਸ ਮੀਟਿੰਗ ਕੀਤੀ ਗਈ, ਜਿਸ ਵਿੱਚ ਲੋਕਾਂ ਦਾ ਵੱਡਾ ਇਕੱਠ ਹੋਣ ਕਾਰਨ ਇਹ ਮੀਟਿੰਗ ਰੈਲੀ ਦਾ ਰੂਪ ਧਾਰ ਗਈ। ਦਿਲਚਸਪ ਗੱਲ ਇਹ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਰੈਲੀਆਂ 'ਚ ਪਾਰਟੀ ਵਰਕਰਾਂ ਅਤੇ ਆਮ ਲੋਕਾਂ ਦਾ ਭਾਰੀ ਇਕੱਠ ਹੋ ਜਾਂਦਾ ਹੈ, ਜਿਸ ਕਾਰਨ ਸਾਰੇ ਸਿਆਸੀ ਆਗੂ ਕਾਫ਼ੀ ਉਤਸ਼ਾਹਿਤ ਹੋ ਰਹੇ ਹਨ ਪਰ ਲੋਕਾਂ ਦਾ ਇਹ ਇਕੱਠ ਵੋਟਾਂ 'ਚ ਕਿੰਨਾ ਕੁ ਬਦਲੇਗਾ, ਇਹ ਤਾਂ ਚੋਣਾਂ ਤੋਂ ਬਾਅਦ ਪਤਾ ਲੱਗੇਗਾ।

**ਅਸਲੀਅਤ ਤਾਂ ਇਹ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਸਿਆਸੀ ਖ਼ਲਾਅ ਵਾਲਾ ਮਾਹੌਲ ਬਣਿਆ ਹੋਇਆ ਹੈ ਅਤੇ ਪੰਜਾਬ ਦੇ ਲੋਕ ਕਿਸੇ ਵੀ ਸਿਆਸੀ ਪਾਰਟੀ ਨੂੰ ਹੁੰਗਾਰਾ ਭਰਨ ਦੀ ਥਾਂ ਚੁੱਪ ਹਨ ਪਰ ਉਹਨਾਂ ਦੀ ਚੁੱਪੀ ਅੰਦਰ ਗਹਿਰੇ 'ਭੇਦ' ਛੁਪੇ ਹੋਏ ਹਨ। ਆਉਣ ਵਾਲੇ ਦਿਨਾਂ ਦੌਰਾਨ ਜਿਥੇ ਸਿਆਸੀ ਪਾਰਟੀਆਂ ਦੀਆਂ ਰੈਲੀਆਂ ਦੀ ਗਿਣਤੀ ਵਿੱਚ ਵਾਧਾ ਹੋ ਜਾਣਾ ਹੈ, ਉਥੇ ਸਿਆਸੀ ਆਗੂਆਂ ਨੇ ਚੋਣ ਵਾਅਦਿਆਂ ਦੀ ਵੀ ਝੜੀ ਲਗਾ ਦੇਣੀ ਹੈ ਪਰ ਪੰਜਾਬੀ ਤਾਂ ਹੁਣ ਸਿਆਸੀ ਤੌਰ 'ਤੇ ਬਹੁਤ ਸੁਚੇਤ ਹੋ ਚੁੱਕੇ ਹਨ ਅਤੇ ਉਹ ਬਹੁਤ ਸੋਚ ਸਮਝ ਕੇ ਹੀ ਆਪਣੀ ਵੋਟ ਦੀ ਵਰਤੋਂ ਕਰਨਗੇ।**



ਅਗਲੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀਆਂ ਤਾਂ ਭਾਵੇਂ ਸਾਰੀਆਂ ਸਿਆਸੀ ਪਾਰਟੀਆਂ ਕਰ ਰਹੀਆਂ ਹਨ ਪਰ ਇਹਨਾਂ ਚੋਣਾਂ ਲਈ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਵਿਆਹ ਵਰਗਾ ਚਾਅ ਚੜ੍ਹਿਆ ਹੋਇਆ ਹੈ। ਅਕਾਲੀ ਦਲ ਬਾਦਲ ਦੇ ਆਗੂਆਂ ਨੂੰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਇਹ ਚੋਣਾਂ ਸਮੇਂ ਤੋਂ ਪਹਿਲਾਂ ਹੀ ਹੋ ਜਾਣ। ਇਸੇ ਕਾਰਨ ਅਕਾਲੀ ਦਲ ਪੂਰੀ ਸ਼ਕਤੀ ਨਾਲ ਹੁਣੇ ਤੋਂ ਚੋਣ ਮੈਦਾਨ ਵਿੱਚ ਆ ਗਿਆ ਹੈ। ਅਕਾਲੀ ਦਲ ਬਾਦਲ ਵੱਲੋਂ ਭਾਵੇਂ ਪੰਜਾਬ ਬਚਾਓ ਤੇ ਸੁਖਬੀਰ ਬਾਦਲ ਲਿਆਓ ਦੇ ਬੈਨਰ ਹੇਠ ਸਿਆਸੀ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਪਰ ਆਮ ਆਦਮੀ ਪਾਰਟੀ ਦੇ ਆਗੂ ਦੋਸ਼ ਲਗਾ ਰਹੇ ਹਨ ਕਿ ਅਕਾਲੀ ਦਲ ਬਾਦਲ ਵੱਲੋਂ ਇਹ ਰੈਲੀਆਂ ਬਾਦਲ ਪਰਿਵਾਰ ਦੇ ਹਿੱਤ ਬਚਾਓ ਲਈ ਕੀਤੀਆਂ ਜਾ ਰਹੀਆਂ ਹਨ। ਦਿਨੋਂ ਦਿਨ ਅਕਾਲੀ ਆਗੂਆਂ ਅਤੇ 'ਆਪ' ਆਗੂਆਂ ਵਿਚਾਲੇ ਸ਼ਬਦੀ ਜੰਗ ਤੇਜ਼ ਹੋ ਰਹੀ ਹੈ। ਸੁਖਬੀਰ ਬਾਦਲ ਅਤੇ ਹੋਰ ਅਕਾਲੀ ਆਗੂ ਆਪਣਾ ਸਾਰਾ ਜ਼ੋਰ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਨਿਖੇਧੀ ਕਰਨ 'ਤੇ ਲਗਾ ਦਿੰਦੇ ਹਨ ਅਤੇ ਉਹ ਕਾਂਗਰਸ ਬਾਰੇ ਕੁਝ ਵੀ ਬੋਲਣ ਤੋਂ ਗੁਰੇਜ਼ ਕਰਦੇ ਹਨ ਜਦੋਂ ਕਿ ਪਿਛਲੇ ਸਮੇਂ ਦੌਰਾਨ ਅਕਾਲੀ ਆਗੂ ਕਾਂਗਰਸ ਨੂੰ 'ਸਿੱਖਾਂ ਦੀ ਦੁਸ਼ਮਣ ਜਮਾਤ' ਕਹਿ ਕੇ ਭੰਡਦੇ ਹੁੰਦੇ ਸਨ। ਦੂਜੇ ਪਾਸੇ ਕਾਂਗਰਸੀ ਆਗੂਆਂ ਵੱਲੋਂ ਵੀ ਅਕਾਲੀ ਦਲ ਪ੍ਰਤੀ 'ਨਰਮ ਸੁਰ' ਰੱਖੀ ਜਾ ਰਹੀ ਹੈ ਅਤੇ ਹਰ ਪਾਸਿਓਂ 'ਆਪ' ਸਰਕਾਰ ਨੂੰ ਘੇਰਨ ਦਾ ਯਤਨ ਕੀਤਾ ਜਾ ਰਿਹਾ ਹੈ ਪਰ ਕਾਂਗਰਸ ਨੂੰ ਉਸ ਦੀ ਅੰਦਰੂਨੀ ਫੁੱਟ ਕਾਰਨ ਨੁਕਸਾਨ ਉਠਾਉਣਾ ਪੈ ਰਿਹਾ ਹੈ। ਭਾਵੇਂ ਕਿ ਕਾਂਗਰਸ ਹਾਈਕਮਾਂਡ ਨੇ ਕਾਂਗਰਸ ਦੀ ਅੰਦਰੂਨੀ ਫੁੱਟ ਦੂਰ ਕਰਨ ਲਈ 'ਡਿਨਰ ਡਿਪਲੋਮੇਸੀ' ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਘਰ ਡਿਨਰ 'ਤੇ ਕਾਂਗਰਸ ਦੇ ਅਹਿਮ ਲੀਡਰਾਂ ਦੀ ਮੀਟਿੰਗ ਹੋਈ। ਇਸ ਮੌਕੇ ਸਾਰੇ ਕਾਂਗਰਸੀ ਆਗੂਆਂ ਨੇ ਇੱਕ ਦੂਜੇ ਦੀ ਇੱਜ਼ਤ ਕਰਕੇ ਏਕਤਾ ਦਾ ਸਬੂਤ ਦਿੱਤਾ ਪਰ ਪਰਗਟ ਸਿੰਘ ਵਰਗੇ ਸੀਨੀਅਰ ਲੀਡਰਾਂ ਦੇ ਇਸ ਮੀਟਿੰਗ ਵਿੱਚ ਸ਼ਾਮਲ ਨਾ ਹੋਣ ਕਾਰਨ ਕਈ ਸਵਾਲ ਵੀ ਖੜੇ ਹੋ ਗਏ। ਇਸੇ ਦੌਰਾਨ ਪੰਜਾਬ ਭਾਜਪਾ ਵੱਲੋਂ ਵੀ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਭਾਜਪਾ ਨੂੰ ਭਾਰਤ ਵਿੱਚ ਸਭ ਤੋਂ ਵੱਧ ਅਨੁਸ਼ਾਸਨ ਵਾਲੀ ਪਾਰਟੀ ਕਿਹਾ ਜਾਂਦਾ ਹੈ। ਇਸੇ ਕਾਰਨ ਇਸ ਦੇ ਆਗੂ ਬਹੁਤ ਸੰਭਲ ਸੰਭਲ ਕੇ ਬੋਲਦੇ ਹਨ ਤਾਂ ਕਿ ਕੋਈ ਵਿਵਾਦ ਪੈਦਾ ਨਾ ਹੋਵੇ।

ਜੇ ਪੰਜਾਬ ਦੇ ਸਿਆਸੀ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਹਰ ਵਾਰ ਦੀਆਂ ਵਿਧਾਨ ਸਭਾ ਚੋਣਾਂ ਤੋਂ ਕਰੀਬ ਇੱਕ ਜਾਂ ਡੇਢ ਸਾਲ ਪਹਿਲਾਂ ਹੀ ਚੋਣ ਮਾਹੌਲ ਬਣਨਾ ਆਰੰਭ ਹੋ ਜਾਂਦਾ ਹੈ, ਜਿਵੇਂ ਕਿ ਇਸ ਵਾਰ ਹੋ ਗਿਆ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਇੱਕ ਸਾਲ ਪਹਿਲਾਂ ਸਾਲ 2021 ਵਿੱਚ ਹੀ ਚੋਣ ਮਾਹੌਲ ਬਣ ਗਿਆ ਸੀ ਅਤੇ ਉਸ ਸਮੇਂ ਲੋਕਾਂ ਦੇ ਸਿਆਸੀ ਰੁੱਖ ਤੋਂ ਇਹ ਸਪਸ਼ਟ ਹੋ ਗਿਆ ਸੀ ਕਿ ਪੰਜਾਬ ਵਿੱਚ ਅਗਲੀ ਸਰਕਾਰ ਆਮ ਆਦਮੀ ਪਾਰਟੀ ਦੀ ਬਣੇਗੀ ਅਤੇ ਚੋਣਾਂ ਤੋਂ ਬਾਅਦ ਇਹ ਗੱਲ ਸੱਚ ਸਾਬਤ ਵੀ ਹੋ ਗਈ ਸੀ। (ਬਾਕੀ ਸਫ਼ਾ 26 'ਤੇ)

### ਸੁਖਬੀਰ ਵੱਲੋਂ ਛੜਿਆਂ ਨੂੰ ਪੈਨਸ਼ਨ ਲਗਾਉਣ ਦਾ ਵਾਅਦਾ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜ਼ਿਲ੍ਹਾ ਸੰਗਰੂਰ ਦੇ ਪਿੰਡ ਘਰਾਚੋਂ ਵਿਖੇ ਇੱਕ ਪ੍ਰੋਗਰਾਮ 'ਚ ਸ਼ਮੂਲੀਅਤ ਲਈ ਪਹੁੰਚੇ ਸਨ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਉੱਥੇ ਬੈਠੇ-ਬੈਠੇ ਉਨ੍ਹਾਂ ਕੋਲ ਇੱਕ ਮੰਗ ਆਈ ਹੈ ਕਿ ਹਰ ਪਿੰਡ ਵਿੱਚ 15-20 ਛੜੇ ਹੁੰਦੇ ਹਨ, ਉਨ੍ਹਾਂ ਬਾਰੇ ਵੀ ਕੁਝ ਸੋਚਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਆਖਿਆ ਗਿਆ ਕਿ ਕਈ ਛੜਿਆਂ ਨੂੰ ਰੋਟੀ ਪੁੱਛਣ ਵਾਲਾ ਵੀ ਨਹੀਂ ਹੈ, ਉਨ੍ਹਾਂ ਦੀ ਪੈਨਸ਼ਨ ਲਗਾਈ ਜਾਣੀ ਚਾਹੀਦੀ ਹੈ। ਸੁਖਬੀਰ ਨੇ ਕਿਹਾ ਕਿ ਉਹ ਇਸ ਮਸਲੇ 'ਤੇ ਵਿਚਾਰ ਕਰਨਗੇ।



# ਕੈਨੇਡਾ ਇਮੀਗ੍ਰੇਸ਼ਨ ਪ੍ਰਣਾਲੀ ’ਚ ਹੋਈਆਂ ਨਵੀਆਂ ਤਬਦੀਲੀਆਂ

## ਐਕਸਪ੍ਰੈੱਸ ਐਂਟਰੀ ਵਿੱਚ ਨਵੀਆਂ ਕੈਟੇਗਰੀਆਂ ਦਾ ਐਲਾਨ, ਪਰ ਡਰਾਈਵਰਾਂ ਤੇ ਸੈੱਫ ਵਰਗ ਨੂੰ ਲੱਗਿਆ ਝਟਕਾ

**➢ ਕੈਨੇਡਾ ਨੇ ਫ਼ੌਜੀਆਂ ਅਤੇ ਸੀਨੀਅਰ ਮੈਨੇਜਰਾਂ ਲਈ ਖੋਲ੍ਹੇ ਪੀ.ਆਰ. ਦੇ ਦਰਵਾਜੇ ➢ਐਕਸਪ੍ਰੈੱਸ ਐਂਟਰੀ ਵਿੱਚ ਹੁਣ 6 ਮਹੀਨੇ ਨਹੀਂ, 1 ਸਾਲ ਦਾ ਤਜਰਬਾ ਜ਼ਰੂਰੀ**

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਨੇ ਪਿਛਲੇ ਦਿਨੀਂ ਆਪਣੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਕਈ ਵੱਡੇ ਬਦਲਾਅ ਕੀਤੇ ਹਨ। ਇਨ੍ਹਾਂ ਬਦਲਾਵਾਂ ਵਿੱਚ ਐਕਸਪ੍ਰੈੱਸ ਐਂਟਰੀ ਸਿਸਟਮ ਵਿੱਚ ਨਵੀਆਂ ਕੈਟੇਗਰੀਆਂ ਸ਼ਾਮਿਲ ਕਰਨਾ, ਵਿਦੇਸ਼ੀ ਫ਼ੌਜੀ ਮਾਹਿਰਾਂ ਲਈ ਖਾਸ ਰਸਤਾ ਖੋਲ੍ਹਣਾ, ਭਾਰਤੀ ਨਾਗਰਿਕਾਂ ਦੀ ਵੱਡੀ ਗਿਣਤੀ ਵਿੱਚ ਡਿਪੋਰਟੇਸ਼ਨ ਅਤੇ ਵੀਜ਼ਾ ਪ੍ਰੋਸੈਸਿੰਗ ਵਿੱਚ ਤੇਜ਼ੀ ਆਉਣ ਵਰਗੇ ਮੁੱਦੇ ਸ਼ਾਮਿਲ ਹਨ। ਇਹ ਬਦਲਾਅ ਨਾ ਸਿਰਫ਼ ਕੈਨੇਡਾ ਦੀ ਆਰਥਿਕ ਅਤੇ ਰੱਖਿਆ ਲੋੜਾਂ ਨੂੰ ਪੂਰਾ ਕਰਨ ਲਈ ਹਨ, ਸਗੋਂ ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਵੀ ਸਖ਼ਤ ਕਦਮ ਉਠਾਏ ਜਾ ਰਹੇ ਹਨ। ਖਾਸ ਕਰਕੇ ਪੰਜਾਬੀ ਭਾਈਚਾਰੇ ਲਈ ਇਹ ਖ਼ਬਰਾਂ ਮਹੱਤਵਪੂਰਨ ਹਨ, ਕਿਉਂਕਿ ਭਾਰਤੀਆਂ ਵਿੱਚ ਪੰਜਾਬੀਆਂ ਦੀ ਗਿਣਤੀ ਵੱਡੀ ਹੈ, ਜੋ ਕੈਨੇਡਾ ਵਿੱਚ ਵਸਣ ਦੇ ਚਾਹਵਾਨ ਹਨ।

ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਨੇ ਬੀਤੇ ਦਿਨੀਂ ਟੋਰਾਂਟੋ ਵਿੱਚ ਇੱਕ ਪ੍ਰੈੱਸ ਕਾਨਫ਼ਰੰਸ ਵਿੱਚ ਐਲਾਨ ਕੀਤਾ ਕਿ ਐਕਸਪ੍ਰੈੱਸ ਐਂਟਰੀ ਸਿਸਟਮ ਵਿੱਚ ਕੈਨੇਡੀਅਨ ਐਕਸਪੀਰੀਐਂਸ ਕਲਾਸ ਰਾਹੀਂ ਪੱਕੀ ਇਮੀਗ੍ਰੇਸ਼ਨ ਲਈ ਤਿੰਨ ਨਵੀਆਂ ਕੈਟੇਗਰੀਆਂ ਸ਼ਾਮਿਲ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਹੁਣ ਐਕਸਪ੍ਰੈੱਸ ਐਂਟਰੀ ਵਿੱਚ ਪ੍ਰੋਫ਼ਾਈਲ ਬਣਾਉਣ ਵਾਸਤੇ ਕੁੱਲ ਦਸ ਕੈਟੇਗਰੀਆਂ ਹੋ ਗਈਆਂ ਹਨ। ਇਨ੍ਹਾਂ ਨਵੀਆਂ ਕੈਟੇਗਰੀਆਂ ਵਿੱਚ ਸੀਨੀਅਰ ਮੈਨੇਜਰ ਪੱਧਰ ਦੇ ਕੰਮ ਦਾ ਤਜਰਬਾ ਰੱਖਣ ਵਾਲੇ ਯੋਗ ਵਿਦੇਸ਼ੀ ਨਾਗਰਿਕਾਂ ਨੂੰ ਪਹਿਲ ਦੇ ਆਧਾਰ ’ਤੇ ਪੱਕੇ ਹੋਣ ਦਾ ਮੌਕਾ ਮਿਲੇਗਾ। ਇਸ ਵਿੱਚ ਸਿਹਤ, ਸਿੱਖਿਆ, ਯੂਨੀਵਰਸਿਟੀ ਪ੍ਰੋਫ਼ੈਸਰ, ਲੈਕਚਰਾਰ,




ਪਾਇਲਟ, ਜਹਾਜ਼ਾਂ ਦੇ ਮਕੈਨਿਕ, ਵਿੱਤੀ ਸੇਵਾਵਾਂ, ਖੋਜ, ਸੰਚਾਰ, ਪ੍ਰਸਾਰਨ, ਵਪਾਰ, ਮਕਾਨ ਉਸਾਰੀ, ਆਵਾਜਾਈ, ਟਰੱਕ ਤੇ ਬੱਸ ਦੇ ਮਕੈਨਿਕ, ਡਾਕਟਰ, ਉਤਪਾਦਨ ਅਤੇ ਜਨਤਕ ਸਹੂਲਤਾਂ (ਬਿਜਲੀ, ਪਾਣੀ ਖੇਤਰ) ਵਰਗੇ ਕਿੱਤੇ ਸ਼ਾਮਿਲ ਹਨ। ਇਨ੍ਹਾਂ ਕਿੱਤਿਆਂ ਵਿੱਚ ਅਪਲਾਈ ਕਰਨ ਲਈ ਅਰਜ਼ੀਕਰਤਾ ਨੂੰ ਪ੍ਰੋਫ਼ਾਈਲ ਬਣਾਉਣ ਦੀ ਤਰੀਕ ਤੋਂ ਪਹਿਲਾਂ ਤਿੰਨ ਸਾਲ ਪਿੱਛੇ ਤੱਕ ਕੈਨੇਡਾ ਵਿੱਚ ਘੱਟੋ-ਘੱਟ ਇੱਕ ਸਾਲ ਦਾ ਕੰਮ ਦਾ ਤਜਰਬਾ ਹੋਣਾ ਜ਼ਰੂਰੀ ਹੈ। ਵਰਨਣਯੋਗ ਹੈ ਕਿ ਪਹਿਲਾਂ ਇਹ ਤਜਰਬਾ ਸਿਰਫ਼ ਛੇ ਮਹੀਨੇ ਦਾ ਸੀ, ਜਿਸ ਨੂੰ ਵਧਾ ਕੇ ਇੱਕ ਸਾਲ ਕੀਤਾ ਗਿਆ ਹੈ। ਇਸ ਬਦਲਾਅ ਨਾਲ ਕੈਨੇਡਾ ਵਿੱਚ ਵਰਕ ਪਰਮਿਟ ’ਤੇ ਕੰਮ ਕਰ ਰਹੇ ਵਿਦੇਸ਼ੀ ਨੌਜਵਾਨਾਂ ਨੂੰ ਪੱਕੀ ਰੈਜ਼ੀਡੈਂਸੀ (ਪੀ.ਆਰ.) ਪ੍ਰਾਪਤ ਕਰਨ ਵਿੱਚ ਆਸਾਨੀ ਹੋਵੇਗੀ, ਖਾਸ ਕਰਕੇ ਉਨ੍ਹਾਂ ਨੂੰ ਜਿਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਵਾਲੀ ਹੈ।

ਇਸ ਤੋਂ ਇਲਾਵਾ, ਕੈਨੇਡਾ ਨੇ ਆਪਣੇ ਰੱਖਿਆ ਪ੍ਰਬੰਧਾਂ ਵਿੱਚ ਮਾਹਿਰਾਂ ਦੀ ਲੋੜ ਨੂੰ ਵੇਖਦੇ ਹੋਏ ਵਿਦੇਸ਼ੀ ਫ਼ੌਜੀਆਂ ਲਈ ਇੱਕ ਨਵਾਂ ਰਸਤਾ ਖੋਲ੍ਹਿਆ ਹੈ। ਇਸ ਅਨੁਸਾਰ, ਕੈਨੇਡਾ ਦੀ ਫ਼ੌਜ ਵਿੱਚ ਕੰਮ ਦਾ ਤਜਰਬਾ ਹਾਸਿਲ ਕਰਨ ਵਾਲੇ ਸਕਿੱਲਡ ਫ਼ੌਜੀਆਂ ਨੂੰ ਐਕਸਪ੍ਰੈੱਸ ਐਂਟਰੀ ਰਾਹੀਂ ਪੱਕੀ ਇਮੀਗ੍ਰੇਸ਼ਨ ਦਾ ਮੌਕਾ ਮਿਲੇਗਾ। ਇਸ ਵਿੱਚ ਨੈਸ਼ਨਲ ਆਕੂਪੇਸ਼ਨਲ ਕਲਾਸੀਫ਼ਿਕੇਸ਼ਨ (ਐਨਓਸੀ) ਦੇ ਕੋਡ 40142, 42102 ਅਤੇ 43204 ਸ਼ਾਮਿਲ ਹਨ। ਅਪਲਾਈ ਕਰਨ ਲਈ ਅਰਜ਼ੀਕਰਤਾ ਕੋਲ ਕੈਨੇਡਾ ਵਿੱਚ ਇੱਕ ਸਾਲ ਦੇ ਤਜਰਬੇ ਤੋਂ ਇਲਾਵਾ, ਆਪਣੇ ਦੇਸ਼ ਦੀ ਫ਼ੌਜ ਵਿੱਚ ਦਸ ਸਾਲਾਂ ਦਾ ਤਜਰਬਾ, ਕੈਨੇਡੀਅਨ ਫ਼ੌਜ ਤੋਂ ਤਿੰਨ ਸਾਲਾਂ ਦੀ ਫ਼ੁੱਲ ਟਾਈਮ ਜੌਬ ਆਫ਼ਰ ਅਤੇ ਕਾਲਜ ਜਾਂ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਵੀ ਜ਼ਰੂਰੀ ਹੈ। ਮੰਤਰੀ ਡਿਆਬ ਨੇ ਕਿਹਾ ਕਿ ਇਹ ਬਦਲਾਅ ਕੈਨੇਡਾ ਦੀ ਰੋਜ਼ਗਾਰ ਮਾਰਕਿਟ ਦੀਆਂ ਲੋੜਾਂ ਅਨੁਸਾਰ ਕੀਤੇ ਗਏ ਹਨ ਅਤੇ ਐਕਸਪ੍ਰੈੱਸ ਐਂਟਰੀ ਦੇ ਡਰਾਅ ਜਾਰੀ ਰਹਿਣਗੇ। **(ਬਾਕੀ ਸਫ਼ਾ 26 ’ਤੇ)**

## ਕੈਨੇਡਾ ’ਚ ਵੀਜ਼ਾ ਪ੍ਰੋਸੈਸਿੰਗ ਵਿੱਚ ਤੇਜ਼ੀ

ਕੈਨੇਡਾ ਵਿੱਚ ਵੀਜ਼ਾ ਪ੍ਰੋਸੈਸਿੰਗ ਵਿੱਚ ਤੇਜ਼ੀ ਆਈ ਹੈ। ਇਮੀਗ੍ਰੇਸ਼ਨ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤੀਆਂ ਲਈ ਵਿਜ਼ਟਰ ਵੀਜ਼ਾ ਹੁਣ 78 ਦਿਨਾਂ ਵਿੱਚ ਜਾਰੀ ਹੋ ਰਿਹਾ ਹੈ, ਜਦਕਿ ਪਾਕਿਸਤਾਨੀਆਂ ਲਈ 58 ਦਿਨ ਲੱਗ ਰਹੇ ਹਨ।




ਦਸੰਬਰ ਵਿੱਚ ਇਹ ਸਮਾਂ 90 ਦਿਨਾਂ ਤੋਂ ਵੱਧ ਸੀ। ਕੈਨੇਡਾ ਵਿੱਚ ਮੌਜੂਦ ਵਿਅਕਤੀਆਂ ਲਈ ਵਿਜ਼ਟਰ ਵੀਜ਼ਾ 21 ਦਿਨਾਂ ਵਿੱਚ ਪ੍ਰੋਸੈੱਸ ਹੋ ਰਿਹਾ ਹੈ। ਸਟੱਡੀ ਵੀਜ਼ਾ ਭਾਰਤੀ ਵਿਦਿਆਰਥੀਆਂ ਲਈ ਚਾਰ ਹਫ਼ਤਿਆਂ ਵਿੱਚ ਅਤੇ ਵਰਕ ਪਰਮਿਟ ਅੱਠ ਹਫ਼ਤਿਆਂ ਵਿੱਚ ਪ੍ਰੋਸੈੱਸ ਹੋ ਰਿਹਾ ਹੈ। ਪਾਕਿਸਤਾਨੀਆਂ ਲਈ ਇਹ ਸਮਾਂ ਕ੍ਰਮਵਾਰ ਸੱਤ ਅਤੇ 30 ਹਫ਼ਤੇ ਹੈ। ਹਾਲਾਂ ਕਿ ਸੁਪਰ ਵੀਜ਼ਾ ਲਈ ਭਾਰਤੀਆਂ ਨੂੰ 213 ਦਿਨਾਂ ਦੀ ਉਡੀਕ ਕਰਨੀ ਪੈ ਰਹੀ ਹੈ। ਪੀਆਰ ਅਤੇ ਨਾਗਰਿਕਤਾ ਵਿੱਚ ਵੀ ਦੇਰੀ ਹੈ। ਸੀਈਸੀ ਅਧੀਨ ਅਰਜ਼ੀਆਂ 34,200 ਹਨ, ਨਾਗਰਿਕਤਾ ਲਈ 14 ਮਹੀਨੇ ਅਤੇ ਫ਼ੈਮਿਲੀ ਸਪੌਂਸਰਸ਼ਿਪ ਲਈ 15 ਮਹੀਨੇ ਲੱਗ ਰਹੇ ਹਨ। ਪਾਸਪੋਰਟ ਸੇਵਾਵਾਂ ਵਿੱਚ ਤੇਜ਼ੀ ਹੈ, ਨਵਾਂ ਪਾਸਪੋਰਟ 10-20 ਦਿਨਾਂ ਵਿੱਚ ਬਣ ਰਿਹਾ ਹੈ। ਇਨ੍ਹਾਂ ਬਦਲਾਵਾਂ ਨਾਲ ਕੈਨੇਡਾ ਨੇ ਆਪਣੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਵਧੇਰੇ ਤਰਜੀਹੀ ਅਤੇ ਸਖ਼ਤ ਬਣਾਇਆ ਹੈ।

## ਕੈਨੇਡਾ ਨੇ 18,500 ਤੋਂ ਵੱਧ ਲੋਕਾਂ ਨੂੰ ਦੇਸ਼ ’ਚੋਂ ਬਾਹਰ ਕੱਢਿਆ

**ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਅੰਕੜੇ ਜਾਰੀ**

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਨੇ 2025 ਦੇ ਪਹਿਲੇ 10 ਮਹੀਨਿਆਂ ਵਿੱਚ 18,500 ਤੋਂ ਵੱਧ ਲੋਕਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਿਆ ਹੈ। ਇਸ ਵਿੱਚ ਸਭ ਤੋਂ ਵੱਧ 3,972 ਲੋਕ ਮੈਕਸੀਕੋ ਦੇ ਸਨ। ਜਦਕਿ ਦੂਜੇ ਨੰਬਰ ’ਤੇ ਭਾਰਤ ਰਿਹਾ, 2025 ਅਕਤੂਬਰ ਤੱਕ ਕੈਨੇਡਾ ਤੋਂ 2,831 ਭਾਰਤੀ ਨਾਗਰਿਕਾਂ ਨੂੰ ਕੱਢਿਆ ਗਿਆ।

ਦਰਅਸਲ, ਇਹ ਅੰਕੜਾ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਜਾਰੀ ਕੀਤਾ ਗਿਆ ਹੈ। ਕੈਨੇਡਾ ਤੋਂ ਕੱਢੇ ਗਏ ਲੋਕਾਂ ਵਿੱਚੋਂ ਵੱਡੀ ਗਿਣਤੀ ਵਿੱਚ ਅਜਿਹੇ ਲੋਕ ਸਨ ਜਿਨ੍ਹਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਸਨ। ਪਰ ਇਸ ਵਿੱਚ ਦੇਸ਼ ਨਿਕਾਲਾ ਦਿੱਤੇ ਜਾਣ ਦਾ ਸਭ ਤੋਂ ਵੱਡਾ ਕਾਰਨ ਸ਼ਰਨਾਰਥੀ ਬਿਨੈਕਾਰਾਂ ਵੱਲੋਂ ਨਿਯਮਾਂ ਦੀ ਪਾਲਣਾ ਨਾ ਕਰਨਾ ਰਿਹਾ।

**ਕੈਨੇਡਾ ਤਿੰਨ ਤਰੀਕਿਆਂ ਨਾਲ ਲੋਕਾਂ ਨੂੰ ਕਰਦਾ ਹੈ ਬਾਹਰ**

ਇਮੀਗ੍ਰੇਸ਼ਨ ਨਿਯਮਾਂ ਤਹਿਤ, ਕੈਨੇਡਾ ਵਿੱਚ ਤਿੰਨ ਤਰੀਕਿਆਂ ਨਾਲ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ: ਡਿਪਾਰਚਰ ਆਰਡਰ, ਐਕਸਕਲੂਜ਼ਨ ਆਰਡਰ ਅਤੇ ਡਿਪੋਰਟੇਸ਼ਨ ਆਰਡਰ। ਸਾਲ 2025 ਵਿੱਚ, ਕੈਨੇਡਾ ਨੇ ਡਿਪਾਰਚਰ ਆਰਡਰ ਰਾਹੀਂ 3,982 ਲੋਕਾਂ ਨੂੰ, ਐਕਸਕਲੂਜ਼ਨ ਆਰਡਰ ਰਾਹੀਂ 5,821 ਲੋਕਾਂ ਨੂੰ ਅਤੇ ਡਿਪੋਰਟੇਸ਼ਨ ਆਰਡਰ ਰਾਹੀਂ 8,982 ਲੋਕਾਂ ਨੂੰ ਬਾਹਰ ਕੱਢਿਆ।

**ਡਿਪਾਰਚਰ ਆਰਡਰ**

ਡਿਪਾਰਚਰ ਆਰਡਰ ਜਿਸ ਵਿਅਕਤੀ ’ਤੇ ਲਾਗੂ ਹੁੰਦਾ ਹੈ, ਉਸ ਨੂੰ 30 ਦਿਨਾਂ ਦੇ ਅੰਦਰ ਕੈਨੇਡਾ ਛੱਡਣਾ ਪੈਂਦਾ ਹੈ। ਜੇਕਰ ਉਹ ਇਸ ਸਮੇਂ ਦੌਰਾਨ ਦੇਸ਼ ਨਹੀਂ ਛੱਡਦਾ, ਤਾਂ ਇਹ ਹੁਕਮ ਆਪਣੇ ਆਪ ‘ਡਿਪੋਰਟੇਸ਼ਨ ਆਰਡਰ’ ਵਿੱਚ ਬਦਲ ਜਾਂਦਾ ਹੈ।

**ਐਕਸਕਲੂਜ਼ਨ ਆਰਡਰ**

ਐਕਸਕਲੂਜ਼ਨ ਆਰਡਰ ਜਿਸ ਵਿਅਕਤੀ ’ਤੇ ਲਾਗੂ ਹੁੰਦਾ ਹੈ, ਉਸ ਨੂੰ ਇੱਕ ਸਾਲ ਤੱਕ ਕੈਨੇਡਾ ਵਾਪਸ ਆਉਣ ਦੀ ਇਜਾਜ਼ਤ ਨਹੀਂ ਹੁੰਦੀ। ਜੇਕਰ ਮਾਮਲਾ ਗਲਤ ਜਾਣਕਾਰੀ ਦੇਣ ਨਾਲ ਸਬੰਧਤ ਹੋਵੇ, ਤਾਂ ਵਾਪਸੀ ’ਤੇ 5 ਸਾਲ ਤੱਕ ਦੀ ਪਾਬੰਦੀ ਲੱਗ ਸਕਦੀ ਹੈ।

**ਡਿਪੋਰਟੇਸ਼ਨ ਆਰਡਰ**

ਇਹ ਕੈਨੇਡਾ ਦਾ ਸਭ ਤੋਂ ਸਖ਼ਤ ਹੁਕਮ ਹੁੰਦਾ ਹੈ। ਜਿਸ ’ਤੇ ਇਹ ਲਾਗੂ ਹੁੰਦਾ ਹੈ, ਉਸ ਦੇ ਕੈਨੇਡਾ ਵਾਪਸ ਆਉਣ ’ਤੇ ਸਥਾਈ ਤੌਰ ’ਤੇ ਪਾਬੰਦੀ ਲੱਗ ਜਾਂਦੀ ਹੈ।

# ਕੈਨੇਡਾ ’ਚ 61 ਫ਼ੀਸਦੀ ਘਟੀ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ

**ਸਰਕਾਰ ਅਨੁਸਾਰ ਇਸ ਨਾਲ ਬੁਨਿਆਦੀ ਢਾਂਚੇ ’ਤੇ ਦਬਾਅ ਹੋਵੇਗਾ ਘੱਟ | ਕੈਨੇਡੀਅਨ ਸਿੱਖਿਆ ਖੇਤਰ ’ਤੇ ਵਧੇਗਾ ਦਬਾਅ : ਮਾਹਿਰ**

ਵੈਨਕੂਵਰ/ਏ.ਟੀ.ਨਿਊਜ਼ : ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫ਼ੀ ਗਿਰਾਵਟ ਆਈ ਹੈ। ਅਸਥਾਈ ਨਿਵਾਸੀਆਂ (ਵਿਦਿਆਰਥੀਆਂ ਸਮੇਤ) ਦੀ ਗਿਣਤੀ ਘਟਾਉਣ ਅਤੇ ਰਿਹਾਇਸ਼, ਬੁਨਿਆਦੀ ਢਾਂਚੇ ਅਤੇ ਜਨਤਕ ਸੇਵਾਵਾਂ ’ਤੇ ਦਬਾਅ ਘਟਾਉਣ ਲਈ ਸਰਕਾਰ ਦੇ ਉਪਾਅ ਹੁਣ ਸਪੱਸ਼ਟ ਨਤੀਜੇ ਦਿਖਾ ਰਹੇ ਹਨ।

ਹਾਲੀਆ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਜਾਰੀ ਕੀਤੇ ਗਏ ਨਵੇਂ ਸਟੱਡੀ ਪਰਮਿਟਾਂ ਦੀ ਗਿਣਤੀ ਵਿੱਚ ਲਗਭਗ 61% ਦੀ ਗਿਰਾਵਟ ਆਈ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੇ ਤਾਜ਼ਾ ਅੰਕੜਿਆਂ ਅਨੁਸਾਰ, ਜਦੋਂ ਕਿ 2024 ਵਿੱਚ 293,060 ਨਵੇਂ ਅੰਤਰਰਾਸ਼ਟਰੀ ਵਿਦਿਆਰਥੀ ਆਏ ਸਨ, ਇਹ ਗਿਣਤੀ 2025 ਵਿੱਚ ਘਟ ਕੇ 115,470 ਹੋਣ ਦਾ ਅਨੁਮਾਨ ਹੈ।

ਦਸੰਬਰ 2024 ਵਿੱਚ, 29,835 ਨਵੇਂ ਵਿਦਿਆਰਥੀ ਆਏ, ਜਦੋਂ ਕਿ ਦਸੰਬਰ 2025 ਵਿੱਚ ਇਹ ਗਿਣਤੀ ਘੱਟ ਕੇ ਸਿਰਫ਼ 9665 ਰਹਿ ਗਈ। ਆਈ.ਆਰ.ਸੀ.ਸੀ. ਦਾ ਕਹਿਣਾ ਹੈ ਕਿ ਅਗਸਤ ਅਤੇ ਦਸੰਬਰ ਵਿੱਚ ਆਮ ਤੌਰ ’ਤੇ ਵਧੇਰੇ ਅਧਿਐਨ ਪਰਮਿਟ ਜਾਰੀ ਕੀਤੇ ਜਾਂਦੇ ਹਨ, ਕਿਉਂਕਿ ਇਨ੍ਹਾਂ ਮਹੀਨਿਆਂ ਵਿੱਚ ਪਤਝੜ ਅਤੇ ਸਰਦੀਆਂ ਦੇ ਸਮੈਸਟਰ ਸ਼ੁਰੂ ਹੁੰਦੇ ਹਨ।

ਮਾਸਿਕ ਅੰਕੜਿਆਂ ਵਿੱਚ ਵੀ ਗਿਰਾਵਟ ਦੇਖੀ ਗਈ ਹੈ। ਉਦਾਹਰਣ ਵਜੋਂ, ਅਪ੍ਰੈਲ 2024 ਵਿੱਚ, 45,790 ਨਵੇਂ ਪਰਮਿਟ ਜਾਰੀ ਕੀਤੇ ਗਏ ਸਨ, ਜੋ ਅਪ੍ਰੈਲ 2025 ਵਿੱਚ ਘਟ ਕੇ 8,525 ਰਹਿ ਗਏ। ਅਗਸਤ 2024 ਵਿੱਚ, 79,740 ਪਰਮਿਟ ਜਾਰੀ ਕੀਤੇ ਗਏ ਸਨ, ਜਦੋਂ ਕਿ ਅਗਸਤ 2025 ਵਿੱਚ, ਇਹ ਗਿਣਤੀ ਘੱਟ ਕੇ 45,035 ਰਹਿ ਗਈ।

ਕੈਨੇਡੀਅਨ ਸਰਕਾਰ ਨੇ 2024 ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ’ਤੇ ਸਾਲਾਨਾ ਸੀਮਾ ਨਿਰਧਾਰਤ ਕੀਤੀ। ਇਸ ਤੋਂ ਬਾਅਦ, 2025 ਅਤੇ 2026 ਲਈ ਟੀਚੇ ਵੀ ਘਟਾ ਦਿੱਤੇ ਗਏ। ਪਿਛਲੇ ਸਾਲ ਐਲਾਨੀ ਗਈ 2025-2027 ਯੋਜਨਾ ਨੇ 2026 ਲਈ 305,000 ਵਿਦਿਆਰਥੀਆਂ ਦਾ ਟੀਚਾ ਰੱਖਿਆ ਸੀ। 2026-2028 ਦੀ ਨਵੀਂ ਇਮੀਗ੍ਰੇਸ਼ਨ ਯੋਜਨਾ ਹੁਣ ਇਸਨੂੰ ਘਟਾ ਕੇ 155,000 ਕਰ ਦਿੰਦੀ ਹੈ, ਅਗਲੇ ਦੋ ਸਾਲਾਂ ਵਿੱਚ ਹੋਰ ਕਟੌਤੀਆਂ ਦੀ ਉਮੀਦ ਹੈ।



ਰੈਗੂਲੇਟਡ ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ ਮੈਥਿਊ ਮੈਕਡੋਨਲਡ ਨੇ ਕਿਹਾ ਕਿ 2026 ਦੇ ਟੀਚੇ ਵਿੱਚ 50% ਦੀ ਕਟੌਤੀ ਮਹੱਤਵਪੂਰਨ ਹੈ। ਇਸ ਨਾਲ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਘੱਟ ਦਾਖਲੇ ਦੇਣ ਲਈ ਮਜਬੂਰ ਹੋਣਾ ਪਵੇਗਾ, ਜਿਸ ਨਾਲ ਕੈਨੇਡਾ ਦੇ ਸਿੱਖਿਆ ਖੇਤਰ ’ਤੇ ਦਬਾਅ ਵਧੇਗਾ। ਸਰਕਾਰ ਦਾ ਕਹਿਣਾ ਹੈ ਕਿ ਉਹ ਇਮੀਗ੍ਰੇਸ਼ਨ ਨੂੰ ‘ਟਿਕਾਊ ਪੱਧਰ’ ’ਤੇ ਲਿਆਉਣਾ ਚਾਹੁੰਦੀ ਹੈ ਅਤੇ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਕੁੱਲ ਆਬਾਦੀ ਦੇ 5% ਤੋਂ ਘੱਟ ਰੱਖਣਾ ਚਾਹੁੰਦੀ ਹੈ।

ਆਈ.ਆਰ.ਸੀ.ਸੀ. ਨੇ ਆਪਣੇ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਨੂੰ ਵੀ ਸਖ਼ਤ ਕਰ ਦਿੱਤਾ ਹੈ। ਦਾਖਲਾ ਪੱਤਰ ਹੁਣ ਲਾਜ਼ਮੀ ਤਸਦੀਕ ਦੇ ਅਧੀਨ ਹਨ। ਵਿਦਿਆਰਥੀਆਂ ਲਈ ਵਿੱਤੀ ਸਬੂਤ ਦੀ ਲੋੜ 314 10,000 ਤੋਂ ਵਧਾ ਕੇ 314 20,635 ਕਰ ਦਿੱਤੀ ਗਈ ਹੈ। ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀਆਂ ਜ਼ਰੂਰਤਾਂ ਨੂੰ ਵੀ ਸਖ਼ਤ ਕਰ ਦਿੱਤਾ ਗਿਆ ਹੈ।

ਅੰਕੜਿਆਂ ਅਨੁਸਾਰ, 2023 ਵਿੱਚ ਭਾਰਤ ਤੋਂ 325,000 ਸਟੱਡੀ ਪਰਮਿਟ ਜਾਰੀ ਕੀਤੇ ਗਏ ਸਨ, ਜਿਸ ਨਾਲ ਭਾਰਤ ਸਭ ਤੋਂ ਵੱਡਾ ਸਰੋਤ ਦੇਸ਼ ਬਣ ਗਿਆ। ਨਵੀਂ ਨੀਤੀ ਨੇ ਭਾਰਤੀ ਵਿਦਿਆਰਥੀਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਸਿਰਫ਼ ਵਿਦਿਆਰਥੀ ਹੀ ਨਹੀਂ, ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਵਿੱਚ ਵੀ ਗਿਰਾਵਟ ਆਈ ਹੈ। 2024 ਵਿੱਚ ਲਗਭਗ 400,000 ਨਵੇਂ ਕਾਮੇ ਆਏ, ਜੋ ਕਿ 2025 ਵਿੱਚ ਘੱਟ ਕੇ 209,000 ਰਹਿ ਗਏ।

ਸਰਕਾਰ ਦਾ ਕਹਿਣਾ ਹੈ ਕਿ ਉਹ ਕੈਨੇਡਾ ਵਿੱਚ ਪਹਿਲਾਂ ਤੋਂ ਰਹਿ ਰਹੇ ਅਤੇ ਕੰਮ ਕਰ ਰਹੇ ਲੋਕਾਂ ਨੂੰ ਸਥਾਈ ਨਿਵਾਸੀ ਬਣਾਉਣ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ। 2025 ਵਿੱਚ 188,000 ਤੋਂ ਵੱਧ ਸਾਬਕਾ ਅਸਥਾਈ ਨਿਵਾਸੀਆਂ ਨੂੰ ਸਥਾਈ ਨਿਵਾਸ ਪ੍ਰਾਪਤ ਹੋਇਆ, ਜੋ ਉਸ ਸਾਲ ਕੁੱਲ ਨਵੇਂ ਪੀ.ਆਰ. ਦਾ ਲਗਭਗ 48% ਸੀ।

ਇਹਨਾਂ ਵਿਅਕਤੀਆਂ ਕੋਲ ਆਮ ਤੌਰ ’ਤੇ ਕੈਨੇਡਾ ਵਿੱਚ ਸਿੱਖਿਆ ਅਤੇ ਕੰਮ ਦਾ ਤਜਰਬਾ ਹੁੰਦਾ ਹੈ ਅਤੇ ਉਹ ਐਕਸਪ੍ਰੈਸ ਐਂਟਰੀ ਅਤੇ ਪ੍ਰੋਵਿੰਸ਼ੀਅਲ ਨਾਮਜ਼ਦਗੀ ਵਰਗੇ ਆਰਥਿਕ ਪ੍ਰੋਗਰਾਮਾਂ ਰਾਹੀਂ ਪੀਆਰ ਲਈ ਅਰਜ਼ੀ ਦਿੰਦੇ ਹਨ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਬੁਨਿਆਦੀ ਢਾਂਚੇ ’ਤੇ ਦਬਾਅ ਘੱਟ ਹੋਵੇਗਾ ਅਤੇ ਦੇਸ਼ ਨੂੰ ਇੱਕ ਸਥਿਰ ਅਤੇ ਹੁਨਰਮੰਦ ਕਾਰਜਬਲ ਮਿਲੇਗਾ।


# ਸਿਆਸੀ ਆਗੂਆਂ ਵੱਲੋਂ ਡੇਰਿਆਂ ਦੀ 'ਪਰਿਕਰਮਾ' ਸ਼ੁਰੂ



- ਪੰਜਾਬ ਦੀ ਸਿਆਸਤ 'ਤੇ ਡੂੰਘਾ ਪ੍ਰਭਾਵ ਪਾਉਂਦੇ ਨੇ ਵੱਖ-ਵੱਖ ਡੇਰੇ
- ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਲੈਣ ਲਈ ਸਿਆਸੀ ਪਾਰਟੀਆਂ 'ਚ ਲੱਗੀ ਦੌੜ
- ਕਈ ਡੇਰਿਆਂ ਨੇ ਬਣਾ ਰੱਖੇ ਨੇ ਆਪਣੇ 'ਸਿਆਸੀ ਵਿੰਗ'











**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪੰਜਾਬ ਦੀ ਸਿਆਸਤ ਦੀ ਗੱਲ ਜਿੱਥੇ ਪੰਥਕ ਸਿਆਸਤ ਤੋਂ ਬਿਨਾਂ ਅਧੂਰੀ ਹੈ, ਉਥੇ ਇਸ ਸਿਆਸਤ 'ਤੇ ਵੱਖ- ਵੱਖ ਡੇਰਿਆਂ ਦਾ ਵੀ ਵੱਡਾ ਪ੍ਰਭਾਵ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਦਿਖਾਈ ਦਿੰਦਾ ਹੈ। ਪੰਜਾਬ ਅਤੇ ਹਰਿਆਣਾ ਦੇ ਕੁਝ ਡੇਰਿਆਂ ਨੇ ਬਕਾਇਦਾ ਆਪਣੇ ਸਿਆਸੀ ਵਿੰਗ ਬਣਾਏ ਹੋਏ ਹਨ, ਜੋਕਿ ਹਰ ਮਹੱਤਵਪੂਰਨ ਚੋਣਾਂ ਵੇਲੇ ਆਪਣੇ ਡੇਰਿਆਂ ਦੇ ਪੈਰੋਕਾਰਾਂ ਨੂੰ ਕਿਸੇ ਖਾਸ ਪਾਰਟੀ ਜਾਂ ਉਮੀਦਵਾਰ ਨੂੰ ਵੋਟਾਂ ਪਾਉਣ ਦਾ ਗੁਪਤ ਸੰਦੇਸ਼ ਦਿੰਦੇ ਹਨ। ਡੇਰਿਆਂ ਦੇ ਸ਼ਰਧਾਲੂ ਵੀ ਡੇਰਿਆਂ ਵੱਲੋਂ ਮਿਲੇ ਸੰਦੇਸ਼ਾਂ ਨੂੰ ਇਲਾਹੀ ਹੁਕਮ ਸਮਝਦੇ ਹਨ ਅਤੇ ਡੇਰਿਆਂ ਵੱਲੋਂ ਪਸੰਦ ਕੀਤੇ ਉਮੀਦਵਾਰਾਂ ਨੂੰ ਵੋਟਾਂ ਪਾ ਦਿੰਦੇ ਹਨ। ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਵੀ ਅਕਸਰ ਕਿਸੇ ਸਿਆਸੀ ਪਾਰਟੀ ਦੀ ਜਿੱਤ ਹਾਰ ਦਾ ਫ਼ੈਸਲਾ ਕਰ ਦਿੰਦੀਆਂ ਹਨ। ਇਸੇ ਕਾਰਨ ਡੇਰਾ ਵੋਟ ਬੈਂਕ ਵੱਲ ਵੀ ਸਿਆਸੀ ਪਾਰਟੀਆਂ ਵਿਸ਼ੇਸ਼ ਤਵੱਜੋ ਦਿੰਦੀਆਂ ਹਨ।

**ਪੰਜਾਬ ਦੀ ਸਿਆਸਤ ਵਿੱਚ ਡੇਰਿਆਂ ਦਾ ਬਹੁਤ ਪ੍ਰਭਾਵ ਹੈ। ਰਵਿਦਾਸ ਭਾਈਚਾਰੇ ਨਾਲ ਸਬੰਧਿਤ ਡੇਰਾ ਸੱਚਖੰਡ ਬੱਲਾਂ (ਜਲੰਧਰ), ਡੇਰਾ ਸੱਚਾ ਸੌਦਾ (ਸਿਰਸਾ, ਹਰਿਆਣਾ) ਤੇ ਡੇਰਾ ਰਾਧਾ ਸੁਆਮੀ ਬਿਆਸ (ਅੰਮ੍ਰਿਤਸਰ) ਦੇ ਪੈਰੋਕਾਰਾਂ ਦੀ ਗਿਣਤੀ ਲੱਖਾਂ ਵਿੱਚ ਹੈ। ਇਹਨਾਂ ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਪੰਜਾਬ ਚੋਣਾਂ ਵਿੱਚ ਕਿਸੇ ਵੀ ਉਮੀਦਵਾਰ ਦੀ ਕਿਸਮਤ ਬਦਲ ਸਕਦੀਆਂ ਹਨ। ਇਹੀ ਕਾਰਨ ਹੈ ਕਿ ਹਰ ਪਾਰਟੀ ਦੇ ਆਗੂ ਡੇਰਿਆਂ ਦੀ ਸ਼ਰਨ ਵਿੱਚ ਜਾ ਕੇ ਅਸ਼ੀਰਵਾਦ ਲੈ ਰਹੇ ਹਨ। ਸਿਆਸੀ ਆਗੂਆਂ ਵੱਲੋਂ ਧਾਰਮਿਕ ਆਗੂਆਂ ਤੋਂ ਸੰਕੇਤ ਦੀ ਉਡੀਕ ਕੀਤੀ ਜਾ ਰਹੀ ਹੈ।**

ਇਸ ਸੱਚਾਈ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਪੰਜਾਬ ਦੀ ਸਿਆਸਤ 'ਤੇ ਧਾਰਮਿਕ ਡੇਰਿਆਂ ਦਾ ਬਹੁਤ ਵੱਡਾ ਪ੍ਰਭਾਵ ਹੈ। ਸੂਬੇ ਅੰਦਰ ਮੌਜੂਦਾ ਸਮੇਂ ਛੋਟੇ-ਵੱਡੇ 7000 ਦੇ ਕਰੀਬ ਧਾਰਮਿਕ ਡੇਰੇ ਹਨ। ਡੇਰਾ ਬਿਆਸ, ਡੇਰਾ ਸੰਤ ਬਾਬਾ ਸਰਵਣ ਦਾਸ ਮਹਾਰਾਜ ਸੱਚਖੰਡ ਬੱਲਾਂ, ਨੂਰਮਹਿਲ ਸਥਿਤ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਤੋਂ ਇਲਾਵਾ ਹਰਿਆਣਾ ਦੇ ਡੇਰਾ ਸਿਰਸਾ ਦਾ ਵੀ ਪੰਜਾਬ 'ਚ ਵੱਡਾ ਪ੍ਰਭਾਵ ਹੈ। ਇਹਨਾਂ ਮੁੱਖ ਡੇਰਿਆਂ ਤੋਂ ਇਲਾਵਾ ਪੰਜਾਬ ਅੰਦਰ ਸੰਤ ਨਿਰੰਕਾਰੀ ਮਿਸ਼ਨ, ਨਾਮਧਾਰੀ ਸੰਪਰਦਾ ਭੈਣੀ ਸਾਹਿਬ, ਡੇਰਾ ਸੰਤ ਪ੍ਰੀਤਮ ਦਾਸ ਜੀ ਜੌੜੇ ਬਾਬੇ ਜਲੰਧਰ, ਭਗਵਾਨ ਵਾਲਮੀਕਿ ਆਸ਼ਰਮ ਰਾਮ ਤੀਰਥ ਅੰਮ੍ਰਿਤਸਰ, ਨਾਨਕਸਰ ਕਲੇਰਾਂ ਵਾਲੇ ਜਗਰਾਓਂ, ਡੇਰਾ ਲੋਪੋਂ ਮੋਗਾ, ਸਵਾਮੀ ਜਗਤ ਗਿਰੀ ਆਸ਼ਰਮ ਪਠਾਨਕੋਟ, ਡੇਰਾ ਬਾਲ ਯੋਗੀ ਬਾਬਾ ਪ੍ਰਗਟ ਨਾਥ ਰਹੀਮਪੁਰ ਨਕੋਦਰ, ਬਾਬਾ ਲਾਲ ਦਿਆਲ ਜੀ ਧਿਆਨਪੁਰ ਧਾਮ, ਡੇਰਾ ਸੰਤ ਪ੍ਰੇਮ ਸਿੰਘ ਜੀ ਮੁਰਾਰੇ ਵਾਲੇ, ਸੰਤ ਬਾਬਾ ਹਜ਼ਾਰਾ ਸਿੰਘ ਜੀ ਨਿੱਕੇ ਘੁੰਮਣ, ਬਾਬਾ ਪਿਆਰਾ ਸਿੰਘ ਭਨਿਆਰਾਵਾਲਾ ਡੇਰਾ, ਸੰਤ ਅਜੀਤ ਸਿੰਘ ਹੰਸਾਲੀ ਸਾਹਿਬ ਵਾਲੇ, ਸੰਤ ਦਯਾ ਸਿੰਘ ਸੁਰਸਿੰਘ ਵਾਲੇ, ਪਰਮੇਸ਼ਵਰ ਦਵਾਰ ਗੁਰਮਤਿ ਪ੍ਰਚਾਰ ਸੇਵਾ ਮਿਸ਼ਨ, ਡੇਰਾ ਬਾਬਾ ਰੂਮੀ ਕਲਾਂ ਭੁੱਚੋ ਮੰਡੀ, ਪਾਸਟਰ ਅੰਕੁਰ ਨਰੂਲਾ ਚਰਚ ਖਾਂਬਰਾ ਜਲੰਧਰ, ਦ ਓਪਨ ਡੋਰ ਚਰਚ ਖੋਜੇਵਾਲਾ ਆਦਿ ਡੇਰੇ ਵੀ ਵੱਖ-ਵੱਖ ਵਰਗ ਦੇ ਲੋਕਾਂ 'ਚ ਕਾਫੀ ਪ੍ਰਭਾਵ ਰੱਖਦੇ ਹਨ।

ਪੰਜਾਬ ਵਿੱਚ ਜਦੋਂ ਖਾੜਕੂਵਾਦ ਸੀ ਤਾਂ ਉਦੋਂ ਵੱਖ- ਵੱਖ ਡੇਰਿਆਂ ਦੀਆਂ ਸਰਗਰਮੀਆਂ ਵੀ ਸੀਮਿਤ ਸਨ ਅਤੇ ਸਿਆਸੀ ਆਗੂ ਵੀ ਡੇਰਿਆਂ 'ਤੇ ਜਾਣ ਤੋਂ ਗੁਰੇਜ਼ ਕਰਦੇ ਸਨ ਪਰ ਪਿਛਲੇ ਕੁਝ ਦਹਾਕਿਆਂ ਤੋਂ ਸੂਬੇ ਅੰਦਰ ਹਰ ਪ੍ਰਕਾਰ ਦੀਆਂ ਚੋਣਾਂ ਦੌਰਾਨ ਇਨ੍ਹਾਂ ਡੇਰਿਆਂ ਦਾ ਕਿਸੇ ਵੀ ਪਾਰਟੀ ਦੀ ਜਿੱਤ ਜਾਂ ਹਾਰ 'ਚ ਵੱਡਾ ਯੋਗਦਾਨ ਰਿਹਾ ਹੈ। ਇਨ੍ਹਾਂ ਡੇਰਿਆਂ ਦਾ ਵੱਖ-ਵੱਖ ਖਿੱਤਿਆਂ ਤੇ ਜ਼ਿਲ੍ਹਿਆਂ ਅੰਦਰ ਵੱਖੋ-ਵੱਖਰੀ ਤਰ੍ਹਾਂ ਦਾ ਪ੍ਰਭਾਵ ਹੈ। ਸਿਆਸਤਦਾਨ ਚਾਹੇ ਉਹ ਸੱਤਾ ਵਿੱਚ ਹੋਣ ਜਾਂ ਨਾ, ਇਨ੍ਹਾਂ ਡੇਰਿਆਂ 'ਚ ਅਕਸਰ ਹੀ ਹਾਜ਼ਰੀ ਭਰਦੇ ਰਹਿੰਦੇ ਹਨ। ਇਸ ਤਰ੍ਹਾਂ ਸਿਆਸੀ ਆਗੂ ਉਕਤ ਡੇਰਿਆਂ ਦੇ ਸ਼ਰਧਾਲੂਆਂ 'ਚ ਇਹ ਸੰਦੇਸ਼ ਪਹੁੰਚਾਉਣ ਦਾ ਯਤਨ ਕਰਦੇ ਹਨ ਕਿ ਉਹ ਡੇਰੇ ਦੇ ਕਰੀਬੀ ਹਨ। ਬਹੁਤੇ ਡੇਰੇ ਚੋਣਾਂ ਦੌਰਾਨ ਸਿੱਧੇ ਜਾਂ ਅਸਿੱਧੇ ਤੌਰ 'ਤੇ ਲੀਡਰਾਂ ਦੀ ਮਦਦ ਕਰਨ ਬਾਰੇ ਆਪਣੇ ਸ਼ਰਧਾਲੂਆਂ ਨੂੰ ਕੋਈ ਆਦੇਸ਼ ਜਾਰੀ ਨਹੀਂ ਕਰਦੇ। ਹਾਲਾਂ ਕਿ ਮਾਲਵੇ ਖ਼ਿੱਤੇ 'ਚ ਵਧੇਰੇ ਪ੍ਰਭਾਵ ਰੱਖਣ ਵਾਲਾ ਡੇਰਾ ਸੱਚਾ ਸੌਦਾ ਸਿਆਸੀ ਲੀਡਰਾਂ ਦੀ ਚੋਣਾਂ ਦੌਰਾਨ ਮਦਦ ਕਰਨ ਜਾਂ ਨਾ ਕਰਨ ਬਾਰੇ ਸ਼ਰਧਾਲੂਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਦਾ ਰਿਹਾ ਹੈ। ਡੇਰਾ ਸਿਰਸਾ ਵੱਲੋਂ ਤਾਂ ਪਹਿਲਾਂ ਆਪਣਾ ਵੱਖਰਾ ਸਿਆਸੀ ਵਿੰਗ ਵੀ ਬਣਾਇਆ ਹੋਇਆ ਸੀ ਜੋ ਕਿ ਹਰ ਤਰ੍ਹਾਂ ਦੀਆਂ ਚੋਣਾਂ ਸਮੇਂ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਦੀ ਹਮਾਇਤ ਕਰਨ ਜਾਂ ਨਾ ਕਰਨ ਸਬੰਧੀ ਫੈਸਲੇ ਲਿਆ ਕਰਦਾ ਸੀ। ਮਾਲਵੇ ਖ਼ਿੱਤੇ ਦੀ ਸਿਆਸਤ 'ਚ ਡੇਰਾ ਸੱਚਾ ਸੌਦਾ ਸਿਰਸਾ ਸਭ ਤੋਂ ਵਧੇਰੇ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਮਾਲਵੇ ਦੇ ਚਾਰ ਜ਼ਿਲ੍ਹਿਆਂ ਬਠਿੰਡਾ, ਮਾਨਸਾ, ਮੁਕਤਸਰ ਅਤੇ ਫਾਜ਼ਿਲਕਾ ਵਿਚ ਡੇਰੇ ਦੇ ਪੈਰੋਕਾਰਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ, ਜਦੋਂ ਕਿ ਬਾਕੀ ਜ਼ਿਲ੍ਹਿਆਂ 'ਚ ਡੇਰਾ ਪ੍ਰੇਮੀਆਂ ਦੀ ਗਿਣਤੀ ਕੁੱਝ ਘੱਟ ਹੈ। ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਡੇਰਾ ਸਿਰਸਾ ਦੀ ਹਮਾਇਤ ਲੈਣ ਲਈ ਸਾਰੀਆਂ ਹੀ ਰਾਜਸੀ ਪਾਰਟੀਆਂ ਦੇ ਆਗੂ ਡੇਰਾ ਸਿਰਸਾ ਵਿਖੇ ਮੁਖੀ ਦੀ ਸ਼ਰਨ ਵਿੱਚ ਪਹੁੰਚਦੇ ਰਹੇ ਹਨ।




ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਣ ਵਿੱਚ ਅਜੇ ਇੱਕ ਸਾਲ ਦਾ ਸਮਾਂ ਪਿਆ ਹੈ ਪਰ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਵੋਟਾਂ ਪੱਕੀਆਂ ਕਰਨ ਲਈ ਵੱਖ ਵੱਖ ਡੇਰਿਆਂ ਦੀ ਪਰਿਕਰਮਾ ਸ਼ੁਰੂ ਕਰ ਦਿੱਤੀ ਗਈ ਹੈ। ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਲੈਣ ਲਈ ਭਾਜਪਾ ਅਤੇ ਆਮ ਆਦਮੀ ਪਾਰਟੀ ਵਿੱਚ ਦੌੜ ਲੱਗ ਗਈ ਹੈ ਅਤੇ ਦੋਵੇਂ ਪਾਰਟੀਆਂ ਦੇ ਆਗੂ ਦੋਆਬੇ ਦੇ ਡੇਰਿਆਂ 'ਚ ਗੇੜੇ ਮਾਰ ਰਹੇ ਹਨ ਤਾਂ ਕਿ ਇਹਨਾਂ ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਵਿਧਾਨ ਸਭਾ ਚੋਣਾਂ ਵਿੱਚ ਲਈਆਂ ਜਾ ਸਕਣ। ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਅਜੇ ਤੱਕ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਹੈ। ਭਾਂਵੇਂ ਕਿ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਡੇਰਾ ਬਿਆਸ ਦੇ ਮੁਖੀ ਦੀ ਨੇੜਤਾ ਦਾ ਸਭ ਨੂੰ ਪਤਾ ਹੈ। ਇਸ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਨੇ ਆਪਣੇ-ਆਪਣੇ ਵੋਟ ਬੈਂਕ ਨੂੰ ਬਣਾਈ ਰੱਖਣ ਦੀਆਂ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਵੱਲੋਂ ਜਿਸ ਤਰ੍ਹਾਂ ਨਾਲ ਡੇਰਿਆਂ ਨਾਲ ਸੰਪਰਕ ਸਾਧਿਆ ਜਾ ਰਿਹਾ ਹੈ, ਉਸ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਨੇ ਵੀ ਆਪਣੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਕਮਰ ਕੱਸਣ ਲਈ ਕਹਿ ਦਿੱਤਾ ਹੈ। ਪਿਛਲੇ ਦਿਨੀਂ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਨਾਲ ਮੁਲਾਕਾਤ ਕੀਤੀ। ਉਨ੍ਹਾਂ ਸਮੇਤ ਕੁਝ ਹੋਰ ਮੰਤਰੀ ਤੇ ਵਿਧਾਇਕ ਵੀ ਉਨ੍ਹਾਂ ਨੂੰ ਮਿਲੇ ਸਨ।

ਆਮ ਆਦਮੀ ਪਾਰਟੀ ਨੂੰ ਪਤਾ ਹੈ ਕਿ ਪੰਜਾਬ ਵਿੱਚ ਡੇਰਿਆਂ ਦੀ ਰਾਜਨੀਤੀ ਚੋਣਾਂ ਨੂੰ ਕਾਫ਼ੀ ਪ੍ਰਭਾਵਿਤ ਕਰਦੀ ਹੈ ਅਤੇ ਕਈ ਡੇਰੇ ਪੂਰੇ ਪੰਜਾਬ ਵਿੱਚ ਪ੍ਰਭਾਵ ਪਾਉਂਦੇ ਹਨ। ਉਨ੍ਹਾਂ ਨੂੰ ਲੁਭਾਉਣ ਲਈ ਵਿਧਾਇਕਾਂ ਅਤੇ ਮੰਤਰੀਆਂ ਨੂੰ ਆਪਣੇ ਹਲਕਿਆਂ ਵਿੱਚ ਇਨ੍ਹਾਂ ਡੇਰਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੇ ਕੰਮ ਵਿੱਚ ਆਉਣ ਵਾਲੀ ਕਿਸੇ ਵੀ ਰੁਕਾਵਟ ਨੂੰ ਦੂਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਪਾਰਟੀ ਦਾ ਧਿਆਨ ਮੁੱਖ ਤੌਰ 'ਤੇ ਦੋਆਬਾ ਦੇ ਡੇਰਿਆਂ 'ਤੇ ਹੈ ਜਿੱਥੇ ਬਹੁਤ ਸਾਰੇ ਛੋਟੇ ਡੇਰੇ ਹਨ ਪਰ ਉਨ੍ਹਾਂ ਦਾ ਕਾਫ਼ੀ ਪ੍ਰਭਾਵ ਹੈ। ਪਾਰਟੀ ਨੇ ਜਲੰਧਰ ਲੋਕ ਸਭਾ ਉਪ-ਚੋਣ ਅਤੇ ਜਲੰਧਰ ਪੱਛਮੀ ਵਿਧਾਨ ਸਭਾ ਉਪ-ਚੋਣ ਵਿੱਚ ਇਨ੍ਹਾਂ ਡੇਰਿਆਂ ਨਾਲ ਸੰਪਰਕ ਸਥਾਪਤ ਕਰ ਕੇ ਆਪਣਾ ਮਾਰਜ਼ਨ ਵਧਾਇਆ।

ਦਰਅਸਲ ਹਾਲ ਹੀ ਦੇ ਸਮੇਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਦੋਆਬੇ ਦੇ ਪ੍ਰਮੁੱਖ ਡੇਰਿਆਂ ਜਿਵੇਂ ਕਿ ਸੱਚਖੰਡ ਬੱਲਾਂ ਅਤੇ ਡੇਰਾ ਰਾਧਾ ਸਵਾਮੀ ਵਿਖੇ ਵੀ ਆਪਣੀਆਂ ਗਤੀਵਿਧੀਆਂ ਵਧਾ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਡੇਰਾ ਬੱਲਾਂ ਦਾ ਦੌਰਾ ਕੀਤਾ ਸੀ। ਇਸ ਤੋਂ ਇਲਾਵਾ ਡੇਰਾ ਮੁਖੀ ਨਿਰੰਜਨ ਦਾਸ ਨੂੰ ਇਸ ਸਾਲ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਡੇਰੇ ਦਾ ਦੋਆਬੇ ਭਰ ਵਿੱਚ ਰਵਿਦਾਸੀਆ ਭਾਈਚਾਰੇ ਵਿੱਚ ਮਜ਼ਬੂਤ ਅਧਾਰ ਹੈ। ਆਮ ਆਦਮੀ ਪਾਰਟੀ ਚੰਗੀ ਤਰ੍ਹਾਂ ਜਾਣਦੀ ਹੈ ਕਿ ਭਾਜਪਾ 2027 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਹਰਿਆਣਾ ਮਾਡਲ ਲਾਗੂ ਕਰਨਾ ਚਾਹੁੰਦੀ ਹੈ, ਜਿੱਥੇ ਇਸ ਨੇ ਤੀਜੀ ਵਾਰ ਸੱਤਾ ਜਿੱਤਣ ਲਈ ਹਿੰਦੂਆਂ, ਅਨੁਸੂਚਿਤ ਜਾਤੀਆਂ ਅਤੇ ਪੱਛੜੇ ਵਰਗਾਂ ਨੂੰ ਇੱਕਜੁੱਟ ਕੀਤਾ। ਤਿੰਨ ਖੇਤੀਬਾੜੀ ਕਾਨੂੰਨਾਂ ਤੋਂ ਬਾਅਦ ਪੇਂਡੂ ਖੇਤਰ, ਖਾਸ ਕਰਕੇ ਕਿਸਾਨ ਵੋਟ ਬੈਂਕ ਭਾਜਪਾ ਤੋਂ ਅਸੰਤੁਸ਼ਟ ਹੈ, ਇਸ ਲਈ ਉਹ ਦੂਜੇ ਭਾਈਚਾਰਿਆਂ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਇਸ ਨੂੰ ਪ੍ਰਾਪਤ ਕਰਨ ਲਈ ਧਿਆਨ ਇਸ ਗੱਲ 'ਤੇ ਹੈ ਕਿ ਡੇਰੇ ਕਿਵੇਂ ਮਦਦ ਕਰ ਸਕਦੇ ਹਨ।

ਇਹ ਸਤਰਾਂ ਲਿਖੇ ਜਾਣ ਤੱਕ ਭਾਜਪਾ ਅਤੇ ਆਮ ਆਦਮੀ ਪਾਰਟੀ ਵਿਚਾਲੇ ਡੇਰਿਆਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਲੈਣ ਲਈ ਮੁਕਾਬਲਾ ਸ਼ੁਰੂ ਹੋ ਗਿਆ ਹੈ, ਦੂਜੇ ਪਾਸੇ ਅਕਾਲੀ ਦਲ ਬਾਦਲ ਅਤੇ ਕਾਂਗਰਸ ਦੇ ਅਨੇਕਾਂ ਆਗੂ ਵੀ ਡੇਰਿਆਂ ਦੀ ਸ਼ਰਨ ਵਿੱਚ ਜਾ ਰਹੇ ਹਨ। ਅਕਾਲੀ ਦਲ ਬਾਦਲ ਨੂੰ ਤਾਂ ਪਿਛਲੀਆਂ ਕਈ ਚੋਣਾਂ ਦੌਰਾਨ ਡੇਰਾ ਸਿਰਸਾ ਦਾ ਸਿੱਧਾ ਸਮਰਥਨ ਮਿਲਦਾ ਰਿਹਾ ਹੈ, ਜਿਸ ਕਾਰਨ ਅਕਾਲੀ ਦਲ ਬਾਦਲ ਕਈ ਚੋਣਾਂ ਵਿੱਚ ਜਿੱਤ ਵੀ ਪ੍ਰਾਪਤ ਕਰਦਾ ਰਿਹਾ ਹੈ। ਜਿਵੇਂ ਜਿਵੇਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਸਮਾਂ ਨੇੜੇ ਆਉਂਦਾ ਜਾਵੇਗਾ ਉਵੇਂ ਹੀ ਵੱਖ- ਵੱਖ ਸਿਆਸੀ ਆਗੂਆਂ ਵੱਲੋਂ ਡੇਰਿਆਂ 'ਤੇ ਜਾਣ ਦੇ ਰੁਝਾਨ ਵਿੱਚ ਵਾਧਾ ਹੋ ਜਾਣਾ ਹੈ।

# ਅਮਰੀਕਾ ’ਚ ਹੁਣ ਟਰੱਕ ਡਰਾਇਵਰਾਂ ਸਬੰਧੀ ਨਿਯਮ ਹੋਏ ਹੋਰ ਸਖ਼ਤ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਟਰੰਪ ਪ੍ਰਸ਼ਾਸਨ ਨੇ ਨਵੇਂ ਸੰਘੀ ਨਿਯਮਾਂ ਦਾ ਖੁਲਾਸਾ ਕੀਤਾ ਹੈ, ਜੋ ਅਮਰੀਕਾ ਵਿੱਚ ਕਮਰਸ਼ੀਅਲ ਡਰਾਈਵਰ ਲਾਇਸੈਂਸ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਦੀ ਯੋਗਤਾ ਨੂੰ ਖਾਸ ਤੌਰ ’ਤੇ ਸੀਮਤ ਕਰਦੇ ਹਨ। ਇਹ ਕਦਮ ਹਾਲ ਹੀ ਦੇ ਸਾਲਾਂ ਵਿੱਚ ਇਸ ਪ੍ਰੋਗਰਾਮ ਦੇ ਸਭ ਤੋਂ ਸਖ਼ਤ ਸੁਧਾਰਾਂ ਵਿੱਚੋਂ ਇੱਕ ਹੈ।

ਸੋਧੇ ਹੋਏ ਢਾਂਚੇ ਦੇ ਤਹਿਤ ਸਿਰਫ਼ ਐਚ-2ਏ (ਆਰਜ਼ੀ ਖੇਤੀਬਾੜੀ ਕਾਮੇ), ਐਚ-2ਬੀ (ਆਰਜ਼ੀ ਗੈਰ-ਖੇਤੀਬਾੜੀ ਕਾਮੇ), ਅਤੇ ਈ-2 (ਸੰਧੀ ਨਿਵੇਸ਼ਕ) ਗੈਰ-ਪ੍ਰਵਾਸੀ ਵੀਜ਼ਾ ਰੱਖਣ ਵਾਲੇ ਵਿਦੇਸ਼ੀ ਨਾਗਰਿਕ ਹੀ ਸੀ.ਡੀ.ਐਲ. ਲਈ ਅਪਲਾਈ ਕਰਨ ਦੇ ਯੋਗ ਹੋਣਗੇ। ਨਵੇਂ ਨਿਯਮ ਰੁਜ਼ਗਾਰ ਅਧਿਕਾਰ ਦਸਤਾਵੇਜ਼ (ਈ.ਏ.ਡੀ.) ਵਾਲੇ ਗੈਰ-ਨਾਗਰਿਕਾਂ ਨੂੰ ਵਪਾਰਕ ਡਰਾਈਵਿੰਗ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨ ਦੀ ਇਜਾਜ਼ਤ ਦੇਣ ਪ੍ਰਥਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕਰਦੇ ਹਨ।

ਇਸ ਤੋਂ ਪਹਿਲਾਂ ਵੈਧ ਕੰਮ ਦੇ ਅਧਿਕਾਰ ਵਾਲੇ ਵਿਅਕਤੀ ‘ਜਿਨ੍ਹਾਂ ਵਿੱਚ ਸ਼ਰਨ ਮੰਗਣ ਵਾਲੇ, ਸ਼ਰਨਾਰਥੀ, ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ (ਡੀ.ਏ.ਸੀ.ਏ.) ਪ੍ਰਾਪਤ ਕਰਨ ਵਾਲੇ ਅਤੇ ਅਸਥਾਈ ਸੁਰੱਖਿਅਤ ਸਥਿਤੀ (ਟੀ.ਪੀ.ਐਸ.)’ ਨੂੰ ਸੀ.ਡੀ.ਐਲ. ਲਈ ਅਪਲਾਈ ਕਰਨ ਦੀ ਇਜਾਜ਼ਤ ਸੀ। ਅੱਪਡੇਟ ਕੀਤੀ ਨੀਤੀ ਦੇ ਤਹਿਤ ਈ.ਏ.ਡੀ. ਨੂੰ ਹੁਣ ਯੋਗਤਾ ਦੇ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ, ਜਿਸ ਨਾਲ ਕਾਨੂੰਨੀ ਤੌਰ ’ਤੇ ਅਧਿਕਾਰਤ ਕਾਮਿਆਂ ਦੀਆਂ ਕਈ ਸ਼੍ਰੇਣੀਆਂ ਲਈ ਪਹੁੰਚ ਕਾਫ਼ੀ ਸਖ਼ਤ ਹੋ ਜਾਵੇਗੀ। ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ (ਐਫ.ਐਮ.ਸੀ.ਐਸ.ਏ.), ਜਿਸ ਨੇ ਬਦਲਾਅ ਦੀ ਘੋਸ਼ਣਾ ਕੀਤੀ ਸੀ, ਨੇ ਕਿਹਾ ਕਿ ਨਵੇਂ ਨਿਯਮਾਂ ਦਾ ਉਦੇਸ਼ ਸੁਰੱਖਿਆ ਅਤੇ ਪਾਲਣਾ ਸੰਬੰਧੀ ਚਿੰਤਾਵਾਂ ਨੂੰ ਹੱਲ ਕਰਨਾ ਹੈ। ਏਜੰਸੀ ਦੇ ਅਨੁਸਾਰ 2025 ਵਿੱਚ ਘੱਟੋ-ਘੱਟ 17 ਵੱਡੇ ਹਾਦਸਿਆਂ ਵਿੱਚ ਗ਼ੈਰ-ਨਿਵਾਸੀ ਸੀ.ਡੀ.ਐਲ. ਧਾਰਕ ਸ਼ਾਮਲ ਸਨ, ਜਿਨ੍ਹਾਂ ਦੀ ਯੋਗਤਾ ਦੀ ਪੂਰੀ ਤਰ੍ਹਾਂ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਸੀ ਅਤੇ ਜੋ ਸੋਧੇ ਹੋਏ ਮਾਪਦੰਡਾਂ ਦੇ ਤਹਿਤ ਯੋਗ ਨਹੀਂ ਹੁੰਦੇ।



ਐਫ.ਐਮ.ਸੀ.ਐਸ.ਏ. ਨੇ ਇਹ ਵੀ ਦੋਸ਼ ਲਾਇਆ ਕਿ 30 ਤੋਂ ਵੱਧ ਰਾਜਾਂ ਨੇ ਗੈਰ-ਕਾਨੂੰਨੀ ਤੌਰ ’ਤੇ ਗੈਰ-ਨਿਵਾਸੀ ਸੀ.ਡੀ.ਐਲ. ਜਾਰੀ ਕੀਤੇ ਸਨ ਜੋ ਸੰਘੀ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਨਹੀਂ ਸਨ। ਹਾਲ ਹੀ ਦੇ ਮਹੀਨਿਆਂ ਵਿੱਚ ਕਈ ਖਤਰਨਾਕ ਹਾਈਵੇ ਹਾਦਸੇ ਜਿੰਨ੍ਹਾਂ ਵਿੱਚ ਹਰਜਿੰਦਰ ਸਿੰਘ, ਜਸ਼ਨਪ੍ਰੀਤ ਸਿੰਘ, ਰਜਿੰਦਰ ਕੁਮਾਰ ਅਤੇ ਕਮਲਪ੍ਰੀਤ ਸਿੰਘ ਵਜੋਂ ਪਛਾਣੇ ਗਏ ਡਰਾਈਵਰ ਸ਼ਾਮਲ ਸਨ, ਇਨ੍ਹਾਂ ਸਾਰਿਆਂ ਨੂੰ ਭਾਰਤੀ ਮੂਲ ਦੇ ਦੱਸਿਆ ਗਿਆ ਹੈ ਅਤੇ ਇਨ੍ਹਾਂ ਕੋਲ ਗੈਰ-ਨਿਵਾਸੀ ਸੀ.ਡੀ.ਐਲ. ਸਨ। ਫੈਡਰਲ ਅਧਿਕਾਰੀਆਂ ਨੇ ਇਨ੍ਹਾਂ ਘਟਨਾਵਾਂ ਨੂੰ ਪ੍ਰਮਾਣਿਕਤਾ ਅਤੇ ਨਿਗਰਾਨੀ ਪ੍ਰਕਿਰਿਆਵਾਂ ਵਿੱਚ ਪ੍ਰਣਾਲੀਗਤ ਕਮਜ਼ੋਰੀਆਂ ਨੂੰ ਦਰਸਾਉਣ ਵਾਲੀਆਂ ਉਦਾਹਰਣਾਂ ਵਜੋਂ ਦਰਸਾਇਆ ਕੀਤਾ। ਨਵੇਂ ਨਿਯਮਾਂ ਦੇ ਤਹਿਤ ਰਾਜ ਦੀਆਂ ਮੋਟਰ ਵਹੀਕਲ ਏਜੰਸੀਆਂ ਲਈ ਹੁਣ ਵਪਾਰਕ ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਸਿਸਟਮੈਟਿਕ ਏਲੀਅਨ ਵੈਰੀਫਿਕੇਸ਼ਨ ਫਾਰ ਐਂਟਾਈਟਲਮੈਂਟਸ (ਐਸ.ਏ.ਵੀ.ਈ.) ਸਿਸਟਮ ਰਾਹੀਂ ਹਰੇਕ ਵਿਦੇਸ਼ੀ ਬਿਨੈਕਾਰ ਦੀ ਕਾਨੂੰਨੀ ਇਮੀਗ੍ਰੇਸ਼ਨ ਸਥਿਤੀ ਦੀ ਪੁਸ਼ਟੀ ਕਰਨੀ ਲਾਜ਼ਮੀ ਹੈ।

ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਯਕੀਨੀ ਬਣਾਏਗਾ ਕਿ ਸਿਰਫ਼ ਯੋਗ ਵੀਜ਼ਾ ਸ਼੍ਰੇਣੀਆਂ ਵਾਲੇ ਵਿਅਕਤੀ ਹੀ ਅਮਰੀਕਾ ਵਿੱਚ ਕਾਨੂੰਨੀ ਤੌਰ ’ਤੇ ਭਾਰੀ ਵਪਾਰਕ ਵਾਹਨ ਚਲਾ ਸਕਣ। ਅਮਰੀਕਾ ਦੇ ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਨੇ ਇੱਕ ਜਨਤਕ ਬਿਆਨ ਵਿੱਚ ਨੀਤੀ ਤਬਦੀਲੀ ਦਾ ਬਚਾਅ ਕਰਦੇ ਹੋਏ ਕਿਹਾ ਕਿ ਪਿਛਲੀਆਂ ਪ੍ਰਥਾਵਾਂ ਨੇ ਲਾਇਸੈਂਸ ਪ੍ਰਣਾਲੀ ਵਿੱਚ ਕਮਜ਼ੋਰੀਆਂ ਪੈਦਾ ਕੀਤੀਆਂ ਸਨ।

ਡਫੀ ਨੇ ਕਿਹਾ, ‘ਅਮਰੀਕਾ ਨੇ ਖ਼ਤਰਨਾਕ ਵਿਦੇਸ਼ੀ ਡਰਾਈਵਰਾਂ ਨੂੰ ਸਾਡੀ ਟਰੱਕ ਲਾਇਸੈਂਸ ਪ੍ਰਣਾਲੀ ਦੀ ਦੁਰਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਹੈ ਜਿਸ ਨਾਲ ਰਾਹਾਂ ’ਤੇ ਤਬਾਹੀ ਮਚੀ ਹੈ। ਹੁਣ ਇਸ ਕਦਮ ਨਾਲ ਅਯੋਗ ਵਿਦੇਸ਼ੀ ਡਰਾਈਵਰ 80,000-ਪੌਂਡ ਦਾ ਵੱਡਾ ਰਿਗ ਚਲਾਉਣ ਲਈ ਲਾਇਸੈਂਸ ਪ੍ਰਾਪਤ ਨਹੀਂ ਕਰ ਸਕਣਗੇ।’

ਨਵੇਂ ਨਿਯਮਾਂ ਦੇ ਸਮਰਥਕਾਂ ਦਾ ਤਰਕ ਹੈ ਕਿ ਬਦਲਾਅ ਹਾਈਵੇ ਸੁਰੱਖਿਆ ਨੂੰ ਮਜ਼ਬੂਤ ਕਰਨਗੇ, ਰਾਜਾਂ ਵਿੱਚ ਪਾਲਣਾ ਨੂੰ ਮਿਆਰੀ ਬਣਾਉਣਗੇ, ਅਤੇ ਸੀ.ਡੀ.ਐਲ. ਜਾਰੀ ਕਰਨ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਬਹਾਲ ਕਰਨਗੇ।

## ਸਿਰਫ਼ ਅੰਗਰੇਜ਼ੀ ’ਚ ਹੋਣਗੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਦੇ ਸਾਰੇ ਟੈਸਟ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੇ ਪ੍ਰਵਾਸੀਆਂ ਖ਼ਿਲਾਫ਼ ਪਹਿਲਾਂ ਹੀ ਵੱਡੀ ਮੁਹਿੰਮ ਛੇੜੀ ਹੋਈ ਹੈ, ਉੱਥੇ ਹੀ ਟਰੰਪ ਸਰਕਾਰ ਦਾ ਇੱਕ ਹੋਰ ਵੱਡਾ ਫ਼ੈਸਲਾ ਸਾਹਮਣੇ ਆਇਆ ਹੈ, ਜਿਸ ਨੇ ਖ਼ਾਸ ਤੌਰ ’ਤੇ ਪੰਜਾਬੀ ਡਰਾਈਵਰਾਂ ਲਈ ਵੱਡੀ ਮੁਸੀਬਤ ਖੜ੍ਹੀ ਕਰ ਦਿੱਤੀ ਹੈ।

ਅਮਰੀਕਾ ਦੇ ਟਰਾਂਸਪੋਰਟੇਸ਼ਨ ਸੈਕਟਰੀ ਸ਼ਾਨ ਪੀ. ਡਫੀ ਨੇ ਐਲਾਨ ਕੀਤਾ ਹੈ ਕਿ ਹੁਣ ਤੋਂ ਪੂਰੇ ਅਮਰੀਕਾ ਵਿੱਚ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਦੇ ਸਾਰੇ ਟੈਸਟ ਸਿਰਫ਼ ਅੰਗਰੇਜ਼ੀ ਭਾਸ਼ਾ ਵਿੱਚ ਹੀ ਲਏ ਜਾਣਗੇ। ਸਰਕਾਰ ਦਾ ਮੰਨਣਾ ਹੈ ਕਿ ਸੜਕਾਂ ’ਤੇ ਸੁਰੱਖਿਆ ਬਣਾਈ ਰੱਖਣ ਲਈ ਡਰਾਈਵਰਾਂ ਦਾ ਅੰਗਰੇਜ਼ੀ ਸਮਝਣਾ ਅਤੇ ਬੋਲਣਾ ਬਹੁਤ ਜ਼ਰੂਰੀ ਹੈ।

## ਟਰੰਪ ਵੱਲੋਂ ਅਮਰੀਕਾ ’ਚ ਸ਼ਰਨਾਰਥੀਆਂ ਨੂੰ ਹਿਰਾਸਤ ’ਚ ਲੈਣ ਦੇ ਹੁਕਮ ਜਾਰੀ

ਮਿਨੀਪੋਲਿਸ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਨਵਾਂ ਹੁਕਮ ਜਾਰੀ ਕੀਤਾ ਹੈ, ਜਿਸ ਤਹਿਤ ਦੇਸ਼ ’ਚ ਮੌਜੂਦ ਉਹ ਹਜ਼ਾਰਾਂ ਸ਼ਰਨਾਰਥੀ ਗ੍ਰਿਫ਼ਤਾਰ ਕੀਤੇ ਜਾ ਸਕਦੇ ਹਨ, ਜੋ ਇੱਥੇ ਕਾਨੂੰਨੀ ਢੰਗ ਨਾਲ ਰਹਿ ਤਾਂ ਰਹੇ ਹਨ ਪਰ ਹੁਣ ਤੱਕ ਉਨ੍ਹਾਂ ਕੋਲ ਕੋਈ ਸਥਾਈ ਨਾਗਰਿਕਤਾ ਨਹੀਂ ਹੈ।

ਮਿਨੀਸੋਟਾ ’ਚ ਹੋਣ ਵਾਲੀ ਫੈਡਰਲ ਅਦਾਲਤ ਦੀ ਸੁਣਵਾਈ ਤੋਂ ਪਹਿਲਾਂ ਗ੍ਰਹਿ ਮੰਤਰਾਲੇ (ਡੀ ਐੱਚ ਐੱਸ) ਵੱਲੋਂ ਦਾਖਲ ਮੀਮੋ ’ਚ ਕਿਹਾ ਗਿਆ ਹੈ ਕਿ ‘ਗਰੀਨ ਕਾਰਡ’ ਲਈ ਅਰਜ਼ੀ ਦੇਣ ਵਾਲੇ ਸ਼ਰਨਾਰਥੀਆਂ ਨੂੰ ਆਪਣੀਆਂ ਅਰਜ਼ੀਆਂ ਦੀ ਸਮੀਖਿਆ ਲਈ ਅਮਰੀਕਾ ਅੰਦਰ ਆਉਣ ਦਿੱਤੇ ਜਾਣ ਤੋਂ ਸਾਲ ਬਾਅਦ ਫੈਡਰਲ ਹਿਰਾਸਤ ’ਚ ਰਹਿਣਾ ਪਵੇਗਾ। ਲੰਘੇ ਦਿਨੀਂ ਦਾਖਲ ਮੀਮੋ ’ਚ ਕਿਹਾ ਗਿਆ ਹੈ ਕਿ ਡੀ ਐੱਚ ਐੱਸ ‘ਨਿਰੀਖਣ ਤੇ ਜਾਂਚ ਪ੍ਰਕਿਰਿਆ ਦੀ ਮਿਆਦ ਲਈ ਸ਼ਰਨਾਰਥੀਆਂ ਨੂੰ ਹਿਰਾਸਤ ’ਚ ਰੱਖ ਸਕਦਾ ਹੈ।’ ਮਨੁੱਖ ਅਧਿਕਾਰਾਂ ਬਾਰੇ ਕਾਰਕੁਨਾਂ ਤੇ ਮੁੜ ਵਸੇਬਾ ਸਮੂਹਾਂ ਨੇ ਇਸ ਹੁਕਮ ਦੀ ਸਖ਼ਤ ਆਲੋਚਨਾ ਕੀਤੀ ਹੈ ਅਤੇ ਸੰਭਵ ਹੈ ਕਿ ਇਸ ਹੁਕਮ ਨੂੰ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

## ਲਾਸ ਵੇਗਾਸ ਦੇ ਇੱਕ ਹੋਟਲ ਵਿੱਚ ਮਾਂ ਤੇ ਧੀ ਦੀ ਗੋਲੀਆਂ ਵੱਜਣ ਨਾਲ ਮੌਤ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ ਲਾਸ ਵੇਗਾਸ ਦੇ ਇੱਕ ਹੋਟਲ ਵਿਚੋਂ ਗਿਆਰਾਂ ਸਾਲਾ ਧੀ ਤੇ ਉਸ ਦੀ ਮਾਂ ਮ੍ਰਿਤਕ ਹਾਲਤ ਵਿੱਚ ਮਿਲੀਆਂ ਹਨ। ਉਨ੍ਹਾਂ ਦੀ ਮੌਤ ਗੋਲੀਆਂ ਵੱਜਣ ਨਾਲ ਹੋਈ ਹੈ। ਕਲਾਰਕ ਕਾਊਂਟੀ ਕੋਰੋਨਰ ਦੇ ਦਫ਼ਤਰ ਅਨੁਸਾਰ ਮ੍ਰਿਤਕ ਲੜਕੀ ਦੀ ਪਛਾਣ ਐਡੀਲਿਨ ਸਮਿਥ ਤੇ ਉਸ ਦੀ ਮਾਂ ਹੋਪ ਮੈਕਗੀਹਨ (34) ਵਜੋਂ ਹੋਈ ਹੈ। ਉਹ ਵੈਸਟ ਜਾਰਡਨ, ਉਟਾਹ ਦੀਆਂ ਵਸਨੀਕ ਸਨ। ਪੁਲਿਸ ਅਧਿਕਾਰੀ ਲੈਫ਼ਟੀਨੈਂਟ ਰਾਬਰਟ ਪ੍ਰਾਈਸ ਨੇ ਦੱਸਿਆ ਕਿ ਮਾਂ ਤੇ ਧੀ ਚੀਅਰਲੀਡਰ ਮੁਕਾਬਲੇ ਲਈ ਇਥੇ ਆਈਆਂ ਸਨ ਤੇ ਹੋਟਲ ਵਿੱਚ ਠਹਿਰੀਆਂ ਸਨ।


ਪੁਲਿਸ ਅਨੁਸਾਰ ਮਾਮਲਾ ਜਾਂਚ ਅਧੀਨ ਹੈ ਪਰੰਤੂ ਮੌਕੇ ਦੇ ਹਾਲਾਤ ਤੋਂ ਲੱਗਦਾ ਹੈ ਕਿ ਮਾਂ ਨੇ ਪਹਿਲਾਂ ਧੀ ਨੂੰ ਗੋਲੀ ਮਾਰੀ ਤੇ ਬਾਅਦ ਵਿੱਚ ਖੁਦ ਨੂੰ ਵੀ ਗੋਲੀ ਮਾਰੀ ਹੈ। ਮੌਕੇ ਤੋਂ ਇੱਕ ਪੱਤਰ ਵੀ ਬਰਾਮਦ ਹੋਇਆ ਹੈ ਜਿਸ ਦਾ ਵੇਰਵਾ ਪੁਲਿਸ ਨੇ ਜਾਰੀ ਨਹੀਂ ਕੀਤਾ ਹੈ।

## ਸਿਲੀਕੋਨ ਵੈਲੀ ਸੈਂਟਾ ਕਲਾਰਾ ਕੈਲੀਫ਼ੋਰਨੀਆ ਵਿਖੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ









ਸੈਂਟਾ ਕਲਾਰਾ/ਕੈਲੀਫ਼ੋਰਨੀਆ/ਏ.ਟੀ.ਨਿਊਜ਼: ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿਲੀਕੋਨ ਵੈਲੀ ਸਿੱਖ ਗੁਰਦੁਆਰਾ ਸੈਂਟਾ ਕਲਾਰਾ ਕੈਲੀਫ਼ੋਰਨੀਆ ਵਿਖੇ ਹਫ਼ਤਾਵਾਰੀ ਦੀਵਾਨਾ ਵਿੱਚ ਵਿਸ਼ੇਸ਼ ਤੌਰ ’ਤੇ ਵੱਡਾ ਘੱਲੂਘਾਰਾ (ਕੁੱਪ ਰੇਹੀੜਾ) ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਵਾਨ ਵੱਲੋਂ ਵੱਡਾ ਘੱਲੂਘਾਰਾ ਪ੍ਰਤੀ ਮਾਣਮੱਤੇ ਸਿੱਖ ਇਤਿਹਾਸ ’ਤੇ ਰੋਸ਼ਨੀ ਪਾਈ ਗਈ ਕਿ ਅਹਿਮਦ ਸ਼ਾਹ ਅਬਦਾਲੀ ਨੇ ਮਾਲੇਰਕੋਟਲਾ ਨੇੜੇ ਕੁੱਪ ਰੇਹੀੜਾ ਪਿੰਡ ਵਿੱਚ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕੀਤਾ। ਇਹ ਸਿੱਖ ਇਤਿਹਾਸ ਦਾ ਸਭ ਤੋਂ ਵੱਡਾ ਕਤਲੇਆਮ ਸੀ। ਇਸ ਜੰਗ ਵਿੱਚ ਸਿੱਖ ਯੋਧਿਆਂ ਨੇ ਬੜੀ ਬਹਾਦਰੀ ਨਾਲ ਲੜਦਿਆਂ ਆਪਣੇ ਪਰਿਵਾਰਾਂ ਦੀ ਅਤੇ ਵਹੀਰ ਦੀ ਰੱਖਿਆ ਕੀਤੀ। ਇਸ ਜੰਗ ਵਿੱਚ 10 ਹਜ਼ਾਰ ਤੋਂ 30 ਹਜ਼ਾਰ ਦੇ ਕਰੀਬ ਸ਼ਹੀਦੀਆਂ ਹੋਈਆਂ। ਭਾਰੀ ਨੁਕਸਾਨ ਦੇ ਬਾਵਜੂਦ ਸਿੱਖ ਯੋਧਿਆਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਇਸ ਸਾਕੇ ਨੇ ਸਿੱਖਾਂ ਨੂੰ ਹੋਰ ਮਜ਼ਬੂਤ ਕੀਤਾ। ਬਾਅਦ ਵਿੱਚ ਅਬਦਾਲੀ ਨੂੰ ਕਰਾਰੀ ਟੱਕਰ ਦਿੱਤੀ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀ ਤਰਸੇਮ ਸਿੰਘ ਸੁਮੰਨ, ਤਰਲੋਚਨ ਸਿੰਘ ਦੁਪਾਲਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ, ਬਲਕਾਰ ਸਿੰਘ, ਅਮਰਜੀਤ ਸਿੰਘ ਮੁਲਤਾਨੀ, ਜਸਦੀਪ ਸਿੰਘ ਫਰੀਮੋਂਟ ਨੇ ਆਪਣੀਆਂ ਜੋਸ਼ੀਲੀਆਂ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।



ਗੁਰਦੁਆਰਾ ਸਾਹਿਬ ਦੇ ਸਟੇਜ ਸਕੱਤਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਕਵੀ ਹਮੇਸ਼ਾ ਹੀ ਸਾਡੇ ਸੱਦੇ ’ਤੇ ਆਪਣਾ ਕੀਮਤੀ ਸਮਾਂ ਕੱਢ ਕੇ ਸੰਗਤਾਂ ਨੂੰ ਸਿੱਖ ਵਿਰਸੇ ਦੇ ਮਾਣਮੱਤੇ ਇਤਿਹਾਸ ਤੋਂ ਜਾਣੂੰ ਕਰਵਾਉਂਦੇ ਹਨ। ਯਾਦਗਾਰੀ ਤਸਵੀਰਾਂ ਨਾਲ ਪ੍ਰੋਗਰਾਮ ਸੰਪੰਨ ਹੋਇਆ।

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਵਿਸ਼ਵ ਏ.ਆਈ. ਮੰਚ ’ਤੇ ਪੰਜਾਬੀ ਪੁੱਤਰ ਰਣਵੀਰ ਸਿੰਘ ਦਾ ਬੋਲਬਾਲਾ

## 8 ਸਾਲ ਦੀ ਉਮਰ ਵਿੱਚ ਇੰਡੀਆ ਏ.ਆਈ. ਇਮਪੈਕਟ ਸਮਿਟ 2026 ਦਾ ਬਣਿਆ ਮੁੱਖ ਬੁਲਾਰਾ

### 3 ਸਾਲ ਦੀ ਉਮਰ ਤੋਂ ਸ਼ੁਰੂ ਹੋਇਆ ਨਾਸਾ ਅਤੇ ਐਪਲ ਤੱਕ ਦਾ ਸਫ਼ਰ

### ਗੁਰਮਤਿ, ਭਾਰਤੀ ਫ਼ਲਸਫ਼ੇ ਅਤੇ ਏ.ਆਈ. ਵਿਚਕਾਰ ਬਣਾਇਆ ਪੁਲ







ਨਵੀਂ ਦਿੱਲੀ ਵਿਖੇ ਹੋਏ ‘ਇੰਡੀਆ ਏ.ਆਈ. ਇਮਪੈਕਟ ਸਮਿਟ 2026’ ਵਿੱਚ ਮਾਹੌਲ ਬਹੁਤ ਗੰਭੀਰ ਸੀ। ਦੁਨੀਆ ਭਰ ਦੇ ਵੱਡੇ ਟੈਕਨਾਲੋਜੀ ਮਾਹਿਰ, ਵਿਗਿਆਨੀ ਅਤੇ ਨੀਤੀ ਘੜਨ ਵਾਲੇ ਲੋਕ ਭਵਿੱਖ ਦੀ ਤਕਨਾਲੋਜੀ ’ਤੇ ਚਰਚਾ ਕਰ ਰਹੇ ਸਨ। ਪਰ ਇਸ ਵਾਰ ਸਭ ਦੀਆਂ ਨਜ਼ਰਾਂ ਇੱਕ 8 ਸਾਲ ਦੇ ਨਿੱਕੇ ਜਿਹੇ ਬੱਚੇ, ਰਣਵੀਰ ਸਿੰਘ ਸਚਦੇਵਾ ’ਤੇ ਟਿਕੀਆਂ ਹੋਈਆਂ ਸਨ। ਸਿਰ ’ਤੇ ਛੋਟੀ ਜਿਹੀ ਪੱਗ, ਅੱਖਾਂ ’ਤੇ ਚਸ਼ਮਾ ਅਤੇ ਫ਼ਾਰਮਲ ਸੂਟ ਪਹਿਨੇ ਜਦੋਂ ਰਣਵੀਰ ਸਿੰਘ ਸਚਦੇਵਾ ਸਟੇਜ ’ਤੇ ਚੜ੍ਹਿਆ, ਤਾਂ ਪੂਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਉਹ ਇਸ ਗਲੋਬਲ ਸਮਿਟ ਦਾ ਸਭ ਤੋਂ ਘੱਟ ਉਮਰ ਦਾ ਮੁੱਖ ਬੁਲਾਰਾ ਬਣ ਕੇ ਇਤਿਹਾਸ ਰਚ ਰਿਹਾ ਸੀ।

ਰਣਵੀਰ ਨੇ ਆਪਣੇ 20 ਮਿੰਟ ਲੰਬੇ ਭਾਸ਼ਣ ਵਿੱਚ ਸਭ ਨੂੰ ਹੈਰਾਨ ਕਰ ਦਿੱਤਾ। ਉਸ ਨੇ ਸਿਰਫ਼ ਤਕਨਾਲੋਜੀ ਦੀ ਗੱਲ ਨਹੀਂ ਕੀਤੀ, ਸਗੋਂ ਏਆਈ ਨੂੰ ਪ੍ਰਾਚੀਨ ਭਾਰਤੀ ਦਰਸ਼ਨ, ਵੇਦਾਂ, ਉਪਨਿਸ਼ਦਾਂ ਅਤੇ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਨਾਲ ਜੋੜਿਆ। ਉਸ ਨੇ ਕਿਹਾ ਕਿ ਏਆਈ ਸਿਰਫ਼ ਇੱਕ ਨਿਰਜੀਵ ਮਸ਼ੀਨ ਨਹੀਂ ਹੈ, ਸਗੋਂ ਇਹ ਮਨੁੱਖੀ ਭਲਾਈ ਦਾ ਇੱਕ ਜ਼ਰੀਆ ਹੋਣੀ ਚਾਹੀਦੀ ਹੈ। ਉਸ ਦੇ ਇਸ ਵਿਲੱਖਣ ਰਾਹ—ਜਿੱਥੇ ਇੱਕ ਪਾਸੇ ਆਧੁਨਿਕ ਤਕਨਾਲੋਜੀ ਹੈ ਅਤੇ ਦੂਜੇ ਪਾਸੇ ਅਮੀਰ ਸੱਭਿਆਚਾਰਕ ਵਿਰਾਸਤ ਨੇ ਗੂਗਲ ਦੇ ਸੀਈਓ ਸੁੰਦਰ ਪਿਚਾਈ ਅਤੇ ਓਪਨਏਆਈ ਦੇ ਸੈਮ ਆਲਟਮੈਨ ਨੂੰ ਵੀ ਤਾਰੀਫ਼ ਕਰਨ ਲਈ ਮਜਬੂਰ ਕਰ ਦਿੱਤਾ।

ਰਣਵੀਰ ਸਿੰਘ ਸਚਦੇਵਾ ਦੀਆਂ ਪ੍ਰਾਪਤੀਆਂ ਕੇਵਲ ਇੱਕ ਬੱਚੇ ਦੀ ਸਫ਼ਲਤਾ ਨਹੀਂ, ਸਗੋਂ ਤਕਨਾਲੋਜੀ ਦੀ ਦੁਨੀਆ ਵਿੱਚ ਇੱਕ ਇਨਕਲਾਬ ਵਾਂਗ ਹਨ। 8 ਸਾਲ ਦੀ ਨਿੱਕੀ ਉਮਰ ਵਿੱਚ ਉਸ ਨੇ ਅਜਿਹੇ ਮੀਲ ਪੱਥਰ ਗੱਡੇ ਹਨ ਜੋ ਵੱਡੇ-ਵੱਡੇ ਵਿਗਿਆਨੀਆਂ ਲਈ ਵੀ ਸੁਪਨਾ ਹੁੰਦੇ ਹਨ।

ਰਣਵੀਰ ਸਿੰਘ ਸਚਦੇਵਾ ਦਾ ਜਨਮ 2017 ਵਿੱਚ ਨੋਇਡਾ ਵਿੱਚ ਹੋਇਆ ਸੀ। ਉਸ ਦੀ ਪ੍ਰਤਿਭਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਿੱਥੇ ਬੱਚੇ ਖਿਡੌਣਿਆਂ ਨਾਲ ਖੇਡਦੇ ਹਨ, ਉੱਥੇ ਰਣਵੀਰ 3 ਸਾਲ ਦੀ ਉਮਰ ਵਿੱਚ ਕੋਡਿੰਗ ਸਿੱਖ ਰਿਹਾ ਸੀ। ਉਸ ਨੇ ਐਪਲ ਦੀ ‘ਸਵਿਫ਼ਟ’ ਭਾਸ਼ਾ ਵਿੱਚ ਪ੍ਰੋਗਰਾਮ ਬਣਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਦੁਨੀਆ ਦਾ ਸਭ ਤੋਂ ਛੋਟੀ ਉਮਰ ਦਾ ਸਵਿਫ਼ਟ ਪ੍ਰੋਗਰਾਮਰ ਬਣ ਗਿਆ ਸੀ।

ਉਸ ਦੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਮੋੜ 20 ਅਪ੍ਰੈਲ 2023 ਨੂੰ ਆਇਆ ਸੀ, ਜਦੋਂ ਉਹ ਦਿੱਲੀ ਵਿੱਚ ਐਪਲ ਦੇ ਪਹਿਲੇ ਸਟੋਰ ਦੇ ਉਦਘਾਟਨ ਮੌਕੇ ਟਿਮ ਕੁੱਕ ਨੂੰ ਮਿਲਿਆ ਸੀ। ਰਣਵੀਰ ਸਿੰਘ ਨੇ ਟਿਮ ਕੁੱਕ ਨੂੰ ਆਪਣੀ ਬਣਾਈ ਹੋਈ ਐਪ ਦਿਖਾਈ, ਜਿਸ ਤੋਂ ਪ੍ਰਭਾਵਿਤ ਹੋ ਕੇ ਕੁੱਕ ਨੇ ਉਸ ਨੂੰ ਕੈਲੀਫ਼ੋਰਨੀਆ ਵਿੱਚ ਹੋਣ ਵਾਲੀ ‘ਵਰਲਡਵਾਈਡ ਡਿਵੈਲਪਰ ਕਾਨਫ਼ਰੰਸ’ ਲਈ ਨਿੱਜੀ ਸੱਦਾ ਦਿੱਤਾ ਸੀ। ਉਹ ਐਪਲ ਦੀ ਡਿਵੈਲਪਰ ਕਮਿਊਨਿਟੀ ਦਾ ਸਭ ਤੋਂ ਨਿੱਕੀ ਉਮਰ ਦਾ ਸਰਗਰਮ ਮੈਂਬਰ ਬਣਿਆ ਸੀ। ਇੰਨਾ ਹੀ ਨਹੀਂ, ਰਣਵੀਰ ਅੱਜ 8 ਸਾਲ ਦੀ ਉਮਰ ਵਿੱਚ ਦੁਨੀਆ ਦੀ ਨਾਮਵਰ ਹਾਰਵਰਡ ਯੂਨੀਵਰਸਿਟੀ ਤੋਂ ਮਸ਼ੀਨ ਲਰਨਿੰਗ ਦਾ ਆਨਲਾਈਨ ਕੋਰਸ ਕਰ ਰਿਹਾ ਹੈ, ਜੋ ਕਿ ਆਪਣੇ ਆਪ ਵਿੱਚ ਇੱਕ ਮਿਸਾਲ ਹੈ।





**ਨਾਸਾ ਵੱਲੋਂ ਮਾਨਤਾ ਅਤੇ ਸਪੇਸ ਟੈਕਨਾਲੋਜੀ**

4 ਸਾਲ ਦੀ ਉਮਰ ਵਿੱਚ, ਜਿੱਥੇ ਬੱਚੇ ਕਾਗਜ਼ ਦੇ ਜਹਾਜ਼ ਬਣਾਉਂਦੇ ਹਨ, ਰਣਵੀਰ ਨੇ ਮੰਗਲ ਗ੍ਰਹਿ ਲਈ ਇੱਕ ਪ੍ਰੋਟੋਟਾਈਪ ਰਾਕੇਟ ਤਿਆਰ ਕੀਤਾ। ਉਸ ਦੇ ਇਸ ਰਾਕੇਟ ਦੀ ਖਾਸੀਅਤ ਇਹ ਸੀ ਕਿ ਇਸ ਵਿੱਚ ਏਆਈ ਅਧਾਰਿਤ ਸਵੈ-ਨੈਵੀਗੇਸ਼ਨ ਸਿਸਟਮ ਲੱਗਾ ਹੋਇਆ ਸੀ।

ਨਾਸਾ ਦੀ ਜੈੱਟ ਪ੍ਰੋਪਲਸ਼ਨ ਲੈਬਾਰਟਰੀ ਨੇ ਉਸ ਦੇ ਇਸ ਮਾਡਲ ਦੀ ਸਮੀਖਿਆ ਕੀਤੀ ਅਤੇ ਉਸ ਦੀ ਵਿਗਿਆਨਕ ਸੋਚ ਨੂੰ ਮਾਨਤਾ ਦਿੱਤੀ ਸੀ। ਸਾਲ 2024-2025 ਉਸ ਲਈ ਬਹੁਤ ਵਧੀਆ ਰਿਹਾ ਸੀ, ਜਦੋਂ ਉਸ ਨੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ ਹਿੱਸਾ ਲਿਆ ਸੀ ਅਤੇ ਸੈਕਟਰੀ ਜਨਰਲ ਐਂਟੋਨੀਓ ਗੁਟੇਰੇਸ ਨਾਲ ਮੁਲਾਕਾਤ ਕੀਤੀ ਸੀ। ਗੁਟੇਰੇਸ ਨੇ ਉਸ ਨੂੰ ਇੱਕ ਬਿਹਤਰ ਦੁਨੀਆ ਬਣਾਉਣ ਲਈ ਸ਼ਾਬਾਸ਼ੀ ਦਿੱਤੀ ਸੀ। ਜਿਨੇਵਾ ਵਿੱਚ ‘ਏਆਈ ਫ਼ਾਰ ਗੁੱਡ’ ਸਮਿਟ ਦੌਰਾਨ ਉਸ ਨੇ ‘ਏਆਈ ਦੇ ਗੌਡਫ਼ਾਦਰ’ ਕਹੇ ਜਾਣ ਵਾਲੇ ਜੈਫ਼ਰੀ ਹਿੰਟਨ ਨਾਲ ਮੰਚ ਸਾਂਝਾ ਕੀਤਾ ਸੀ। ਉਸ ਨੂੰ ਇੰਟਰਨੈਸ਼ਨਲ ਟੈਲੀਕਮਿਊਨੀਕੇਸ਼ਨ ਯੂਨੀਅਨ ਦਾ ਯੂਥ ਅੰਬੈਸਡਰ ਨਿਯੁਕਤ ਕੀਤਾ ਗਿਆ ਸੀ।

**ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਮੰਚ ’ਤੇ ਪਹਿਚਾਣ**

ਰਣਵੀਰ ਨੇ ਕੌਮਾਂਤਰੀ ਪੱਧਰ ’ਤੇ ਭਾਰਤ ਤੇ ਸਿੱਖ ਪੰਥ ਦਾ ਮਾਣ ਵਧਾਇਆ ਸੀ।

2023 ਵਿੱਚ ਉਸ ਨੇ ਆਈਆਈਟੀ ਦਿੱਲੀ ਤੋਂ ਰੋਬੋਟਿਕਸ ਅਤੇ ਏਆਈ ਵਿੱਚ ਸਰਟੀਫ਼ਿਕੇਟ ਪ੍ਰਾਪਤ ਕੀਤਾ ਸੀ, ਉਹ ਇਹ ਸਨਮਾਨ ਪਾਉਣ ਵਾਲਾ ਸਭ ਤੋਂ ਨਿੱਕਾ ਵਿਅਕਤੀ ਹੈ।

ਉਸ ਕੋਲ ਗੂਗਲ ਵੱਲੋਂ ‘ਰਿਸਪੌਂਸੀਬਲ ਏਆਈ’ ਵਿੱਚ ਵਿਸ਼ੇਸ਼ ਸਰਟੀਫ਼ਿਕੇਟ ਹੈ।

ਰਣਵੀਰ ਨੇ ਇੱਕ ਕਿਤਾਬ ਲਿਖੀ ਹੈ ਜਿਸਦਾ ਨਾਮ ਹੈ ਆਰ ਯੂ ਬਾਰਨ ਵਿਦ ਏਆਈ? । ਇਹ ਕਿਤਾਬ ਦੁਨੀਆ ਭਰ ਦੇ ਬੱਚਿਆਂ ਨੂੰ ਏਆਈ ਬਾਰੇ ਸਹੀ ਅਤੇ ਨੈਤਿਕ ਜਾਣਕਾਰੀ ਦਿੰਦੀ ਹੈ।

ਉਸ ਨੇ ਖੁਦ ਦਾ ਇੱਕ ਚੈਟਬੋਟ ਵਿਕਸਿਤ ਕੀਤਾ ਹੈ ਜੋ ਬੱਚਿਆਂ ਨੂੰ ਖੇਡ-ਖੇਡ ਵਿੱਚ ਤਕਨਾਲੋਜੀ ਅਤੇ ਕੋਡਿੰਗ ਸਿਖਾਉਂਦਾ ਹੈ।

ਰਣਵੀਰ ਨੇ ਇੱਕ ਅਜਿਹਾ ਏਆਈ ਟੂਲ ਬਣਾਇਆ ਹੈ ਜੋ ਮੌਸਮ ਅਤੇ ਫ਼ਸਲਾਂ ਦੀਆਂ ਬਿਮਾਰੀਆਂ ਬਾਰੇ ਸਹੀ ਜਾਣਕਾਰੀ ਦਿੰਦਾ ਹੈ, ਤਾਂ ਜੋ ਕਿਸਾਨਾਂ ਦੀ ਮਦਦ ਹੋ ਸਕੇ।

6 ਸਾਲ ਦੀ ਉਮਰ ਵਿੱਚ ਉਸ ਨੇ ਟੈਕਨਾਲੋਜੀ ਅਤੇ ਨਵੀਨਤਾ ’ਤੇ ਆਪਣਾ ਪਹਿਲਾ ਟੈਡਐਕਸ ਭਾਸ਼ਣ ਦਿੱਤਾ।

ਉਸ ਨੇ ਇਸ ਕੌਮਾਂਤਰੀ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤ ਕੇ ਆਪਣੀ ਬਹੁਪੱਖੀ ਪ੍ਰਤਿਭਾ ਦਾ ਸਬੂਤ ਦਿੱਤਾ।

ਰਣਵੀਰ ਦੀਆਂ ਇਹ ਪ੍ਰਾਪਤੀਆਂ ਸਿਰਫ਼ ਰਿਕਾਰਡ ਨਹੀਂ ਹਨ, ਸਗੋਂ ਇਹ ਦਰਸਾਉਂਦੀਆਂ ਹਨ ਕਿ ਉਹ ਆਉਣ ਵਾਲੇ ਸਮੇਂ ਵਿੱਚ ਭਾਰਤ ਨੂੰ ਵਿਸ਼ਵ ਦੀ ਟੈਕ-ਸੁਪਰਪਾਵਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

# ਓਪਨ ਏ.ਆਈ. ਦੇ ਮਾਲਕ ਸੈਮ ਅਲਟਮੈਨ ਨੇ ਏ.ਆਈ. ਦੁਨੀਆ ’ਚ ਕਿਵੇਂ ਕੀਤਾ ਵਿਕਾਸ ?

## 8 ਸਾਲ ਦੀ ਉਮਰ ਵਿੱਚ ਕੀਤੀ ਕੋਡਿੰਗ ਤੇ ਫਿਰ ਚੈਟ ਜੀਪੀਟੀ ਦਾ ਕੀਤਾ ਧਮਾਕਾ

ਅੱਜ ਦੇ ਦੌਰ ਵਿੱਚ ਜਦੋਂ ਵੀ ਸਾਨੂੰ ਕੋਈ ਲੇਖ ਲਿਖਵਾਉਣਾ ਹੋਵੇ, ਕੰਪਿਊਟਰ ਪ੍ਰੋਗਰਾਮ ਬਣਾਉਣਾ ਹੋਵੇ ਜਾਂ ਕੋਈ ਗੁੰਝਲਦਾਰ ਸਵਾਲ ਪੁੱਛਣਾ ਹੋਵੇ, ਤਾਂ ਸਭ ਤੋਂ ਪਹਿਲਾ ਨਾਮ ਚੈਟਜੀਪੀਟੀ ਦਾ ਆਉਂਦਾ ਹੈ। ਇਸ ਕ੍ਰਾਂਤੀਕਾਰੀ ਟੂਲ ਨੂੰ ਬਣਾਉਣ ਵਾਲੇ ਵਿਅਕਤੀ ਦਾ ਨਾਮ ਹੈ ਸੈਮ ਅਲਟਮੈਨ। ਅਮਰੀਕਾ ਦੇ ਸੈਂਟ ਲੁਈਸ ਵਿੱਚ ਜਨਮੇ ਸੈਮ ਨੂੰ ਬਚਪਨ ਤੋਂ ਹੀ ਤਕਨਾਲੋਜੀ ਦਾ ਇੰਨਾ ਸ਼ੌਕ ਸੀ ਕਿ ਉਨ੍ਹਾਂ ਨੇ ਮਹਿਜ਼ 8 ਸਾਲ ਦੀ ਉਮਰ ਵਿੱਚ ਹੀ ਕੋਡਿੰਗ ਸਿੱਖ ਲਈ ਸੀ।

ਸੈਮ ਨੇ ਸਟੈਨਫੋਰਡ ਯੂਨੀਵਰਸਿਟੀ ਵਿੱਚ ਕੰਪਿਊਟਰ ਸਾਇੰਸ ਦੀ ਪੜ੍ਹਾਈ ਸ਼ੁਰੂ ਕੀਤੀ, ਪਰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਵਿਚਕਾਰ ਹੀ ਪੜ੍ਹਾਈ ਛੱਡ ਦਿੱਤੀ । ਉਨ੍ਹਾਂ ਦਾ ਸਫ਼ਰ ‘ਲੂਪਟ’ ਨਾਮ ਦੇ ਸਟਾਰਟਅੱਪ ਤੋਂ ਸ਼ੁਰੂ ਹੋਇਆ। ਇਹ ਇੱਕ ਮੋਬਾਈਲ ਸੋਸ਼ਲ ਮੈਪਿੰਗ ਸੇਵਾ ਸੀ ਜਿਸ ਨੂੰ ਸੈਮ ਅਲਟਮੈਨ ਨੇ 2005 ਵਿੱਚ ਆਪਣੇ ਸਾਥੀਆਂ ਨਾਲ ਮਿਲ ਕੇ ਸ਼ੁਰੂ ਕੀਤਾ ਸੀ। ਇਹ ਐਪ ਖਪਤਕਾਰਾਂ ਨੂੰ ਇੱਕ ਦੂਜੇ ਦੀ ਲੋਕੇਸ਼ਨ ਸ਼ੇਅਰ ਕਰਨ ਦੀ ਇਜਾਜ਼ਤ ਦਿੰਦੀ ਸੀ ਤਾਂ ਜੋ ਦੋਸਤ ਇਹ ਜਾਣ ਸਕਣ ਕਿ ਉਹ ਕਿੱਥੇ ਹਨ ਅਤੇ ਇੱਕ-ਦੂਜੇ ਨੂੰ ਆਸਾਨੀ ਨਾਲ ਮਿਲ ਸਕਣ। ਸੈਮ ਅਲਟਮੈਨ ਨੇ ਇਸ ਸਟਾਰਟਅੱਪ ’ਤੇ ਧਿਆਨ ਦੇਣ ਲਈ ਸਟੈਨਫੋਰਡ ਯੂਨੀਵਰਸਿਟੀ ਦੀ ਪੜ੍ਹਾਈ ਵਿਚਕਾਰ ਹੀ ਛੱਡ ਦਿੱਤੀ ਸੀ। ਇਹ ਉਹਨਾਂ ਪਹਿਲੇ ਸਟਾਰਟਅੱਪਸ ਵਿੱਚੋਂ ਇੱਕ ਸੀ ਜਿਸ ਨੂੰ ਮਸ਼ਹੂਰ ਕੰਪਨੀ ਵਾਲੀ ਕੋਮਬੀਨੇਟਰ ਨੇ ਫੰਡ ਦਿੱਤਾ ਸੀ।



ਸਾਲ 2012 ਵਿੱਚ, ਇਸ ਕੰਪਨੀ ਨੂੰ ‘ਗਰੀਨ ਡਾਟ ਕਾਰਪੋਰੇਸ਼ਨ’ ਵੱਲੋਂ ਲਗਭਗ 43 ਮਿਲੀਅਨ ਡਾਲਰ (ਲਗਭਗ 350 ਕਰੋੜ ਰੁਪਏ) ਵਿੱਚ ਖਰੀਦ ਲਿਆ ਗਿਆ ਸੀ ਅਤੇ ਫਿਰ ਉਨ੍ਹਾਂ ਨੇ ਦੁਨੀਆ ਦੇ ਮਸ਼ਹੂਰ ਸਟਾਰਟਅੱਪ ਐਕਸੇਲੇਰੇਟਰ ‘ਵਾਈ ਕਾਮਬੀਨੇਟਰ’ ਦੀ ਕਮਾਨ ਸੰਭਾਲੀ, ਜਿਸ ਨੇ ਏਅਰਬੀਐਨਬੀ ਵਰਗੀਆਂ ਵੱਡੀਆਂ ਕੰਪਨੀਆਂ ਨੂੰ ਜਨਮ ਦਿੱਤਾ ਸੀ।

ਸਾਲ 2015 ਵਿੱਚ ਸੈਮ ਅਲਟਮੈਨ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਇਨਸਾਨੀਅਤ ਦੇ ਭਲੇ ਲਈ ਵਰਤਣ ਦੇ ਮਕਸਦ ਨਾਲ ਓਪਨ ਏ.ਆਈ. ਦੀ ਨੀਂਹ ਰੱਖੀ। ਸ਼ੁਰੂਆਤ ਵਿੱਚ ਫੰਡਾਂ ਦੀ ਕਮੀ ਸੀ, ਪਰ 2019 ਵਿੱਚ ਮਾਈਕ੍ਰੋਸਾਫਟ ਦੇ ਵੱਡੇ ਨਿਵੇਸ਼ ਨੇ ਕੰਪਨੀ ਦੀ ਕਿਸਮਤ ਬਦਲ ਦਿੱਤੀ ਸੀ।

ਧਮਾਕੇਦਾਰ ਲਾਂਚਿੰਗ: 30 ਨਵੰਬਰ 2022 ਨੂੰ ਚੈਟਜੀਪੀਟੀ ਲਾਂਚ ਹੋਇਆ ਅਤੇ ਸਿਰਫ 5 ਦਿਨਾਂ ਵਿੱਚ ਇਸ ਦੇ 10 ਲੱਖ ਯੂਜ਼ਰਸ ਬਣ ਗਏ। ਫਰਵਰੀ 2026 ਤੱਕ, ਚੈਟਜੀਪੀਟੀ ਦੇ ਹਫ਼ਤਾਵਾਰੀ ਵਰਤੋਂਕਾਰਾਂ ਦੀ ਗਿਣਤੀ 80 ਕਰੋੜ (800 ਮਿਲੀਅਨ) ਨੂੰ ਪਾਰ ਕਰ ਚੁੱਕੀ ਹੈ।

ਉਤਰਾਅ-ਚੜ੍ਹਾਅ: 2023 ਵਿੱਚ ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਬੋਰਡ ਨੇ ਸੈਮ ਨੂੰ ਸੀਈਓ ਦੇ ਅਹੁਦੇ ਤੋਂ ਹਟਾ ਦਿੱਤਾ ਸੀ, ਪਰ ਮੁਲਾਜ਼ਮਾਂ ਦੇ ਭਾਰੀ ਸਮਰਥਨ ਕਾਰਨ ਉਨ੍ਹਾਂ ਦੀ ਕੁਝ ਹੀ ਦਿਨਾਂ ਵਿੱਚ ਸ਼ਾਨਦਾਰ ਵਾਪਸੀ ਹੋਈ। ਦਿਲਚਸਪ ਗੱਲ ਇਹ ਹੈ ਕਿ ਸੈਮ ਕੋਲ ਓਪਨ ਏ.ਆਈ. ਦਾ ਕੋਈ ਸ਼ੇਅਰ ਨਹੀਂ ਹੈ, ਉਨ੍ਹਾਂ ਦੀ ਅਮੀਰੀ ਦੂਜੀਆਂ ਕੰਪਨੀਆਂ (ਜਿਵੇਂ ਰੈਡਿਟ, ਸਟਰਾਈਪ) ਵਿੱਚ ਕੀਤੇ ਨਿਵੇਸ਼ ਸਦਕਾ ਹੈ।

**ਭਾਰਤ ਫੇਰੀ ਅਤੇ ਏ.ਆਈ. ਦੇ ਭਵਿੱਖ ’ਤੇ ਸੈਮ ਅਲਟਮੈਨ ਦਾ ਨਜ਼ਰੀਆ**



ਸੈਮ ਅਲਟਮੈਨ ਪਿਛਲੇ ਦਿਨੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਹੋਈ ਇੰਡੀਆ ਏ.ਆਈ. ਇਮਪੈਕਟ ਸਮਿਟ 2026 ਵਿੱਚ ਹਿੱਸਾ ਲੈਣ ਲਈ ਭਾਰਤ ਆਏ ਹੋਏ ਸਨ।

ਸੈਮ ਦਾ ਮੰਨਣਾ ਹੈ ਕਿ ਏ.ਆਈ. ਇਨਸਾਨਾਂ ਦੀ ਜਗ੍ਹਾ ਲੈਣ ਲਈ ਨਹੀਂ, ਸਗੋਂ ਉਨ੍ਹਾਂ ਦੇ ਕੰਮ ਨੂੰ ਸੌਖਾ ਤੇ ਬਿਹਤਰ ਬਣਾਉਣ ਲਈ ਬਣਾਇਆ ਗਿਆ ਹੈ। ਉਨ੍ਹਾਂ ਮੁਤਾਬਕ ਤਕਨੀਕ ਪਹਿਲਾਂ ਆਉਂਦੀ ਹੈ ਅਤੇ ਪੈਸਾ ਬਾਅਦ ਵਿੱਚ। ਨਿੱਜੀ ਜ਼ਿੰਦਗੀ ਦੀ ਗੱਲ ਕਰੀਏ ਤਾਂ ਸੈਮ ਨੇ ਜਨਵਰੀ 2024 ਵਿੱਚ ਓਲੀਵਰ ਮੁਲਹੇਰਿਨ ਨਾਲ ਵਿਆਹ ਕੀਤਾ ਸੀ ਅਤੇ ਫਰਵਰੀ 2025 ਵਿੱਚ ਉਹ ਇੱਕ ਬੇਟੇ ਦੇ ਪਿਤਾ ਬਣੇ। ਇੰਨੀ ਦੌਲਤ ਹੋਣ ਦੇ ਬਾਵਜੂਦ, ਸੈਮ ਨੇ ਆਪਣੀ ਜ਼ਿਆਦਾਤਰ ਸੰਪਤੀ ਦਾਨ ਕਰਨ ਦਾ ਫੈਸਲਾ ਕੀਤਾ ਹੈ।

## ਸੁਪਰੀਮ ਕੋਰਟ ਦੇ ਝਟਕੇ ਤੋਂ ਬਾਅਦ ਟਰੰਪ ਦਾ ਪਲਟਵਾਰ

# ਟਰੰਪ ਨੇ ਗਲੋਬਲ ਟੈਰਿਫ਼ 10 ਫ਼ੀਸਦੀ ਤੋਂ ਵਧਾ ਕੇ 15 ਫ਼ੀਸਦੀ ਕੀਤਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਕਿ ਉਹ ਆਲਮੀ ਟੈਰਿਫ਼, ਜੋ ਉਹ ਲਾਉਣਾ ਚਾਹੁੰਦੇ ਹਨ, ਵਧਾ ਕੇ 15 ਫ਼ੀਸਦੀ ਕਰ ਰਹੇ ਹਨ। ਇਹ ਇਸ ਤੋਂ ਇੱਕ ਦਿਨ ਪਹਿਲਾਂ ਐਲਾਨੇ 10 ਫ਼ੀਸਦੀ ਟੈਰਿਫ਼ ਤੋਂ ਵੱਧ ਹੈ। ਉਨ੍ਹਾਂ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਉਹ ਇਹ ਫ਼ੈਸਲਾ ਅਮਰੀਕੀ ਸੁਪਰੀਮ ਕੋਰਟ ਵੱਲੋਂ ਪਿਛਲੇ ਦਿਨੀਂ ਟੈਰਿਫ਼ਾਂ ਬਾਰੇ ਸੁਣਾਏ ਗਏ 'ਹਾਸੋ-ਹੀਣੇ ਤੇ ਅਸਧਾਰਨ ਤੌਰ 'ਤੇ ਅਮਰੀਕਾ ਵਿਰੋਧੀ ਫ਼ੈਸਲੇ' ਦੀ ਪੂਰੀ ਅਤੇ ਵਿਸਤਾਰਤ ਸਮੀਖਿਆ ਦੇ ਆਧਾਰ 'ਤੇ ਲੈ ਰਹੇ ਹਨ। ਅਦਾਲਤ ਵੱਲੋਂ ਇਹ ਫ਼ੈਸਲਾ ਸੁਣਾਏ ਜਾਣ ਤੋਂ ਬਾਅਦ ਕਿ ਰਾਸ਼ਟਰਪਤੀ ਕੋਲ ਕੋਈ ਵੀ ਵਿਆਪਕ ਟੈਰਿਫ਼ ਲਗਾਉਣ ਦੀ ਐਮਰਜੈਂਸੀ ਸ਼ਕਤੀ ਨਹੀਂ ਹੈ, ਟਰੰਪ ਨੇ ਲੰਘੀ ਰਾਤ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਸਨ ਜਿਸ ਤਹਿਤ ਉਨ੍ਹਾਂ 10 ਫ਼ੀਸਦੀ ਆਲਮੀ ਟੈਰਿਫ਼ ਲਾਇਆ ਸੀ ਅਤੇ ਇਸ ਤਹਿਤ ਭਾਰਤ 'ਤੇ ਵੀ 18 ਦੀ ਥਾਂ 10 ਫ਼ੀਸਦੀ ਟੈਰਿਫ਼ ਲਾਗੂ ਹੋਣਾ ਸੀ। ਇਸ ਸਬੰਧੀ ਐਲਾਨ 'ਚ ਟਰੰਪ ਨੇ ਕਿਹਾ ਸੀ ਕਿ ਉਹ ਅਮਰੀਕਾ 'ਚ ਦਰਾਮਦ ਹੋਣ ਵਾਲੀਆਂ ਵਸਤਾਂ 'ਤੇ 150 ਦਿਨਾਂ ਦੀ ਮਿਆਦ ਲਈ ਮੁੱਲ ਆਧਾਰ 'ਤੇ 10 ਫ਼ੀਸਦੀ ਆਰਜ਼ੀ ਦਰਾਮਦ ਟੈਰਿਫ਼ ਲਗਾ ਰਹੇ ਹਨ, ਜੋ 24 ਫ਼ਰਵਰੀ ਤੋਂ ਲਾਗੂ ਹੋਵੇਗਾ। ਦੁਨੀਆ ਭਰ ਦੇ ਮੁਲਕਾਂ 'ਤੇ ਇਹ ਨਵਾਂ 10 ਫ਼ੀਸਦੀ ਟੈਰਿਫ਼ ਲਾਗੂ ਹੋਣ



ਨਾਲ ਅਮਰੀਕਾ 'ਚ ਦਰਾਮਦ ਹੁੰਦੀਆਂ ਭਾਰਤੀ ਵਸਤਾਂ 'ਤੇ ਹੁਣ ਉਹ 18 ਫ਼ੀਸਦੀ ਟੈਰਿਫ਼ ਲਾਗੂ ਨਹੀਂ ਹੋਵੇਗਾ, ਜੋ ਭਾਰਤ ਤੇ ਅਮਰੀਕਾ ਦਰਮਿਆਨ ਅੰਤਰਿਮ ਵਪਾਰ ਸਮਝੌਤੇ ਦੇ ਢਾਂਚੇ ਦੇ ਐਲਾਨ ਤੋਂ ਬਾਅਦ ਤੈਅ ਕੀਤਾ ਗਿਆ ਸੀ। ਅਦਾਲਤ ਦੇ ਫ਼ੈਸਲੇ ਤੋਂ ਬਾਅਦ ਟਰੰਪ ਨੇ ਐਲਾਨਨਾਮੇ 'ਤੇ ਦਸਤਖ਼ਤ ਕੀਤੇ, ਜਿਸ ਵਿੱਚ ਕਿਹਾ ਗਿਆ ਕਿ 'ਬੁਨਿਆਦੀ ਕੌਮਾਂਤਰੀ ਭੁਗਤਾਨ ਸਮੱਸਿਆਵਾਂ ਨਾਲ ਨਜਿੱਠਣ ਅਤੇ ਅਮਰੀਕੀ ਕਾਮਿਆਂ, ਕਿਸਾਨਾਂ ਅਤੇ ਨਿਰਮਾਤਾਵਾਂ ਦੇ ਹਿੱਤ ਵਿੱਚ ਸਾਡੇ ਵਪਾਰਕ ਸਬੰਧਾਂ ਨੂੰ ਮੁੜ ਤਵਾਜ਼ਨ ਵਾਲੇ ਬਣਾਉਣ ਲਈ ਆਰਜ਼ੀ ਦਰਾਮਦ ਡਿਊਟੀ (ਟੈਰਿਫ਼) ਲਗਾਈ ਜਾ ਰਹੀ ਹੈ।" ਟਰੁੱਥ ਸੋਸ਼ਲ 'ਤੇ ਪਾਈ ਪੋਸਟ 'ਚ ਇਹ ਐਲਾਨ ਸਾਂਝਾ ਕਰਦਿਆਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਓਵਲ ਦਫ਼ਤਰ ਤੋਂ ਸਾਰੇ ਦੇਸ਼ਾਂ 'ਤੇ 10 ਫ਼ੀਸਦ ਆਲਮੀ ਟੈਰਿਫ਼ ਲਾਗੂ ਕਰਨਾ ਮੇਰੇ ਲਈ ਵੱਡਾ ਸਨਮਾਨ ਹੈ, ਜੋ ਤੁਰੰਤ ਲਾਗੂ ਹੋਵੇਗਾ। ਇਸ ਮਾਮਲੇ 'ਤੇ ਧਿਆਨ ਦੇਣ ਲਈ ਧੰਨਵਾਦ।" ਇਸ ਤੋਂ ਪਹਿਲਾਂ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਕਿਹਾ ਸੀ ਕਿ ਭਾਰਤ ਨਾਲ ਵਪਾਰ ਸਮਝੌਤੇ 'ਚ 'ਕੁਝ ਨਹੀਂ ਬਦਲੇਗਾ' ਅਤੇ ਭਾਰਤ ਨੂੰ ਟੈਰਿਫ਼ ਦੇਣਾ ਪਵੇਗਾ। ਉਨ੍ਹਾਂ ਪੱਤਰਕਾਰ ਸੰਮੇਲਨ ਦੌਰਾਨ ਆਪਣਾ ਦਾਅਵਾ ਦੁਹਰਾਇਆ ਕਿ ਉਨ੍ਹਾਂ ਪਿਛਲੇ ਸਾਲ ਗਰਮੀਆਂ 'ਚ ਭਾਰਤ ਤੇ ਪਾਕਿਸਤਾਨ ਦਰਮਿਆਨ ਸੰਘਰਸ਼ ਟੈਰਿਫ਼ ਦੀ ਧਮਕੀ ਦੇ ਕੇ ਰੁਕਵਾਇਆ ਸੀ ਦੂਜੇ ਪਾਸੇ ਅਮਰੀਕੀ ਸੈਨੇਟਰ ਚੱਕ ਸ਼ੂਮਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਟੈਰਿਫ਼ ਲਾਏ ਜਾਣ ਦੇ ਫ਼ੈਸਲੇ ਨੂੰ 'ਗੈਰ-ਕਾਨੂੰਨੀ' ਕਰਾਰ ਦਿੱਤਾ ਤੇ ਕਿਹਾ ਹੈ ਕਿ 'ਪੈਸਾ ਵਾਪਸ ਕੀਤਾ ਜਾਣਾ ਚਾਹੀਦਾ ਹੈ'।

## ਵਪਾਰਕ ਸਮਝੌਤਿਆਂ ਤੋਂ ਪਿੱਛੇ ਹਟਣ ਵਾਲੇ ਦੇਸ਼ਾਂ 'ਤੇ ਭਾਰੀ ਟੈਰਿਫ਼ ਲਗਾਇਆ ਜਾਵੇਗਾ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਨ੍ਹਾਂ ਦੇਸ਼ਾਂ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ ਜੋ ਅਮਰੀਕਾ ਨਾਲ ਹੋਏ ਤਾਜ਼ਾ ਵਪਾਰਕ ਸਮਝੌਤਿਆਂ ਤੋਂ ਪਿੱਛੇ ਹਟਣ ਦੀ ਕੋਸ਼ਿਸ਼ ਕਰ ਰਹੇ ਹਨ। ਸੁਪਰੀਮ ਕੋਰਟ ਵੱਲੋਂ ਉਨ੍ਹਾਂ ਦੇ ਐਮਰਜੈਂਸੀ ਟੈਰਿਫ਼ਾਂ ਨੂੰ ਰੱਦ ਕੀਤੇ ਜਾਣ ਤੋਂ ਬਾਅਦ, ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਸਾਫ਼ ਕੀਤਾ ਕਿ ਜਿਹੜੇ ਦੇਸ਼ ਇਸ ਫ਼ੈਸਲੇ ਦਾ ਫ਼ਾਇਦਾ ਉਠਾ ਕੇ 'ਗੇਮਾਂ ਖੇਡਣਗੇ', ਉਨ੍ਹਾਂ ਨੂੰ ਪਹਿਲਾਂ ਨਾਲੋਂ ਵੀ ਕਿਤੇ ਵੱਧ ਅਤੇ 'ਭਿਆਨਕ' ਟੈਰਿਫ਼ਾਂ ਦਾ ਸਾਹਮਣਾ ਕਰਨਾ ਪਵੇਗਾ।ਉਨ੍ਹਾਂ ਕਿਹਾ ਕਿ ਹਾਲਾਂਕਿ ਅਦਾਲਤ ਨੇ ਇੱਕ ਕਾਨੂੰਨ ਤਹਿਤ ਟੈਰਿਫ਼ ਰੱਦ ਕੀਤੇ ਹਨ, ਪਰ ਉਹ ਹੋਰ ਕਾਨੂੰਨੀ ਸ਼ਕਤੀਆਂ ਦੀ ਵਰਤੋਂ ਕਰਕੇ ਵਧੇਰੇ ਸਖ਼ਤੀ ਨਾਲ ਟੈਕਸ ਲਗਾਉਣ ਦੀ ਸਮਰੱਥਾ ਰੱਖਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਵਪਾਰਕ ਭਾਈਵਾਲਾਂ 'ਤੇ ਨਵੀਂ ਲਾਇਸੈਂਸ ਫ਼ੀਸ ਲਗਾਉਣ ਦਾ ਸੰਕੇਤ ਵੀ ਦਿੱਤਾ ਹੈ।

ਇਸ ਦੌਰਾਨ, ਟਰੰਪ ਨੇ 15% ਦੀ ਨਵੀਂ ਦਰਾਮਦ ਡਿਊਟੀ ਦਾ ਐਲਾਨ ਕੀਤਾ ਹੈ, ਜਿਸ ਕਾਰਨ ਵਿਸ਼ਵ ਬਾਜ਼ਾਰਾਂ ਵਿੱਚ ਹਲਚਲ ਮਚ ਗਈ ਹੈ। ਯੂਰਪੀ ਸੰਘ ਨੇ ਅਮਰੀਕਾ ਨਾਲ ਹੋਣ ਵਾਲੇ ਆਪਣੇ ਵਪਾਰਕ ਸਮਝੌਤੇ ਦੀ ਵੋਟਿੰਗ ਨੂੰ ਫ਼ਿਲਹਾਲ ਮੁਲਤਵੀ ਕਰ ਦਿੱਤਾ ਹੈ, ਜਦੋਂਕਿ ਭਾਰਤ ਅਤੇ ਚੀਨ ਵਰਗੇ ਦੇਸ਼ ਵੀ ਚੌਕਸ ਨਜ਼ਰ ਆ ਰਹੇ ਹਨ।

ਅਮਰੀਕੀ ਸ਼ੇਅਰ ਬਾਜ਼ਾਰ ਵਿੱਚ ਵੀ ਇਸ ਅਨਿਸ਼ਚਿਤਤਾ ਕਾਰਨ ਗਿਰਾਵਟ ਦੇਖੀ ਗਈ। ਟਰੰਪ ਨੇ ਅਦਾਲਤ ਦੇ ਜੱਜਾਂ ਦੀ ਵੀ ਨਿਖੇਧੀ ਕੀਤੀ ਅਤੇ ਕਿਹਾ ਕਿ ਉਹ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਵੱਖ-ਵੱਖ ਕਾਨੂੰਨੀ ਤਰੀਕਿਆਂ ਨਾਲ ਨਵੀਆਂ ਜਾਂਚਾਂ ਸ਼ੁਰੂ ਕਰਨਗੇ ਤਾਂ ਜੋ 'ਅਨੁਚਿਤ' ਵਪਾਰਕ ਅਭਿਆਸਾਂ ਨੂੰ ਰੋਕਿਆ ਜਾ ਸਕੇ।

## ਅਮਰੀਕਾ-ਭਾਰਤ ਵਿਚਾਲੇ ਹੋਣ ਵਾਲੀ ਵਪਾਰ ਸਮਝੌਤੇ ਦੀ ਅਹਿਮ ਮੀਟਿੰਗ ਮੁਲਤਵੀ

ਵਾਸ਼ਿੰਗਟਨ/ਏ.ਟੀ.ਨਿਊਜ਼: ਭਾਰਤ ਅਤੇ ਅਮਰੀਕਾ ਵਿਚਕਾਰ ਹੋਣ ਵਾਲੇ ਅੰਤਰਿਮ ਵਪਾਰ ਸਮਝੌਤੇ ਨੂੰ ਲੈ ਕੇ ਵਾਸ਼ਿੰਗਟਨ ਵਿੱਚ ਹੋਣ ਵਾਲੀ ਅਹਿਮ ਬੈਠਕ ਫਿਲਹਾਲ ਟਾਲ ਦਿੱਤੀ ਗਈ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਹੈ ਕਿ ਇਹ ਬੈਠਕ 23 ਤੋਂ 26 ਫਰਵਰੀ ਵਿਚਕਾਰ ਹੋਣੀ ਸੀ। ਇਸ ਦੇਰੀ ਦਾ




ਮੁੱਖ ਕਾਰਨ ਅਮਰੀਕਾ ਵਿੱਚ ਟੈਰਿਫ (ਟੈਕਸ) ਨੀਤੀਆਂ ਵਿੱਚ ਆਇਆ ਅਚਾਨਕ ਬਦਲਾਅ ਹੈ ਕਿਉਂਕਿ ਪਹਿਲਾਂ ਇਸ ਸਮਝੌਤੇ ਤਹਿਤ ਭਾਰਤ 'ਤੇ 18% ਟੈਰਿਫ ਲੱਗਣਾ ਤੈਅ ਹੋਇਆ ਸੀ ਪਰ ਹਾਲ ਹੀ ਦੇ ਘਟਨਾਕ੍ਰਮ ਨੇ ਸਾਰੀ ਸਥਿਤੀ ਬਦਲ ਦਿੱਤੀ ਹੈ। ਹੁਣ ਜਦੋਂ ਟਰੰਪ ਦਾ 15% ਵਾਲਾ ਗਲੋਬਲ ਟੈਰਿਫ ਲਾਗੂ ਹੋ ਰਿਹਾ ਹੈ ਤਾਂ ਇਹ ਪੁਰਾਣੀ ਡੀਲ ਵਿੱਚ ਤੈਅ ਕੀਤੇ ਗਏ 18% ਟੈਰਿਫ ਨਾਲੋਂ ਘੱਟ ਹੈ

(ਬਾਕੀ ਸਫ਼ਾ 26 'ਤੇ)

Memorial Service of our beloved

Bhai Avtar Singh
"Bullet"
Vidyarthi Damdami Taksal
Jatha Bhindran Mehta



ਭਾਈ ਅਵਤਾਰ ਸਿੰਘ
"ਬੁਲੇਟ"
ਵਿਦਿਆਰਥੀ ਦਮਦਮੀ ਟਕਸਾਲ
ਜਥਾ ਭਿੰਡਰਾਂ ਮਹਿਤਾ

SUNDAY, MARCH 1, 2026
at Fry Memorial Chapel
550 South Central Avenue - Tracy, California
2:00 pm - 3:30 pm
Followed by
Bhog Sri Sehaj Path,
Kirtan and Guru Ka Langar
at Gurdwara Gur Nanak Parkash
Damdami Taksal
16101 West Grant Line Rd
Tracy CA 95304

ਐਤਵਾਰ, ਮਾਰਚ 1, 2026
ਫਰਾਈ ਮੈਮੋਰੀਅਲ ਚੈਪਲ
550 ਸਾਊਥ ਸੈਂਟਰਲ ਐਵੀਨਿਊ, ਟਰੇਸੀ, ਕੈਲੀਫੋਰਨੀਆ
ਦੁਪਹਿਰ 2-00 ਵਜੇ ਤੋਂ 3-30 ਵਜੇ ਤੱਕ
ਉਪਰੰਤ
ਭੋਗ ਸ੍ਰੀ ਸਹਿਜ ਪਾਠ, ਕੀਰਤਨ ਅਤੇ
ਗੁਰੂ ਕਾ ਲੰਗਰ
ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ
16101 ਵੈਸਟ ਗ੍ਰਾਂਟ ਲਾਈਨ ਰੋਡ, ਟਰੇਸੀ,
ਕੈਲੀਫੋਰਨੀਆ 95304

TEL.: 209-346-4270

# ਏ.ਆਈ. ਸਿਖਰ ਸੰਮੇਲਨ 2026: ਰਾਜਨੀਤਿਕ ਘਮਾਸਾਨ ਦੇ ਵਿਚਾਲੇ ਸਿੱਖ ਵਿਗਿਆਨੀਆਂ ਨੇ ਵਧਾਇਆ ਦੁਨੀਆ ਭਰ ਵਿੱਚ ਮਾਣ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਭਾਰਤ ਦੀ ਰਾਜਧਾਨੀ ਵਿੱਚ ਆਯੋਜਿਤ 'ਏ.ਆਈ. ਇਮਪੈਕਟ ਸੰਮੇਲਨ 2026' ਜਿੱਥੇ ਇੱਕ ਪਾਸੇ ਸਿਆਸੀ ਦੋਸ਼ਾਂ ਅਤੇ ਪ੍ਰਬੰਧਕੀ ਨਾਕਾਮੀਆਂ ਕਾਰਨ ਸੁਰਖੀਆਂ ਵਿੱਚ ਰਿਹਾ, ਉੱਥੇ ਹੀ ਦੂਜੇ ਪਾਸੇ ਇਸ ਮੰਚ ਨੇ ਸਿੱਖ ਕੌਮ ਦੇ ਵਿਗਿਆਨਕ ਅਤੇ ਤਕਨੀਕੀ ਗੌਰਵ ਦੀ ਇੱਕ ਅਜਿਹੀ ਇਤਿਹਾਸਕ ਦਾਸਤਾਨ ਪੇਸ਼ ਕੀਤੀ ਹੈ, ਜੋ ਪੰਜਾਬੀ ਨੌਜਵਾਨਾਂ ਲਈ ਸਫ਼ਲਤਾ ਦਾ ਇੱਕ ਨਵਾਂ ਰਾਹ ਰੋਸ਼ਨ ਕਰਦੀ ਹੈ।

**ਰਾਜਨੀਤਿਕ ਅਖਾੜਾ ਅਤੇ 'ਰੋਬੋਟ ਡੌਗ' ਵਿਵਾਦ**

ਸੰਮੇਲਨ ਦੀ ਸ਼ੁਰੂਆਤ ਉਮੀਦਾਂ ਨਾਲ ਹੋਈ ਸੀ, ਪਰ ਜਲਦ ਹੀ ਇਹ 'ਗੰਦੀ ਰਾਜਨੀਤੀ' ਦੀ ਭੇਟ ਚੜ੍ਹ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੇਰਠ ਦੀ ਰੈਲੀ ਵਿੱਚ ਕਾਂਗਰਸ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਸੀ ਕਿ ਵਿਰੋਧੀ ਧਿਰ ਭਾਰਤ ਦੀ ਤਰੱਕੀ ਨੂੰ ਹਜ਼ਮ ਨਹੀਂ ਕਰ ਪਾ ਰਹੀ। ਉਨ੍ਹਾਂ ਨੇ ਯੂਥ ਕਾਂਗਰਸ ਵੱਲੋਂ ਕੀਤੇ ਗਏ ਪ੍ਰਦਰਸ਼ਨਾਂ ਨੂੰ 'ਰਾਸ਼ਟਰੀ ਅਪਮਾਨ' ਕਰਾਰ ਦਿੱਤਾ।

ਦੂਜੇ ਪਾਸੇ, ਕਾਂਗਰਸ ਨੇ ਗਲਗੋਟੀਆ ਯੂਨੀਵਰਸਿਟੀ ਦੇ ਉਸ ਵਿਵਾਦ ਨੂੰ ਚੁੱਕਿਆ ਜਿੱਥੇ ਚੀਨੀ ਕੰਪਨੀ 'ਯੂਨਿਟ੍ਰੀ' ਦੇ ਬਣੇ ਰੋਬੋਟ ਡੌਗ (ਓਰੀਅਨ) ਨੂੰ ਯੂਨੀਵਰਸਿਟੀ ਦੀ ਆਪਣੀ ਖੋਜ ਦੱਸ ਕੇ ਪੇਸ਼ ਕੀਤਾ ਗਿਆ ਸੀ। ਰਾਹੁਲ ਗਾਂਧੀ ਅਤੇ ਪਵਨ ਖੇੜਾ ਨੇ ਇਸ ਨੂੰ 'ਪੀ.ਆਰ. ਤਮਾਸ਼ਾ' ਅਤੇ ਚੀਨੀ ਮਾਲ ਨੂੰ 'ਮੇਡ ਇਨ ਇੰਡੀਆ' ਕਹਿ ਕੇ ਦੇਸ਼ ਦੀ ਸ਼ਰਮਿੰਦਗੀ ਦੱਸਿਆ।

**ਸਿੱਖ ਵਿਗਿਆਨੀਆਂ ਦੀ ਗਲੋਬਲ ਅਗਵਾਈ: ਅਮਨਦੀਪ ਸਿੰਘ ਗਿੱਲ ਦਾ ਮਾਰਗਦਰਸ਼ਨ**

ਜਿੱਥੇ ਰਾਜਨੀਤੀ ਨੀਵੇਂ ਪੱਧਰ 'ਤੇ ਸੀ, ਉੱਥੇ ਸਿੱਖ ਵਿਦਵਾਨਾਂ ਨੇ ਬੌਧਿਕ ਪੱਧਰ 'ਤੇ ਭਾਰਤ ਦਾ ਸਿਰ ਉੱਚਾ ਕੀਤਾ। ਸੰਯੁਕਤ ਰਾਸ਼ਟਰ ਦੇ







ਟੈਕਨਾਲੋਜੀ ਐਨਵਾਏ ਅਮਨਦੀਪ ਸਿੰਘ ਗਿੱਲ ਨੇ 38 ਦੇਸ਼ਾਂ ਦੇ ਵਿਗਿਆਨੀਆਂ ਦੀ ਅਗਵਾਈ ਕੀਤੀ। ਉਨ੍ਹਾਂ ਨੇ ਏ.ਆਈ. ਨੂੰ ਸਿਰਫ਼ ਮਸ਼ੀਨ ਨਹੀਂ, ਸਗੋਂ ਮਨੁੱਖੀ ਹੱਕਾਂ ਅਤੇ ਨੈਤਿਕਤਾ ਨਾਲ ਜੋੜਿਆ।

ਗਿੱਲ ਨੇ ਦੱਸਿਆ ਕਿ ਕਿਵੇਂ ਗੁਰਬਾਣੀ ਦੀਆਂ ਮਾਨਵਵਾਦੀ ਕਦਰਾਂ-ਕੀਮਤਾਂ ਏ.ਆਈ. ਦੇ ਗਲੋਬਲ ਨਿਯਮਾਂ ਨੂੰ ਬਣਾਉਣ ਵਿੱਚ ਮਦਦਗਾਰ ਸਾਬਤ ਹੋ ਸਕਦੀਆਂ ਹਨ।

**ਵਿਦਿਅਕ ਖੇਤਰ ਵਿੱਚ ਸਿੱਖ ਚਿਹਰੇ: ਤਰੁਨਦੀਪ ਸਿੰਘ ਦਾ ਕਮਾਲ**

ਮੁੰਬਈ ਦੀ ਯੂਨੀਵਰਸਲ ਏਆਈ ਯੂਨੀਵਰਸਿਟੀ ਦੇ ਸੰਸਥਾਪਕ ਤਰੁਨਦੀਪ ਸਿੰਘ ਅਨੰਦ ਨੇ ਸਾਬਤ ਕੀਤਾ ਕਿ ਸਿੱਖ ਉੱਦਮੀ ਸਿੱਖਿਆ ਦੇ ਭਵਿੱਖ ਨੂੰ ਬਦਲ ਰਹੇ ਹਨ। ਉਨ੍ਹਾਂ ਦੀ ਯੂਨੀਵਰਸਿਟੀ ਭਾਰਤ ਦੀ ਪਹਿਲੀ ਅਜਿਹੀ ਸੰਸਥਾ ਹੈ ਜੋ ਪੂਰੀ ਤਰ੍ਹਾਂ ਏ.ਆਈ. 'ਤੇ ਕੇਂਦਰਿਤ ਹੈ। ਇਹ ਭਾਰਤ ਦੀ ਪਹਿਲੀ ਅਜਿਹੀ ਯੂਨੀਵਰਸਿਟੀ ਹੈ ਜਿੱਥੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਨੂੰ ਸਿਰਫ਼ ਇੱਕ ਵਿਸ਼ੇ ਵਜੋਂ ਨਹੀਂ, ਸਗੋਂ ਹਰ ਕੋਰਸ ਦੇ ਆਧਾਰ ਵਜੋਂ ਪੜ੍ਹਾਇਆ ਜਾਂਦਾ ਹੈ। ਉਨ੍ਹਾਂ ਦਾ ਮਕਸਦ ਭਾਰਤ ਨੂੰ ਦੁਨੀਆ ਦਾ 'ਏ.ਆਈ. ਹੱਬ' ਬਣਾਉਣਾ ਹੈ। ਸਿੱਖਿਆ ਖੇਤਰ ਵਿੱਚ ਆਉਣ ਤੋਂ ਪਹਿਲਾਂ, ਉਨ੍ਹਾਂ ਨੇ ਵਿਸ਼ਵ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ ਵਿੱਚ ਉੱਚ ਅਹੁਦਿਆਂ 'ਤੇ ਕੰਮ ਕੀਤਾ:

ਉਹ ਥਾਮਸਨ ਰਿਊਟਰਜ ਵਰਗੀ ਦਿੱਗਜ ਕੰਪਨੀ ਵਿੱਚ ਦੱਖਣੀ ਏਸ਼ੀਆ ਦੇ ਮੈਨੇਜਿੰਗ ਡਾਇਰੈਕਟਰ ਰਹੇ ਹਨ। ਉਨ੍ਹਾਂ ਨੇ ਨਿਊਯਾਰਕ, ਲੰਡਨ ਅਤੇ ਹਾਂਗਕਾਂਗ ਵਰਗੇ ਵਿਸ਼ਵ ਪੱਧਰੀ ਵਿੱਤੀ ਕੇਂਦਰਾਂ ਵਿੱਚ ਕੰਮ ਕਰਦਿਆਂ ਵੱਡੀਆਂ ਤਕਨੀਕੀ ਤਬਦੀਲੀਆਂ ਦੀ ਅਗਵਾਈ ਕੀਤੀ। ਉਨ੍ਹਾਂ ਨੇ ਨਿਊਯਾਰਕ, ਲੰਡਨ ਅਤੇ ਹਾਂਗਕਾਂਗ ਵਰਗੇ ਵਿਸ਼ਵ ਪੱਧਰੀ ਵਿੱਤੀ ਕੇਂਦਰਾਂ ਵਿੱਚ ਕੰਮ ਕਰਦਿਆਂ ਵੱਡੀਆਂ ਤਕਨੀਕੀ ਤਬਦੀਲੀਆਂ ਦੀ ਅਗਵਾਈ ਕੀਤੀ। ਉਨ੍ਹਾਂ ਨੇ 'ਐਕਸਪੀਰੀਐਂਸ਼ੀਅਲ ਲਰਨਿੰਗ' ਦੇ ਮਾਡਲ ਨੂੰ ਭਾਰਤ ਵਿੱਚ ਉਤਸ਼ਾਹਿਤ ਕੀਤਾ। ਉਨ੍ਹਾਂ ਦੀ ਅਗਵਾਈ ਵਿੱਚ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਨਹੀਂ, ਸਗੋਂ ਅਸਲ ਉਦਯੋਗਿਕ ਸਮੱਸਿਆਵਾਂ ਨੂੰ ਏ.ਆਈ. ਰਾਹੀਂ ਹੱਲ ਕਰਨਾ ਸਿਖਾਇਆ ਜਾਂਦਾ ਹੈ। ਉਨ੍ਹਾਂ ਨੇ ਗਲੋਬਲ ਕੰਪਨੀਆਂ ਨਾਲ ਗੱਠਜੋੜ ਕੀਤਾ ਤਾਂ ਜੋ ਵਿਦਿਆਰਥੀਆਂ ਨੂੰ ਕੌਮਾਂਤਰੀ ਪੱਧਰ ਦੇ ਮੌਕੇ ਮਿਲ ਸਕਣ।

ਤਰੁਨਦੀਪ ਸਿੰਘ ਨੇ ਸਾਬਤ ਕੀਤਾ ਕਿ ਇੱਕ ਸਾਬਤ-ਸੂਰਤ ਸਿੱਖ ਵਿਸ਼ਵ ਪੱਧਰ 'ਤੇ ਕਾਰਪੋਰੇਟ ਜਗਤ ਅਤੇ ਸਿੱਖਿਆ ਪ੍ਰਣਾਲੀ ਵਿੱਚ ਚੋਟੀ 'ਤੇ ਪਹੁੰਚ ਸਕਦਾ ਹੈ। ਏਆਈ ਇਮਪੈਕਟ ਸੰਮੇਲਨ 2026 ਵਰਗੇ ਮੰਚਾਂ 'ਤੇ ਉਨ੍ਹਾਂ ਦੀ ਮੌਜੂਦਗੀ ਇਹ ਦਰਸਾਉਂਦੀ ਹੈ ਕਿ ਸਿੱਖ ਵਿਦਵਾਨ ਭਵਿੱਖ ਦੀਆਂ ਤਕਨੀਕਾਂ ਨੂੰ ਦਿਸ਼ਾ ਦੇ ਰਹੇ ਹਨ। ਉਨ੍ਹਾਂ ਦੀ ਯੂਨੀਵਰਸਿਟੀ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਵਿਦਿਆਰਥੀ ਤਕਨੀਕੀ ਸਿੱਖਿਆ ਹਾਸਲ ਕਰ ਰਹੇ ਹਨ। ਉਹ ਅਕਸਰ ਪੰਜਾਬੀ ਨੌਜਵਾਨਾਂ ਨੂੰ ਨਸ਼ਿਆਂ ਅਤੇ ਰਵਾਇਤੀ ਰੁਜ਼ਗਾਰ ਤੋਂ ਹਟ ਕੇ ਤਕਨਾਲੋਜੀ ਦੇ ਖੇਤਰ ਵਿੱਚ ਉੱਦਮੀ ਬਣਨ ਲਈ ਪ੍ਰੇਰਿਤ ਕਰਦੇ ਹਨ।

**ਲਵਲੀ ਯੂਨੀਵਰਸਿਟੀ ਦਾ ਯੋਗਦਾਨ**

ਪੰਜਾਬ ਦੀ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਨੇ ਆਪਣੇ 15 ਸ਼ਾਨਦਾਰ ਪ੍ਰੋਜੈਕਟਾਂ ਨਾਲ ਸਭ ਨੂੰ ਹੈਰਾਨ ਕਰ ਦਿੱਤਾ:

ਏਜੰਟ ਹਾਰਵੈਸਟ: ਇੱਕ ਅਜਿਹਾ ਏਆਈ ਡ੍ਰੋਨ ਜੋ ਖੇਤੀ ਵਿੱਚ ਖਾਦ ਦੀ ਸਹੀ ਵਰਤੋਂ ਯਕੀਨੀ ਬਣਾਉਂਦਾ ਹੈ।

**ਆਫ਼ਤ ਪ੍ਰਬੰਧਨ ਡ੍ਰੋਨ:** ਭਾਰਤੀ ਫ਼ੌਜ ਲਈ ਭੂਚਾਲ ਵਰਗੀਆਂ ਮੁਸੀਬਤਾਂ ਵਿੱਚ ਮਦਦਗਾਰ।

ਇਨ੍ਹਾਂ ਖੋਜਾਂ ਪਿੱਛੇ ਪੰਜਾਬੀ ਅਤੇ ਸਿੱਖ ਨੌਜਵਾਨਾਂ ਦੀ ਅਣਥੱਕ ਮਿਹਨਤ ਸ਼ਾਮਲ ਸੀ।

**ਇਤਿਹਾਸਕ ਬੁਨਿਆਦ:** ਨਰਿੰਦਰ ਸਿੰਘ ਕਪਾਨੀ ਅਤੇ ਗੁਰਤੇਜ ਸੰਧੂ

ਅੱਜ ਜੇਕਰ ਅਸੀਂ ਏਆਈ ਦੀ ਗੱਲ ਕਰ ਰਹੇ ਹਾਂ, ਤਾਂ ਇਸ ਦੀ ਨੀਂਹ ਵਿੱਚ ਵੀ ਸਿੱਖ ਵਿਗਿਆਨੀਆਂ ਦਾ ਨਾਮ ਹੈ:

**ਡਾ. ਨਰਿੰਦਰ ਸਿੰਘ ਕਪਾਨੀ:** 'ਫ਼ਾਈਬਰ ਆਪਟਿਕਸ ਦੇ ਪਿਤਾਮਾ' ਜਿਨ੍ਹਾਂ ਦੀ ਖੋਜ ਤੋਂ ਬਿਨਾਂ ਅੱਜ ਦਾ ਤੇਜ਼ ਇੰਟਰਨੈੱਟ ਅਸੰਭਵ ਸੀ।

**ਗੁਰਤੇਜ ਸਿੰਘ ਸੰਧੂ:** ਮਾਈਕ੍ਰੋਨ ਟੈਕਨਾਲੋਜੀ ਦੇ ਸੀਨੀਅਰ ਫ਼ੈਲੋ, ਜਿਨ੍ਹਾਂ ਦੇ ਨਾਮ 1382 ਤੋਂ ਵੱਧ ਪੇਟੈਂਟ ਹਨ (ਥਾਮਸ ਐਡੀਸਨ ਤੋਂ ਵੀ ਜ਼ਿਆਦਾ)। ਉਨ੍ਹਾਂ ਦੀਆਂ ਮੈਮੋਰੀ ਚਿਪਸ ਅੱਜ ਦੁਨੀਆ ਦੇ ਹਰ ਸੁਪਰ ਕੰਪਿਊਟਰ ਅਤੇ ਏ.ਆਈ. ਸਰਵਰ ਵਿੱਚ ਲੱਗੀਆਂ ਹਨ।

**ਉਮੀਦ ਦੀ ਨਵੀਂ ਕਿਰਨ: 8 ਸਾਲਾ ਰਨਵੀਰ ਸਿੰਘ ਸਚਦੇਵਾ**

ਸੰਮੇਲਨ ਦਾ ਸਭ ਤੋਂ ਵੱਡਾ ਆਕਰਸ਼ਣ 8 ਸਾਲ ਦਾ ਸਿੱਖ ਬਾਲਕ ਰਣਵੀਰ ਸਿੰਘ ਸਚਦੇਵਾ ਰਿਹਾ। 5 ਸਾਲ ਦੀ ਉਮਰ ਵਿੱਚ ਕੋਡਿੰਗ ਸਿੱਖਣ ਵਾਲੇ ਇਸ ਬੱਚੇ ਨੇ ਗੂਗਲ ਦੇ ਸੀ.ਈ.ਓ. ਸੁੰਦਰ ਪਿਚਾਈ ਨਾਲ ਮੁਲਾਕਾਤ ਕੀਤੀ ਅਤੇ ਨਾਸਾ ਤੱਕ ਆਪਣੀ ਆਵਾਜ਼ ਪਹੁੰਚਾਈ। ਉਹ ਅੱਜ ਦੇ ਪੰਜਾਬੀ ਯੂਥ ਲਈ ਜਿਉਂਦੀ-ਜਾਗਦੀ ਮਿਸਾਲ ਹੈ ਕਿ ਉਮਰ ਗਿਆਨ ਦੇ ਰਾਹ ਵਿੱਚ ਰੁਕਾਵਟ ਨਹੀਂ ਹੁੰਦੀ।

**ਨਿਸ਼ਾਨ-ਏ-ਸਿੱਖੀ: ਜ਼ਮੀਨੀ ਪੱਧਰ 'ਤੇ ਕ੍ਰਾਂਤੀ**

ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੀ ਅਗਵਾਈ ਵਿੱਚ ਚੱਲ ਰਹੇ 'ਨਿਸ਼ਾਨ-ਏ-ਸਿੱਖੀ' ਇੰਸਟੀਚਿਊਟ ਨੇ ਦਿਖਾਇਆ ਹੈ ਕਿ ਜੇਕਰ ਮੌਕਾ ਮਿਲੇ ਤਾਂ ਪੇਂਡੂ ਨੌਜਵਾਨ ਵੀ ਆਈ.ਆਈ.ਟੀ. ਤੱਕ ਪਹੁੰਚ ਸਕਦੇ ਹਨ। ਵੰਸ਼ਦੀਪ ਸਿੰਘ ਵਰਗੇ ਵਿਦਿਆਰਥੀਆਂ ਨੇ ਜੇ.ਈ.ਈ. ਵਿੱਚ 99% ਤੋਂ ਵੱਧ ਅੰਕ ਲੈ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖ ਸੰਸਥਾਵਾਂ ਹੁਣ ਸਿਰਫ਼ ਧਾਰਮਿਕ ਪ੍ਰਚਾਰ ਤੱਕ ਸੀਮਤ ਨਹੀਂ, ਸਗੋਂ ਵਿਗਿਆਨਕ ਕ੍ਰਾਂਤੀ ਦਾ ਕੇਂਦਰ ਬਣ ਰਹੀਆਂ ਹਨ।

**ਪੰਜਾਬੀ ਯੁਵਕਾਂ ਲਈ ਸੁਨੇਹਾ**

ਇਸ ਸੰਮੇਲਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਰਾਜਨੀਤੀ ਚਾਹੇ ਜਿੰਨੀ ਵੀ ਗੰਧਲੀ ਹੋਵੇ, ਵਿਗਿਆਨ ਅਤੇ ਮਿਹਨਤ ਦੀ ਚਮਕ ਨੂੰ ਕੋਈ ਨਹੀਂ ਲੁਕਾ ਸਕਦਾ। ਲੋੜ ਇਸ ਗੱਲ ਦੀ ਹੈ ਕਿ ਪੰਜਾਬ ਸਰਕਾਰ ਅਤੇ ਸਿੱਖ ਸੰਸਥਾਵਾਂ ਲੰਗਰ ਅਤੇ ਇਮਾਰਤਾਂ ਦੇ ਨਾਲ-ਨਾਲ 'ਟੈਕਨਾਲੋਜੀ ਲੰਗਰ' (ਲੈਬਾਂ ਅਤੇ ਰਿਸਰਚ ਸੈਂਟਰ) ਸਥਾਪਿਤ ਕਰਨ। ਨੌਜਵਾਨ ਨਸ਼ਿਆਂ ਅਤੇ ਵਿਦੇਸ਼ ਜਾਣ ਦੀ ਅੰਨ੍ਹੀ ਦੌੜ ਛੱਡ ਕੇ ਏ.ਆਈ., ਰੋਬੋਟਿਕਸ ਅਤੇ ਡਾਟਾ ਸਾਇੰਸ ਵਰਗੇ ਖੇਤਰਾਂ ਵਿੱਚ ਆਪਣੀ ਪਛਾਣ ਬਣਾਉਣ। ਸਿੱਖ ਕੌਮ ਦਾ ਇਤਿਹਾਸ ਸ਼ਹਾਦਤਾਂ ਦਾ ਹੀ ਨਹੀਂ, ਸਗੋਂ ਬੁੱਧੀ ਅਤੇ ਖੋਜ ਦਾ ਵੀ ਰਿਹਾ ਹੈ। ਅਮਨਦੀਪ ਸਿੰਘ ਗਿੱਲ ਅਤੇ ਰਣਵੀਰ ਸਿੰਘ ਸਚਦੇਵਾ ਵਰਗੇ ਨਾਮ ਇਸ ਗੱਲ ਦਾ ਸਬੂਤ ਹਨ ਕਿ ਏ.ਆਈ. ਦੇ ਦੌਰ ਵਿੱਚ ਵੀ 'ਸਿੱਖ ਪੰਥ' ਦੁਨੀਆ ਦੀ ਅਗਵਾਈ ਕਰਨ ਲਈ ਤਿਆਰ ਹੈ।

## ਦਮਦਮੀ ਟਕਸਾਲ ਨੂੰ ਵੱਡਾ ਘਾਟਾ

# ਬਾਬਾ ਠਾਕੁਰ ਸਿੰਘ ਦੇ ਨਜ਼ਦੀਕੀ ਰਹੇ ਭਾਈ ਅਵਤਾਰ ਸਿੰਘ ਦੀ ਹੱਤਿਆ

## ਸਿੱਖ ਜਗਤ ਵਿੱਚ ਸੋਗ, ਸੈਨ ਜੋਕਿਨ ਕਾਉਂਟੀ ਪੁਲਿਸ ਵੱਲੋਂ ਕਾਤਲਾਂ ਦੀ ਸਰਗਰਮੀ ਨਾਲ ਭਾਲ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਕੈਲੀਫ਼ੋਰਨੀਆ ਦੇ ਟ੍ਰੇਸੀ ਇਲਾਕੇ ਵਿੱਚ ਸਥਿਤ ਗੁਰਦੁਆਰਾ ਨਾਨਕ ਪ੍ਰਕਾਸ਼ ਵਿਖੇ ਵਾਪਰੀ ਇਹ ਘਟਨਾ ਬੇਹੱਦ ਮੰਦਭਾਗੀ ਅਤੇ ਹੈਰਾਨ ਕਰਨ ਵਾਲੀ ਹੈ। ਭਾਈ ਅਵਤਾਰ ਸਿੰਘ, ਜੋ ਕਿ ਲੰਮੇ ਸਮੇਂ ਤੋਂ ਦਮਦਮੀ ਟਕਸਾਲ ਨਾਲ ਜੁੜੇ ਹੋਏ ਸਨ, ਦੀ ਮੌਤ ਨੇ ਸਿੱਖ ਜਗਤ ਅਤੇ ਉਨ੍ਹਾਂ ਦੇ ਜੱਦੀ ਪਿੰਡ ਕਲਾਨੌਰ (ਗੁਰਦਾਸਪੁਰ) ਵਿੱਚ ਸੋਗ ਦੀ ਲਹਿਰ ਪੈਦਾ ਕਰ ਦਿੱਤੀ ਹੈ।

57 ਸਾਲਾ ਭਾਈ ਅਵਤਾਰ ਸਿੰਘ, ਜੋ ਕਿ ਗੁਰਦੁਆਰਾ ਨਾਨਕ ਪ੍ਰਕਾਸ਼ ਟ੍ਰੇਸੀ ਵਿਖੇ ਬਤੌਰ ਸੇਵਾਦਾਰ ਸੇਵਾ ਨਿਭਾਅ ਰਹੇ ਸਨ, ਨੂੰ ਬੀਤੇ ਦਿਨੀਂ ਦੁਪਹਿਰ (ਅਮਰੀਕੀ ਸਮੇਂ ਅਨੁਸਾਰ) ਗੁਰਦੁਆਰਾ ਕੰਪਲੈਕਸ ਦੇ ਬਾਹਰੋਂ ਅਗਵਾ ਕਰ ਲਿਆ ਗਿਆ ਸੀ। ਪੁਲਿਸ ਨੂੰ ਮਿਲੀ ਸੀ.ਸੀ.ਟੀ.ਵੀ. ਫ਼ੁਟੇਜ ਵਿੱਚ ਦੇਖਿਆ ਗਿਆ ਕਿ ਇੱਕ ਚਿੱਟੇ ਰੰਗ ਦੀ ਕਾਰ ਗੁਰਦੁਆਰਾ ਸਾਹਿਬ ਦੇ ਬਾਹਰ ਆ ਕੇ ਰੁਕਦੀ ਹੈ। ਗੱਡੀ ਵਿੱਚੋਂ ਤਿੰਨ ਅਣਪਛਾਤੇ ਵਿਅਕਤੀ ਬਾਹਰ ਨਿਕਲਦੇ ਹਨ, ਜਿਨ੍ਹਾਂ ਨੇ ਕਾਲੇ ਰੰਗ ਦੇ ਕੱਪੜੇ ਪਾਏ ਹੋਏ ਸਨ। ਫ਼ੁਟੇਜ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਅਵਤਾਰ ਸਿੰਘ ਆਪਣੀ ਮਰਜ਼ੀ ਨਾਲ ਨਹੀਂ, ਸਗੋਂ ਉਨ੍ਹਾਂ ਨੂੰ ਧੱਕੇ ਨਾਲ ਜਾਂ ਜ਼ਬਰਦਸਤੀਗੱਡੀ ਵਿੱਚ ਬਿਠਾ ਕੇ ਲਿਜਾਇਆ ਗਿਆ।


ਕਈ ਦਿਨਾਂ ਦੀ ਭਾਲ ਤੋਂ ਬਾਅਦ, ਭਾਈ ਅਵਤਾਰ ਸਿੰਘ ਦੀ ਮ੍ਰਿਤਕ ਦੇਹ ਕੈਲੀਫ਼ੋਰਨੀਆ ਦੀ ਬੇਰੀਸਾ ਝੀਲ ਦੇ ਨੇੜਿਓਂ ਬਰਾਮਦ ਹੋਈ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਫ਼ੇਸਬੁੱਕ ਰਾਹੀਂ ਇਸ ਦੁਖਦਾਈ ਖ਼ਬਰ ਦੀ ਪੁਸ਼ਟੀ ਕੀਤੀ।

**ਹੱਤਿਆ ਦੇ ਕਾਰਨ ਅਤੇ ਪੁਲਿਸ ਦੀ ਜਾਂਚ**

ਅਜੇ ਤੱਕ ਹੱਤਿਆ ਦੇ ਅਸਲ ਕਾਰਨਾਂ ਦਾ ਅਧਿਕਾਰਤ ਖੁਲਾਸਾ ਨਹੀਂ ਹੋਇਆ ਹੈ, ਪਰ ਕੁਝ ਅਹਿਮ ਪਹਿਲੂ ਜਾਂਚ ਅਧੀਨ ਹਨ:

ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਇਹ ਕਿਸੇ ਨਿੱਜੀ ਰੰਜਿਸ਼ ਦਾ ਨਤੀਜਾ ਹੈ ਜਾਂ ਇਸ ਪਿੱਛੇ ਕੋਈ ਵੱਡੀ ਸਾਜ਼ਿਸ਼ ਹੈ।

ਸੈਨ ਜੋਕਿਨ ਕਾਉਂਟੀ ਸ਼ੈਰਿਫ਼ ਦੀ ਟੀਮ ਉਨ੍ਹਾਂ ਤਿੰਨ ਅਣਪਛਾਤੇ ਵਿਅਕਤੀਆਂ ਦੀ ਭਾਲ ਕਰ ਰਹੀ ਹੈ ਜੋ ਸੀ.ਸੀ.ਟੀ.ਵੀ. ਵਿੱਚ ਨਜ਼ਰ ਆਏ ਸਨ। ਅਜੇ ਤੱਕ ਕਿਸੇ ਖਾਸ ਵਿਅਕਤੀ ਦਾ ਨਾਮ ਜਨਤਕ ਤੌਰ 'ਤੇ ਸਾਹਮਣੇ ਨਹੀਂ ਆਇਆ, ਪਰ ਪੁਲਿਸ ਵਲੋਂ ਗੱਡੀ ਦੇ ਨੰਬਰ ਅਤੇ ਹੁਲੀਏ ਦੇ ਆਧਾਰ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ।




ਭਾਈ ਅਵਤਾਰ ਸਿੰਘ ਦੇ ਪਿਤਾ ਭਾਈ ਗੁਰਦਿਆਲ ਸਿੰਘ ਸ਼ੰਕਰਪੁਰ ਅਜੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਕੋਲੋਂ ਮਿਲ ਕੇ ਵਾਪਸ ਭਾਰਤ ਪਰਤੇ ਸਨ। ਉਨ੍ਹਾਂ ਦੇ ਭਰਾ ਬਾਬਾ ਬਲਕਾਰ ਸਿੰਘ (ਮੁੱਖ ਗ੍ਰੰਥੀ) ਨੇ ਦੱਸਿਆ ਕਿ ਪਰਿਵਾਰ ਨੂੰ ਇਸ ਅਚਾਨਕ ਹੋਈ ਘਟਨਾ ਨਾਲ ਗਹਿਰਾ ਸਦਮਾ ਲੱਗਾ ਹੈ।

**ਪੁਲਿਸ ਵੱਲੋਂ ਜਾਣਕਾਰੀ**

ਭਾਈ ਅਵਤਾਰ ਸਿੰਘ ਦੀ ਹੱਤਿਆ ਦੇ ਮਾਮਲੇ ਵਿੱਚ ਸੈਨ ਜੋਕਿਨ ਕਾਉਂਟੀ ਸ਼ੈਰਿਫ਼ ਪੈਟਰਿਕ ਵਿਦਰੋ ਅਤੇ ਪੁਲਿਸ ਵਿਭਾਗ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਬਹੁਤ ਹੀ ਹੈਰਾਨ ਕਰਨ ਵਾਲੀ ਹੈ। ਪੁਲਿਸ ਅਨੁਸਾਰ ਇਹ ਮਾਮਲਾ ਗਲਤ ਪਛਾਣ ਜਾਂ ਕਿਸੇ ਹੋਰ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਦਾ ਨਤੀਜਾ ਹੋ ਸਕਦਾ ਹੈ।

**ਪੁਲਿਸ ਵੱਲੋਂ ਦਿੱਤੀ ਗਈ ਮੁੱਖ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:**

ਸ਼ੈਰਿਫ਼ ਪੈਟਰਿਕ ਵਿਦਰੋ ਨੇ ਮੀਡੀਆ ਨੂੰ ਦੱਸਿਆ ਕਿ ਜਾਂਚ ਤੋਂ ਲੱਗਦਾ ਹੈ ਕਿ ਭਾਈ ਅਵਤਾਰ ਸਿੰਘ ਅਸਲ ਨਿਸ਼ਾਨਾ ਨਹੀਂ ਸਨ। ਹਮਲਾਵਰ ਕਿਸੇ ਹੋਰ ਵਿਅਕਤੀ ਦੀ ਭਾਲ ਵਿੱਚ ਸਨ। ਜਦੋਂ ਭਾਈ ਅਵਤਾਰ ਸਿੰਘ ਨੇ ਉਨ੍ਹਾਂ ਦੇ ਸਵਾਲਾਂ ਦਾ ਉਹ ਜਵਾਬ ਨਹੀਂ ਦਿੱਤਾ ਜੋ ਉਹ ਚਾਹੁੰਦੇ ਸਨ (ਜਾਂ ਸ਼ਾਇਦ ਉਨ੍ਹਾਂ ਕੋਲ ਉਹ ਜਾਣਕਾਰੀ ਨਹੀਂ ਸੀ), ਤਾਂ ਹਮਲਾਵਰਾਂ ਨੇ ਉਨ੍ਹਾਂ ਨੂੰ ਜ਼ਬਰਦਸਤੀ ਗੱਡੀ ਵਿੱਚ ਸੁੱਟ ਲਿਆ ਅਤੇ ਨਾਲ ਲੈ ਗਏ।

ਪੁਲਿਸ ਦਾ ਕਹਿਣਾ ਹੈ ਕਿ 'ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸੀ।' ਹਮਲਾਵਰ ਇੱਕ ਖਾਸ ਮਕਸਦ ਨਾਲ ਆਏ ਸਨ ਅਤੇ ਕਿਸੇ ਖਾਸ ਵਿਅਕਤੀ ਨੂੰ ਲੱਭ ਰਹੇ ਸਨ। ਭਾਈ ਅਵਤਾਰ ਸਿੰਘ ਇਸ ਸਾਜ਼ਿਸ਼ ਦਾ ਸ਼ਿਕਾਰ ਗਲਤੀ ਨਾਲ ਹੋ ਗਏ। ਪੁਲਿਸ ਨੇ ਪੁਸ਼ਟੀ ਕੀਤੀ ਕਿ 17 ਫ਼ਰਵਰੀ ਨੂੰ ਦੁਪਹਿਰ ਭਾਈ ਅਵਤਾਰ ਸਿੰਘ ਨੂੰ ਉਨ੍ਹਾਂ ਦੇ ਘਰ/ਗੁਰਦੁਆਰਾ ਕੰਪਲੈਕਸ ਦੇ ਬਾਹਰੋਂ ਅਗਵਾ ਕੀਤਾ ਗਿਆ। ਉਸ ਸਮੇਂ ਉਹ ਆਪਣੇ ਛੋਟੇ ਬੱਚਿਆਂ (ਟ੍ਰਿਪਲੇਟਸ) ਨਾਲ ਸਨ। ਜਦੋਂ ਉਨ੍ਹਾਂ ਦੀ ਪਤਨੀ ਕੰਮ ਤੋਂ ਵਾਪਸ ਆਈ, ਤਾਂ ਬੱਚੇ ਇਕੱਲੇ ਸਨ ਅਤੇ ਭਾਈ ਅਵਤਾਰ ਸਿੰਘ ਗਾਇਬ ਸਨ।

ਨਾਪਾ ਕਾਉਂਟੀ ਸ਼ੈਰਿਫ਼ ਦਫ਼ਤਰ ਨੂੰ ਭਾਈ ਅਵਤਾਰ ਸਿੰਘ ਦੀ ਲਾਸ਼ ਅਗਵਾ ਵਾਲੀ ਥਾਂ ਤੋਂ ਲਗਭਗ 2 ਘੰਟੇ ਦੀ ਦੂਰੀ 'ਤੇ, ਬੇਰੀਸਾ ਝੀਲ ਦੇ ਕੋਲ ਹਾਈਵੇਅ 128 ਦੇ ਨੇੜਿਓਂ ਮਿਲੀ। ਪੁਲਿਸ ਨੇ ਦੱਸਿਆ ਕਿ ਮੈਡੀਕਲ ਐਗਜ਼ਾਮੀਨਰ ਨੇ ਪੋਸਟਮਾਰਟਮ ਪੂਰਾ ਕਰ ਲਿਆ ਹੈ, ਪਰ ਮੌਤ ਦੇ ਅਸਲ ਕਾਰਨਾਂ ਦੀ ਰਿਪੋਰਟ ਅਜੇ ਜਨਤਕ ਨਹੀਂ ਕੀਤੀ ਗਈ।

ਪੁਲਿਸ ਨੇ ਹਾਲੇ ਤੱਕ ਕਿਸੇ ਵੀ ਸ਼ੱਕੀ ਵਿਅਕਤੀ ਦੀ ਗ੍ਰਿਫ਼ਤਾਰੀ ਨਹੀਂ ਕੀਤੀ ਹੈ।

# ‘ਮੁ.ਫਤ ਕਣਕ’ ਤੋਂ ‘ਮੇਰੀ ਰਸੋਈ’ ਤੱਕ ਦਾ ਸ.ਫਰ

## ਵੋਟਾਂ ਪੱਕੀਆਂ ਕਰਨ ਲਈ ‘ਸਿਆਸੀ ਚੋਗਾ’ ਪਾਉਣ ਲੱਗੀ ‘ਆਪ’ ਸਰਕਾਰ





ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਹੁਣ ‘ਸਸਤੀ ਰੋਟੀ’ ਤੋਂ ‘ਮੇਰੀ ਰਸੋਈ’ ਤੱਕ ਪੁੱਜ ਗਿਆ ਹੈ, ਜਦੋਂ ਕਾਂਗਰਸੀ ਹਕੂਮਤ ਸੀ ਤਾਂ ਪਹਿਲੀ ਕੈਬਨਿਟ ਮੀਟਿੰਗ ’ਚ ਹੀ ‘ਸਸਤੀ ਰੋਟੀ’ ਸਕੀਮ ਨੂੰ 18 ਮਾਰਚ 2017 ਨੂੰ ਹਰੀ ਝੰਡੀ ਦਿੱਤੀ ਗਈ ਸੀ। ਅਮਰਿੰਦਰ ਸਰਕਾਰ ਨੇ ਉਸ ਵਕਤ ਲਹਿੰਦੇ ਪੰਜਾਬ ਦੀ ਸਰਕਾਰ ਦੀ ਤਰਜ਼ ’ਤੇ ‘ਸਸਤੀ ਰੋਟੀ’ ਸਕੀਮ ਲਿਆਂਦੀ ਸੀ, ਜੋ ਥੋੜ੍ਹੇ ਸਮੇਂ ਮਗਰੋਂ ਹੀ ਦਮ ਤੋੜ ਗਈ। ਕਾਂਗਰਸ ਸਰਕਾਰ ਨੇ ਪਹਿਲੇ ਵਿੱਤੀ ਵਰ੍ਹੇ ਦੌਰਾਨ ‘ਸਸਤੀ ਰੋਟੀ’ ਰੈੱਡ ਕਰਾਸ ਦਫ਼ਤਰਾਂ ਦੇ ਹਵਾਲੇ ਕਰ ਦਿੱਤੀ ਸੀ।

ਕਾਂਗਰਸ ਸਰਕਾਰ ਨੇ ਪਹਿਲੇ ਸਾਲ ’ਚ ਹੀ ਦਾਨੀਆਂ ਦਾ ਆਸਰਾ ਤੱਕਿਆ ਅਤੇ ਰੈੱਡ ਕਰਾਸ ਦਫ਼ਤਰਾਂ ਨੂੰ ਸਸਤੀ ਰੋਟੀ ਸਕੀਮ ਨੂੰ ਜਾਰੀ ਰੱਖਣ ਲਈ ਪਾਪੜ ਵੇਲਣੇ ਪਏ। ਡਿਪਟੀ ਕਮਿਸ਼ਨਰ ਸਰਕਾਰ ਨੂੰ ‘ਸਸਤੀ ਰੋਟੀ’ ਸਕੀਮ ਲਈ ਫ਼ੰਡ ਲੈਣ ਲਈ ਤਰਲੇ ਮਾਰਦੇ ਰਹੇ ਪ੍ਰੰਤੂ ਜ਼ਿਲ੍ਹਿਆਂ ਨੂੰ ਬਹੁਤੇ ਫ਼ੰਡ ਨਸੀਬ ਨਾ ਹੋਏ। ਡਿਪਟੀ ਕਮਿਸ਼ਨਰਾਂ ਨੇ ਕਾਰੋਬਾਰੀ ਲੋਕਾਂ ਦੇ ਬੂਹੇ ਖੜਕਾਏ ਅਤੇ ਕੁਝ ਸਮਾਂ ਇਹ ਸਕੀਮ ਜਾਰੀ ਰਹਿ ਸਕੀ। ਮੌਜੂਦਾ ਸਰਕਾਰ ਨੇ ‘ਮੇਰੀ ਰਸੋਈ’ ਸਕੀਮ ਨੂੰ ਪ੍ਰਵਾਨਗੀ ਦਿੱਤੀ ਹੈ ਅਤੇ ਸਕੀਮ ਲਈ 950 ਕਰੋੜ ਦਾ ਬਜਟ ਵੀ ਰੱਖਿਆ ਜਾ ਰਿਹਾ ਹੈ। ਪੰਜਾਬ ਦੇ 40 ਲੱਖ ਪਰਿਵਾਰਾਂ ਨੂੰ ‘ਮੇਰੀ ਰਸੋਈ’ ਸਕੀਮ ਤਹਿਤ ਮੁਫ਼ਤ ’ਚ ਖੰਡ, ਦਾਲ, ਨਮਕ, ਹਲਦੀ ਤੇ ਤੇਲ ਦਿੱਤਾ ਜਾਣਾ ਹੈ ਅਕਾਲੀ ਭਾਜਪਾ ਗੱਠਜੋੜ ਨੇ ਸਾਲ 2007 ’ਚ ਆਟਾ ਦਾਲ ਸਕੀਮ ਸ਼ੁਰੂ ਕੀਤੀ ਸੀ ਅਤੇ ਸਾਲ 2012 ’ਚ ਮੁੜ ਸੱਤਾ ’ਚ ਆਉਣ ਲਈ ਗੱਠਜੋੜ ਨੂੰ ਇਹ ਸਕੀਮ ਸਹਾਈ ਹੋਈ ਸੀ। ਇਹ ਵੱਖਰੀ ਗੱਲ ਹੈ ਕਿ ਇਸ ਸਕੀਮ ਨੇ ਖ਼ਰੀਦ ਏਜੰਸੀਆਂ ’ਤੇ 900 ਕਰੋੜ ਤੋਂ ਜ਼ਿਆਦਾ ਦਾ ਕਰਜ਼ਾ ਚਾੜ੍ਹ ਦਿੱਤਾ ਸੀ, ਜਿਸ ਦਾ ਅੱਜ ਸਾਲਾਨਾ ਵਿਆਜ ਵੀ ਕਰੋੜਾਂ ’ਚ ਤਾਰਿਆ ਜਾ ਰਿਹਾ ਹੈ।

ਕਾਂਗਰਸ ਨੇ 2017 ’ਚ ਚੋਣਾਂ ਵੇਲੇ ਚਾਹ ਪੱਤੀ ਦੇਣ ਦੀ ਗੱਲ ਕੀਤੀ ਸੀ ਅਤੇ ਫੂਡ ਕੰਟੀਨਾਂ ਖੋਲ੍ਹਣ ਦਾ ਵਾਅਦਾ ਕੀਤਾ ਸੀ ਜਿੱਥੇ ਪੰਜ ਰੁਪਏ ਦੀ ਥਾਲੀ ਮਿਲਣੀ ਸੀ। ਪੰਜਾਬ ’ਚ ਇਸ ਵੇਲੇ 40.48 ਲੱਖ ਰਾਸ਼ਨ ਕਾਰਡ ਹਨ ਜਿਨ੍ਹਾਂ ’ਤੇ 1.52 ਕਰੋੜ ਲਾਭਪਾਤਰੀ ਦਰਜ ਹਨ। ਸਾਲ 2013 ’ਚ ਤਾਮਿਲਨਾਡੂ ’ਚ ਜੈਲਲਿਤਾ ਨੇ ‘ਅੰਮਾ ਕੰਟੀਨ’ ਦੀ ਸ਼ੁਰੂਆਤ ਕੀਤੀ ਸੀ ਅਤੇ ਉੜੀਸਾ ਨੇ ‘ਆਹਾਰ’ ਨਾਮ ਦੀ ਸਕੀਮ ਦੀ ਸ਼ੁਰੂਆਤ ਕੀਤੀ ਸੀ। ਕਰੀਬ ਇੱਕ ਸਾਲ ਪਹਿਲਾਂ 10 ਜਨਵਰੀ 2025 ਨੂੰ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ’ਚ ‘ਮਾਂ ਕੀ ਰਸੋਈ’ ਨਾਮ ਦੀ ਸਕੀਮ ਦਾ ਉਦਘਾਟਨ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕੀਤਾ ਸੀ। ਰਾਜਸਥਾਨ ’ਚ ਕਾਂਗਰਸ ਸਰਕਾਰ ਨੇ ‘ਕੋਈ ਵੀ ਨਾ ਸੌਂਵੇਂ ਭੁੱਖਾ’ ਦੇ ਨਾਅਰੇ ਹੇਠ ‘ਇੰਦਰਾ ਕੰਟੀਨ’ ਦੀ ਸ਼ੁਰੂਆਤ ਕੀਤੀ ਸੀ ਜਿਸ ਤਹਿਤ ਅੱਠ ਰੁਪਏ ਪ੍ਰਤੀ ਥਾਲ਼ੀ ਕੀਮਤ ਤੈਅ ਕੀਤੀ ਗਈ ਸੀ। ਜਦੋਂ ਰਾਜਸਥਾਨ ’ਚ ਭਾਜਪਾ ਸਰਕਾਰ ਬਣੀ ਤਾਂ ਇਸ ਸਕੀਮ ਦਾ ਨਾਮ ਬਦਲ ਕੇ ‘ਸ੍ਰੀ ਅੰਨਾਪੂਰਨਾ ਰਸੋਈ’ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਮੱਧ ਪ੍ਰਦੇਸ਼ ’ਚ ਵੀ ‘ਦੀਨ ਦਿਆਲ ਰਸੋਈ ਯੋਜਨਾ’ ਚੱਲ ਰਹੀ ਹੈ ਜੋ ਕਿ ਸਾਲ 2017 ’ਚ ਸ਼ੁਰੂ ਕੀਤੀ ਗਈ ਸੀ। ਸ਼ਹਿਰੀ ਖੇਤਰ ਦੇ ਵਰਕਰਾਂ ਨੂੰ ਪੰਜ ਰੁਪਏ ’ਚ ਥਾਲੀ ਦਿੱਤੀ ਜਾਂਦੀ ਹੈ।

ਉੜੀਸਾ ’ਚ ਦਸੰਬਰ 2024 ’ਚ ਡਰਾਈਵਰਾਂ ਨੂੰ ਸਰਕਾਰ ਨੇ ਮੁਫ਼ਤ ’ਚ ਚਾਹ ਪਿਲਾਉਣ ਦੀ ਯੋਜਨਾ ਸ਼ੁਰੂ ਕੀਤੀ ਸੀ ਜਿਸ ਤਹਿਤ ਕੌਮੀ ਸੜਕ ਮਾਰਗਾਂ ’ਤੇ ਪੈਂਦੇ ਢਾਬਿਆਂ ’ਤੇ ਲੰਮੇ ਸਫ਼ਰ ’ਤੇ ਚੱਲਣ ਵਾਲੇ ਡਰਾਈਵਰਾਂ ਨੂੰ ਮੁਫ਼ਤ ਚਾਹ ਪਿਲਾਈ ਜਾਂਦੀ ਸੀ। ਤ੍ਰਿਪੁਰਾ ਦੇ ਅਗਰਤਲਾ ਕਾਰਪੋਰੇਸ਼ਨ ਦੇ ਖੇਤਰ ’ਚ ਟੀ ਸਟਾਲ ਵਾਲਿਆਂ ਨੂੰ ਮੁਫ਼ਤ ’ਚ ਸਰਕਾਰ ਨੇ ਕੱਪ ਵੰਡੇ ਸਨ। ਪੰਜਾਬ ’ਚ ਪਹਿਲੀ ਵਾਰ ‘ਮੇਰੀ ਰਸੋਈ’ ਸਕੀਮ ਤਹਿਤ ਮੁਫ਼ਤ ’ਚ ਰਾਸ਼ਨ ਦੇਣ ਦੀ ਯੋਜਨਾ ਆਈ ਹੈ, ਜੋ ‘ਆਪ’ ਸਰਕਾਰ ਦਾ ਨਵਾਂ ਤਜਰਬਾ ਹੈ।

**‘ਮੇਰੀ ਰਸੋਈ’ ਸਕੀਮ ਨੂੰ ਪ੍ਰਵਾਨਗੀ**

‘ਆਪ’ ਸਰਕਾਰ ਨੇ ‘ਮੇਰੀ ਰਸੋਈ’ ਸਕੀਮ ਨੂੰ ਪ੍ਰਵਾਨਗੀ ਦਿੱਤੀ ਹੈ ਅਤੇ ਸਕੀਮ ਲਈ 950 ਕਰੋੜ ਦਾ ਬਜਟ ਵੀ ਰੱਖਿਆ ਜਾ ਰਿਹਾ ਹੈ। ਪੰਜਾਬ ਦੇ 40 ਲੱਖ ਪਰਿਵਾਰਾਂ ਨੂੰ ‘ਮੇਰੀ ਰਸੋਈ’ ਸਕੀਮ ਤਹਿਤ ਮੁਫ਼ਤ ’ਚ ਖੰਡ, ਦਾਲ, ਨਮਕ, ਹਲਦੀ ਤੇ ਤੇਲ ਦਿੱਤਾ ਜਾਣਾ ਹੈ।

## ਸਿੰਘ ਸਾਹਿਬਾਨ ਬਨਾਮ ਸ਼੍ਰੋਮਣੀ ਕਮੇਟੀ

# ਕੀ ਪੰਥਕ ਸੰਸਥਾਵਾਂ ਅੰਦਰ ਸ਼ੁਰੂ ਹੋ ਗਈ ਹੈ ਵੱਡੀ ਖ਼ਾਨਾਜੰਗੀ ?

## ਗਿਆਨੀ ਰਘਬੀਰ ਸਿੰਘ ਨੇ ਐੱਸ.ਜੀ.ਪੀ.ਸੀ. ਅਤੇ ਬਾਦਲ ਪਰਿਵਾਰ ਉੱਤੇ ਲਗਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼

ਸਿੱਖ ਪੰਥ ਦੀਆਂ ਸਭ ਤੋਂ ਉੱਚੀਆਂ ਅਤੇ ਪਵਿੱਤਰ ਸੰਸਥਾਵਾਂ ਵਿੱਚ ਇੱਕ ਵੱਡਾ ਵਿਵਾਦ ਉਭਰਿਆ ਹੈ। 18 ਫਰਵਰੀ 2026 ਨੂੰ ਜਲੰਧਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਨੇ ਪੂਰੇ ਪੰਥ ਵਿੱਚ ਚਰਚਾ ਛੇੜ ਦਿੱਤੀ ਹੈ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਿਆ ਗਿਆ ਸਖਤ ਨੋਟਿਸ ਅਤੇ ਗਿਆਨੀ ਰਘਬੀਰ ਸਿੰਘ ਵੱਲੋਂ ਦਿੱਤਾ ਗਿਆ ਪ੍ਰਤੀ-ਅਲਟੀਮੇਟਮ ਨੇ ਵਿਵਾਦ ਨੂੰ ਹੋਰ ਤਿੱਖਾ ਬਣਾ ਦਿੱਤਾ ਹੈ। ਇਹ ਵਿਵਾਦ ਸਿਰਫ਼ ਵਿਅਕਤੀਗਤ ਨਹੀਂ, ਬਲਕਿ ਸਿੱਖ ਪੰਥ ਦੀਆਂ ਸੰਸਥਾਵਾਂ ਦੀ ਪਾਰਦਰਸ਼ਤਾ, ਜਵਾਬਦੇਹੀ ਅਤੇ ਏਕਤਾ ਨਾਲ ਜੁੜਿਆ ਹੋਇਆ ਹੈ।

ਬੀਤੀ 18 ਫਰਵਰੀ 2026 ਨੂੰ ਜਲੰਧਰ ਵਿੱਚ ਗਿਆਨੀ ਰਘਬੀਰ ਸਿੰਘ ਨੇ ਪ੍ਰੈੱਸ ਕਾਨਫਰੰਸ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਵਿੱਚ ਬਾਦਲ ਪਰਿਵਾਰ ਦਾ ਰਾਜ ਚੱਲ ਰਿਹਾ ਹੈ। ਗੁਰਦੁਆਰਾ ਸਾਹਿਬਾਨ ਦੀਆਂ ਜ਼ਮੀਨਾਂ ਘੱਟ ਰੇਟ ਉੱਤੇ ਵੇਚੀਆਂ ਜਾ ਰਹੀਆਂ ਹਨ। ਖਾਸ ਤੌਰ ਉੱਤੇ ਗੁਰਦੁਆਰਾ ਅੰਬ ਸਾਹਿਬ (ਮੋਹਾਲੀ) ਦੀ ਜ਼ਮੀਨ ਦਾ ਜ਼ਿਕਰ ਕੀਤਾ ਗਿਆ। ਲੰਗਰ ਵਿੱਚ ਵਰਤੀਆਂ ਜਾਣ ਵਾਲੀਆਂ ਸੁੱਕੀਆਂ ਰੋਟੀਆਂ ਵੇਚ ਕੇ ਕਰੋੜਾਂ ਰੁਪਏ ਦਾ ਘਪਲਾ ਹੋ ਰਿਹਾ ਹੈ। ਅਖੰਡ ਪਾਠ ਸਾਹਿਬ ਦੀ ਆਮ ਫੀਸ 8500 ਰੁਪਏ ਹੈ, ਪਰ ਵਿਸ਼ੇਸ਼ ਥਾਵਾਂ ਉੱਤੇ 5 ਲੱਖ ਰੁਪਏ ਤੱਕ ਰਿਸ਼ਵਤ ਲੈ ਕੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੇ 328 ਗੁੰਮ ਹੋਏ ਸਰੂਪਾਂ ਦਾ ਮੁੱਦਾ ਉਠਾਇਆ ਅਤੇ ਐੱਸ.ਜੀ.ਪੀ.ਸੀ. ਤੋਂ ਸਪੱਸ਼ਟ ਜਵਾਬ ਮੰਗਿਆ। ਉਨ੍ਹਾਂ ਸਰਬੱਤ ਖਾਲਸਾ ਬੁਲਾਉਣ ਦਾ ਸੱਦਾ ਵੀ ਦਿੱਤਾ ਅਤੇ ਸਾਰੀਆਂ ਜਥੇਬੰਦੀਆਂ, ਨਿਹੰਗਾਂ, ਟਕਸਾਲਾਂ ਤੇ ਵਿਦੇਸ਼ੀ ਸਿੱਖਾਂ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ। ਉਨ੍ਹਾਂ ਖੁਦ ਨੂੰ ਐੱਸ.ਜੀ.ਪੀ.ਸੀ. ਦਾ ਇੱਕ ਉਪਕਰਮੀ ਦੱਸਿਆ ਪਰ ਬਾਬਾ ਬੁੱਢਾ ਜੀ ਵਰਗੀ ਸਥਿਤੀ ਉੱਤੇ ਬੈਠੇ ਹੋਣ ਕਾਰਨ ਸੰਗਤ ਨੂੰ ਗਲਤੀਆਂ ਤੋਂ ਜਾਣੂ ਕਰਾਉਣ ਦੀ ਜ਼ਿੰਮੇਵਾਰੀ ਅਦਾ ਕੀਤੀ।

ਇਸੇ ਤਰ੍ਹਾਂ ਗਿਆਨੀ ਹਰਪ੍ਰੀਤ ਸਿੰਘ (ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ) ਨੇ ਵੀ ਐੱਸ.ਜੀ.ਪੀ.ਸੀ. ਉੱਤੇ ਹਮਲਾ ਬੋਲਦਿਆਂ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਜ਼ਮੀਨਾਂ ਦੀ ਮਾਲਕ ਨਹੀਂ, ਸਿਰਫ਼ ਕੇਅਰ ਟੇਕਰ ਹੈ। 1999 ਤੋਂ ਹੁਣ ਤੱਕ ਵੇਚੀਆਂ ਤੇ ਖਰੀਦੀਆਂ ਗਈਆਂ ਜ਼ਮੀਨਾਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਸੁਖਬੀਰ ਸਿੰਘ ਬਾਦਲ ਉੱਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਆਪਣੀ ਮੁੱਠੀ ਵਿੱਚ ਸਮਝਦੇ ਹਨ ਤੇ ਚੋਣ ਫੰਡ ਲਈ ਘਪਲੇ ਹੋ ਰਹੇ ਹਨ। ਅੰਬ ਸਾਹਿਬ ਵਾਲਾ ਮਾਮਲਾ ਉਠਾਉਂਦਿਆਂ ਉਨ੍ਹਾਂ ਪੁੱਛਿਆ ਸੀ ਕਿ 39 ਕਰੋੜ 43 ਲੱਖ ਰੁਪਏ ਕਿੱਥੇ ਗਏ ? ਇਹ ਵੀ ਤੱਥ ਹੈ ਕਿ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਵਿੱਚ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ ਵਿੱਚ ਮੈਨੇਜਰ ਰਾਜਿੰਦਰ ਸਿੰਘ ਟੌਹੜਾ ਉੱਤੇ ਫਰਜ਼ੀ ਦਸਤਾਵੇਜ਼ ਬਣਾ ਕੇ ਜ਼ਮੀਨ ਵੇਚਣ ਅਤੇ ਰਕਮ ਆਪਣੇ ਖਾਤੇ ਵਿੱਚ ਜਮ੍ਹਾ ਕਰਨ ਦਾ ਇਲਜ਼ਾਮ ਹੈ। ਮੋਹਾਲੀ ਪੁਲਿਸ ਵੱਲੋਂ ਧੋਖਾਧੜੀ, ਫਰਜ਼ੀਵਾਦ ਅਤੇ ਸਾਜਿਸ਼ ਤਹਿਤ ਐਫ.ਆਈ.ਆਰ. ਦਰਜ ਹੋਈ ਹੈ ਅਤੇ ਮੈਨੇਜਰ ਨੂੰ ਮੁਅੱਤਲ ਕੀਤਾ ਗਿਆ ਸੀ। ਐੱਸ.ਜੀ.ਪੀ.ਸੀ. ਵੱਲੋਂ ਇਸਦੀ ਜਾਂਚ ਕੀਤੀ ਜਾ ਰਹੀ ਹੈ।



ਦੂਜੇ ਪਾਸੇ 19 ਫਰਵਰੀ 2026 ਨੂੰ ਐਗਜ਼ੀਕਿਊਟਿਵ ਕਮੇਟੀ ਦੀ ਮੀਟਿੰਗ ਵਿੱਚ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਿਆਨੀ ਰਘਬੀਰ ਸਿੰਘ ਵੱਲੋਂ ਲਗਾਏ ਦੋਸ਼ਾਂ ਨੂੰ ‘ਲਿਖੀ ਹੋਈ ਸਕ੍ਰਿਪਟ’ ਕਰਾਰ ਦਿੱਤਾ। ਗਿਆਨੀ ਰਘਬੀਰ ਸਿੰਘ ਨੂੰ ਆਪਣੇ ਦੋਸ਼ਾਂ ਦੇ ਲਿਖਤੀ ਸਬੂਤ 72 ਘੰਟਿਆਂ ਵਿੱਚ ਪੇਸ਼ ਕਰਨ ਲਈ ਨੋਟਿਸ ਦਿੱਤਾ ਗਿਆ। ਗਿਆਨੀ ਹਰਪ੍ਰੀਤ ਸਿੰਘ ਨੂੰ ਜਨਤਕ ਮੁਆਫੀ ਮੰਗਣ ਲਈ ਕਿਹਾ ਗਿਆ, ਨਾ ਕਰਨ ’ਤੇ ਮਾਣਹਾਨੀ ਦਾ ਕੇਸ ਦਰਜ ਕਰਨ ਦੀ ਚਿਤਾਵਨੀ ਦਿੱਤੀ ਗਈ। ਗਿਆਨੀ ਰਘਬੀਰ ਸਿੰਘ ਇਸ ਵੇਲੇ ਛੁੱਟੀ ਉੱਤੇ ਹਨ। ਉਨ੍ਹਾਂ ਨੇ 22 ਫਰਵਰੀ ਨੂੰ ਫੇਸਬੁੱਕ ਵੀਡੀਓ ਰਾਹੀਂ ਪ੍ਰਤੀ-ਅਲਟੀਮੇਟਮ ਦਿੱਤਾ ਅਤੇ ਧਾਮੀ ਤੋਂ 72 ਘੰਟਿਆਂ ਵਿੱਚ ਜਵਾਬ ਮੰਗਿਆ, ਨਾ ਮਿਲਣ ’ਤੇ ਸੰਗਤ ਅੱਗੇ ਸਬੂਤ ਪੇਸ਼ ਕਰਨ ਦੀ ਗੱਲ ਕੀਤੀ। ਐੱਸ.ਜੀ.ਪੀ.ਸੀ. ਨੇ 26 ਫਰਵਰੀ ਨੂੰ ਇੱਕ ਅਹਿਮ ਮੀਟਿੰਗ ਸੱਦੀ ਹੈ ਜਿਸ ਵਿੱਚ ਵੱਡਾ ਫੈਸਲਾ ਹੋ ਸਕਦਾ ਹੈ।

ਪੰਥਕ ਆਗੂਆਂ ਵੱਲੋਂ ਵੀ ਇਸ ਮਾਮਲੇ ਵਿੱਚ ਵੱਖ-ਵੱਖ ਪ੍ਰਤੀਕਿਰਿਆਵਾਂ ਆਈਆਂ ਹਨ। ਤਖ਼ਤ ਸ੍ਰੀ ਦਰਬਾਰ ਸਾਹਿਬ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਉੱਤੇ ਤਲਬ ਕਰਕੇ ਸਪੱਸ਼ਟੀਕਰਨ ਲੈਣ ਅਤੇ ਢੁੱਕਵੀਂ ਕਾਰਵਾਈ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਹੁਦਿਆਂ ਉੱਤੇ ਰਹਿੰਦਿਆਂ ਕਦੇ ਇਹ ਗਲਤੀਆਂ ਨਹੀਂ ਵੇਖੀਆਂ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਤਿੱਖਾ ਹਮਲਾ ਕੀਤਾ ਅਤੇ ਗਿਆਨੀ ਰਘਬੀਰ ਸਿੰਘ ਉੱਤੇ ਪੰਥ ਵਿਰੋਧੀ ਤਾਕਤਾਂ ਨਾਲ ਮਿਲਣ ਦਾ ਇਲਜ਼ਾਮ ਲਾਇਆ।

(ਬਾਕੀ ਸਫ਼ਾ 26 ’ਤੇ)

## 160 ਸਾਲ ਪਹਿਲਾਂ ਲੁੱਟੇ ਗਏ ਸ਼ਾਹੀ ਗਹਿਣਿਆਂ ਦਾ ਮਸਲਾ

# ਮਹਾਰਾਜਾ ਸ਼ੇਰ ਸਿੰਘ ਦੇ ਵਾਰਸ ਬ੍ਰਿਟੇਨ ਅਦਾਲਤਾਂ ਵਿੱਚ ਲੜਨਗੇ ਕਾਨੂੰਨੀ ਲੜਾਈ





ਅੰਮ੍ਰਿਤਸਰ/ਏ.ਟੀ.ਨਿਊਜ਼: ਇੱਕ ਵਾਰ ਫਿਰ ਸਿੱਖ ਇਤਿਹਾਸ ਦੇ ਇੱਕ ਅਣਸੁਲਝੇ ਅਧਿਆਏ ਨੂੰ ਖੋਲ੍ਹਣ ਅਤੇ ਲੁੱਟੀਆਂ ਗਈਆਂ ਸ਼ਾਹੀ ਦੌਲਤਾਂ ਵਾਪਸ ਲੈਣ ਲਈ ਆਸ਼ਾਵਾਦੀ ਲੜਾਈ ਸ਼ੁਰੂ ਹੋਣ ਜਾ ਰਹੀ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਸ਼ੇਰ ਸਿੰਘ ਦੀਆਂ ਰਾਣੀਆਂ ਤੋਂ ਅੰਗਰੇਜ਼ਾਂ ਵੱਲੋਂ ਲੁੱਟੇ ਗਏ ਸ਼ਾਹੀ ਗਹਿਣਿਆਂ ਅਤੇ ਹੋਰ ਕੀਮਤੀ ਖਜ਼ਾਨੇ ਦੀ ਵਾਪਸੀ ਲਈ ਉਨ੍ਹਾਂ ਦੇ ਮੌਜੂਦਾ ਵਾਰਸ ਹੁਣ ਯੂਨਾਈਟਿਡ ਕਿੰਗਡਮ ਦੀਆਂ ਅਦਾਲਤਾਂ ਵਿੱਚ ਪੂਰੀ ਤਾਕਤ ਨਾਲ ਕਾਨੂੰਨੀ ਲੜਾਈ ਲੜਨਗੇ। ਇਸ ਲੜਾਈ ਵਿੱਚ ਉਹ ਭਾਰਤ ਸਰਕਾਰ ਦਾ ਵੀ ਪੂਰਾ ਸਹਿਯੋਗ ਲੈਣਗੇ।

ਸਾਜਿਸ਼ੀ ਢੰਗ ਨਾਲ ਸਿੱਖ ਰਾਜ ਖਤਮ ਕਰਨ ਤੋਂ ਬਾਅਦ ਅੰਗਰੇਜ਼ ਸ਼ਾਸਕਾਂ ਦਾ ਮੁੱਖ ਟੀਚਾ ਸਿੱਖ ਸ਼ਾਹੀ ਪਰਿਵਾਰ ਦੀ ਸ਼ਕਤੀ ਅਤੇ ਪ੍ਰਭਾਵ ਨੂੰ ਤੋੜਨਾ ਸੀ। ਖਾਸ ਤੌਰ ’ਤੇ ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਜਿੰਦ ਕੌਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਸਾਲ 1849 ਵਿੱਚ ਦੂਜੀ ਐਂਗਲੋ-ਸਿੱਖ ਜੰਗ ਤੋਂ ਬਾਅਦ ਲਾਰਡ ਡਲਹੌਜੀ ਨੇ ਸਿੱਖ ਰਾਜ ਨੂੰ ਖਤਮ ਕਰਕੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਕਰ ਲਿਆ ਸੀ। ਉਸ ਤੋਂ ਬਾਅਦ ਲਾਹੌਰ ਸ਼ਾਹੀ ਕਿਲ੍ਹੇ ਅਤੇ ਰਾਣੀਆਂ ਦੀਆਂ ਹਵੇਲੀਆਂ ਵਿੱਚ ਤਲਾਸ਼ੀਆਂ ਲਈ ਗਈਆਂ ਸਨ। ਡਾ. ਜੌਨ ਸਪੈਂਸਰ ਲੌਗਿਨ ਨੂੰ ਖਾਸ ਤੌਰ ’ਤੇ ਇੰਗਲੈਂਡ ਤੋਂ ਬੁਲਾ ਕੇ ਤੋਸ਼ਾਖਾਨਿਆਂ ਦਾ ਇੰਚਾਰਜ ਬਣਾਇਆ ਗਿਆ ਸੀ।

ਰਾਣੀ ਧਰਮ ਕੌਰ ਰੰਧਾਵੀ (ਮਹਾਰਾਜਾ ਸ਼ੇਰ ਸਿੰਘ ਦੀ ਰਾਣੀ) ਦੀ ਹਵੇਲੀ ਵਿੱਚ ਤੋਸ਼ਾਖਾਨਾ ਖੋਲ੍ਹ ਕੇ ਸਾਰੇ ਗਹਿਣੇ ਚਾਰ ਮੇਜ਼ਾਂ ਉੱਤੇ ਰੱਖ ਕੇ ਤੁਲਵਾਏ ਗਏ। ਉਨ੍ਹਾਂ ਦਾ ਸ਼ੁੱਧ ਵਜ਼ਨ 20 ਕਿਲੋਗ੍ਰਾਮ ਤੋਂ ਵੀ ਵੱਧ ਸੀ। ਉਸ ਵੇਲੇ ਰਾਣੀਆਂ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਰਾਜ ਦੀ ਸਥਿਤੀ ਆਮ ਹੋਣ ਤੋਂ ਬਾਅਦ ਸਾਰਾ ਸਾਮਾਨ ਵਾਪਸ ਕਰ ਦਿੱਤਾ ਜਾਵੇਗਾ, ਪਰ ਇਹ ਵਾਅਦਾ ਕਦੇ ਪੂਰਾ ਨਾ ਹੋਇਆ।

ਰਾਣੀ ਧਰਮ ਕੌਰ ਨੇ ਵੱਡੀ ਜੱਦੋ-ਜਹਿਦ ਤੋਂ ਬਾਅਦ 13 ਅਪ੍ਰੈਲ 1870 ਨੂੰ ਲਾਹੌਰ ਦੇ ਡਿਪਟੀ ਕਮਿਸ਼ਨਰ ਤੋਂ ਗਹਿਣਿਆਂ ਅਤੇ ਸਾਮਾਨ ਦੀ ਰਸੀਦ ਲੈ ਲਈ ਸੀ। ਉਨ੍ਹਾਂ ਦਾ ਇਰਾਦਾ ਇੰਗਲੈਂਡ ਜਾ ਕੇ ਲੀਗਲ ਲੜਾਈ ਲੜਨਾ ਸੀ, ਪਰ ਉਸ ਤੋਂ ਪਹਿਲਾਂ ਹੀ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ।

(ਬਾਕੀ ਸਫ਼ਾ 26 ’ਤੇ)

ਦਰਪਣ ਝੂਠ ਨਹੀਂ ਬੋਲਦਾ

# ਨਿੱਝਰ ਕਤਲ ਕੇਸ ’ਚ ਕੈਨੇਡਾ ਸਰਕਾਰ ਵੱਲੋਂ ਇਨਸਾਫ਼ ਨਾਲ ਸਮਝੌਤਾ ?

## ਕੌਮੀ ਸੁਰੱਖਿਆ ਦੇ ਨਾਂਅ ਹੇਠ ਸਬੂਤ ਗੁਪਤ ਰੱਖਣ ਦੀ ਤਿਆਰੀ

## ਗਲੋਬਲ ਨਿਊਜ਼ ਨੇ ਕੈਨੇਡਾ ਸਰਕਾਰ ਦੇ ਕਦਮ ’ਤੇ ਖੜ੍ਹੇ ਕੀਤੇ ਸਵਾਲ

ਹੁਣੇ ਜਿਹੇ ਗਲੋਬਲ ਨਿਊਜ਼ ਦੀ ਸਨਸਨੀਖੇਜ਼ ਖ਼ਬਰ ਨੇ ਸਾਰੇ ਸਿੱਖ ਭਾਈਚਾਰੇ ਨੂੰ ਹਿਲਾ ਦਿੱਤਾ ਹੈ। ਕੈਨੇਡਾ ਦਾ ਨਿਆਂ ਵਿਭਾਗ ਹੁਣ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਵਾਲੇ ਮੁਕੱਦਮੇ ਵਿੱਚ ਕੁਝ ਖਾਸ ਸੰਵੇਦਨਸ਼ੀਲ ਸਬੂਤਾਂ ਨੂੰ ਗੁਪਤ ਰੱਖਣ ਲਈ ਫੈਡਰਲ ਕੋਰਟ ਵਿੱਚ ਅਰਜ਼ੀ ਦੇ ਚੁੱਕਾ ਹੈ। ਇਸ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਸਬੂਤਾਂ ਦਾ ਖੁਲਾਸਾ ਕਰਨ ਨਾਲ ਅੰਤਰਰਾਸ਼ਟਰੀ ਰਿਸ਼ਤੇ ਅਤੇ ਕੌਮੀ ਸੁਰੱਖਿਆ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਹ ਖਬਰ ਗਲੋਬਲ ਨਿਊਜ਼ ਨੇ 19 ਫ਼ਰਵਰੀ 2026 ਨੂੰ ਛਾਪੀ ਸੀ ਅਤੇ ਇਸ ਤੋਂ ਬਾਅਦ ਪੂਰੀ ਦੁਨੀਆਂ ਵਿੱਚ ਚਰਚਾ ਛਿੜ ਗਈ।

ਇਥੇ ਜ਼ਿਕਰਯੋਗ ਹੈ ਕਿ ਭਾਈ ਹਰਦੀਪ ਸਿੰਘ ਨਿੱਝਰ ਇੱਕ ਖ਼ਾਲਿਸਤਾਨੀ ਸਿੱਖ ਨੇਤਾ ਸਨ ਜੋ ਕੈਨੇਡਾ ਵਿਚ ਰਹਿੰਦੇ ਸਨ।ਉਹ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਨ ਅਤੇ ਖ਼ਾਲਿਸਤਾਨ ਰੈਫਰੈਂਡਮ ਵਰਗੀਆਂ ਸ਼ਾਂਤੀਪੂਰਵਕ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਸਨ। 18 ਜੂਨ 2023 ਨੂੰ ਗੁਰਦੁਆਰਾ ਤੋਂ ਬਾਹਰ ਆਪਣੇ ਟਰੱਕ ਵਿੱਚ ਬੈਠ ਕੇ ਜਾ ਰਹੇ ਸਨ ਤਾਂ ਉਨ੍ਹਾਂ ਉੱਤੇ ਗੋਲੀਆਂ ਚਲਾ ਕੇ ਕਤਲ ਕਰ ਦਿਤਾ। ਇਸ ਘਟਨਾ ਨੇ ਨਾ ਸਿਰਫ਼ ਸਿੱਖ ਭਾਈਚਾਰਾ ਬਲਕਿ ਪੂਰਾ ਕੈਨੇਡਾ ਹਿਲਾ ਦਿੱਤਾ ਸੀ।

ਉਸ ਵੇਲੇ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ 2023 ਵਿੱਚ ਕਿਹਾ ਸੀ ਕਿ ਉਨ੍ਹਾਂ ਕੋਲ ਭਰੋਸੇਯੋਗ ਜਾਣਕਾਰੀ ਹੈ ਕਿ ਭਾਰਤੀ ਏਜੰਟ ਇਸ ਕਤਲ ਵਿਚ ਸ਼ਾਮਲ ਸਨ। ਇਸ ਤੋਂ ਬਾਅਦ ਕੈਨੇਡਾ ਅਤੇ ਭਾਰਤ ਵਿਚਾਲੇ ਰਿਸ਼ਤੇ ਖਰਾਬ ਹੋ ਗਏ ਸਨ। ਕੈਨੇਡਾ ਨੇ ਭਾਰਤੀ ਡਿਪਲੋਮੈਟਾਂ ਨੂੰ ਦੇਸ਼ ਛੱਡਣ ਲਈ ਕਿਹਾ ਸੀ ਅਤੇ ਭਾਰਤ ਨੇ ਵੀ ਕੈਨੇਡੀਅਨ ਡਿਪਲੋਮੈਟਾਂ ਨੂੰ ਭੇਜ ਦਿੱਤਾ ਸੀ। ਭਾਰਤ ਨੇ ਹਮੇਸ਼ਾ ਇਸ ਇਲਜ਼ਾਮ ਤੋਂ ਇਨਕਾਰ ਕੀਤਾ ਸੀ ਅਤੇ ਕਿਹਾ ਕਿ ਕੈਨੇਡਾ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਦੇ ਸਕਿਆ।



ਫ਼ਿਰ ਮਈ 2024 ਵਿੱਚ ਕੈਨੇਡਾ ਪੁਲਿਸ (ਆਰ.ਸੀ.ਐੱਮ.ਪੀ.) ਨੇ ਚਾਰ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਦੇ ਨਾਮ ਹਨ - ਅਮਨਦੀਪ ਸਿੰਘ ਅਤੇ ਕਰਨਪ੍ਰੀਤ ਸਿੰਘ (ਕਥਿਤ ਨਿਸ਼ਾਨੇਬਾਜ਼), ਕਰਨ ਬਰਾੜ (ਕਥਿਤ ਗੇਟਵੇ ਡਰਾਈਵਰ) ਅਤੇ ਕਮਲਪ੍ਰੀਤ ਸਿੰਘ। ਇਨ੍ਹਾਂ ਉੱਤੇ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਇਲਜ਼ਾਮ ਲੱਗੇ ਸਨ। ਪੁਲਿਸ ਦਾ ਮੰਨਣਾ ਹੈ ਕਿ ਇਨ੍ਹਾਂ ਨੇ ਭਾਰਤ ਵਿੱਚ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਮਦਦ ਨਾਲ ਇਹ ਵਾਰਦਾਤ ਕੀਤੀ ਸੀ। ਅਜੇ ਤੱਕ ਲਾਰੈਂਸ ਬਿਸ਼ਨੋਈ ਜਾਂ ਉਸ ਦੇ ਸਾਥੀ ਗੋਲਡੀ ਬਰਾੜ ਉੱਤੇ ਇਸ ਕੇਸ ਵਿੱਚ ਇਲਜ਼ਾਮ ਨਹੀਂ ਲੱਗੇ ਸਨ। ਇਹ ਚਾਰੇ ਮੁਲਜ਼ਮ ਹੁਣ ਬੀ.ਸੀ. ਸੁਪਰੀਮ ਕੋਰਟ ਵਿੱਚ ਪ੍ਰੀ-ਟ੍ਰਾਇਲ ਪੜਾਅ ਵਿੱਚ ਹਨ। ਟ੍ਰਾਇਲ ਸ਼ਾਇਦ ਅਗਸਤ 2026 ਤੋਂ ਪਹਿਲਾਂ ਸ਼ੁਰੂ ਨਾ ਹੋਵੇ।ਦਸੰਬਰ 2025 ਵਿੱਚ ਕੈਨੇਡਾ ਦੇ ਅਟਾਰਨੀ ਜਨਰਲ ਨੇ ਫ਼ੈਡਰਲ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਸੀ। ਇਹ ਅਰਜ਼ੀ ਕੈਨੇਡਾ ਐਵੀਡੈਂਸ ਐਕਟ ਦੀ ਧਾਰਾ 38 ਤਹਿਤ ਹੈ। ਇਸ ਵਿੱਚ ਮੰਗ ਕੀਤੀ ਗਈ ਹੈ ਕਿ ਕੁਝ ਸਬੂਤ ਗੁਪਤ ਰੱਖੇ ਜਾਣ ਤਾਂ ਜੋ ਉਨ੍ਹਾਂ ਦਾ ਖੁਲਾਸਾ ਨਾ ਹੋਵੇ। ਅਰਜ਼ੀ ਵਿੱਚ ਲਿਖਿਆ ਸੀ ਕਿ ਇਹ ਜਾਣਕਾਰੀ ਅੰਤਰਰਾਸ਼ਟਰੀ ਰਿਸ਼ਤਿਆਂ ਅਤੇ ਕੌਮੀ ਸੁਰੱਖਿਆ ਲਈ ਨੁਕਸਾਨਦਾਇਕ ਹੋ ਸਕਦੀ ਹੈ। ਗਲੋਬਲ ਨਿਊਜ਼ ਨੇ ਰਿਪੋਰਟ ਕੀਤੀ ਕਿ 2024 ਅਤੇ 2025 ਵਿੱਚ ਅਟਾਰਨੀ ਜਨਰਲ ਨੂੰ ਚਾਰ ਨੋਟਿਸ ਆਏ ਸਨ ਜਿਨ੍ਹਾਂ ਵਿੱਚ ਇਸ ਤਰ੍ਹਾਂ ਦੀ ਸੰਵੇਦਨਸ਼ੀਲ ਜਾਣਕਾਰੀ ਬਾਰੇ ਚਿਤਾਵਨੀ ਦਿੱਤੀ ਗਈ ਸੀ।

ਅਧਿਕਾਰਤ ਤੌਰ ’ਤੇ ਇਹਨਾਂ ਸਬੂਤਾਂ ਬਾਰੇ ਕੋਈ ਵੀ ਡਿਟੇਲ ਨਹੀਂ ਦੱਸੀ ਗਈ। ਪਰ ਖ਼ਬਰਾਂ ਅਨੁਸਾਰ ਇਹ ਸਬੂਤ ਉਨ੍ਹਾਂ ਖੁਫ਼ੀਆ ਏਜੰਸੀਆਂ ਤੋਂ ਆਏ ਹਨ ਜੋ ਕੈਨੇਡਾ ਦੀਆਂ ਮਿੱਤਰ ਏਜੰਸੀਆਂ ਹਨ।ਖਾਸ ਤੌਰ ’ਤੇ ਯੂਨਾਈਟਿਡ ਕਿੰਗਡਮ ਦੀ ਖੁਫ਼ੀਆ ਏਜੰਸੀ ਨੇ ਇੰਟਰਸੈਪਟ ਕੀਤੀਆਂ ਗੱਲਬਾਤਾਂ ਸਾਂਝੀਆਂ ਕੀਤੀਆਂ ਸਨ। ਗਲੋਬਲ ਨਿਊਜ਼ ਮੁਤਾਬਕ, ਯੂਨਾਈਟਿਡ ਕਿੰਗਡਮ ਦੀਆਂ ਏਜੰਸੀਆਂ ਨੇ ਕੁਝ ਅਜਿਹੀਆਂ ਗੱਲਾਂ ਰਿਕਾਰਡ ਕੀਤੀਆਂ ਸਨ ਜਿਨ੍ਹਾਂ ਵਿੱਚ ਉੱਚ ਪੱਧਰੀ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਦਾ ਸੰਕੇਤ ਮਿਲਦਾ ਸੀ।ਇਸ ਕੇਸ ਨੇ ਕੈਨੇਡਾ ਵਿੱਚ ਰਹਿਣ ਵਾਲੇ ਸਿੱਖਾਂ ਵਿਚ ਡਰ ਪੈਦਾ ਕਰ ਦਿੱਤਾ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਸੁਰੱਖਿਆ ਲਈ ਸਰਕਾਰ ਗੰਭੀਰ ਨਹੀਂ ਹੈ। ਇਸ ਲਈ ਉਨ੍ਹਾਂ ਵੱਡੀਆਂ ਰੈਲੀਆਂ ਅਤੇ ਇਕੱਠ ਕੀਤੇ ਜਾ ਰਹੇ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਇਸ ਬਾਰੇ ਸਪੱਸ਼ਟ ਬਿਆਨ ਦੇਣ ਅਤੇ ਯਕੀਨੀ ਬਣਾਉਣ ਕਿ ਨਿਆਂ ਹੋਵੇਗਾ।

ਨਿੱਝਰ ਕਤਲ ਕੇਸ ਸਿਰਫ਼ ਇੱਕ ਅਪਰਾਧਿਕ ਮਾਮਲਾ ਨਹੀਂ ਰਿਹਾ, ਸਗੋਂ ਇਹ ਕੈਨੇਡਾ ਦੀ ਕੌਮੀ ਸੁਰੱਖਿਆ, ਵਿਦੇਸ਼ ਨੀਤੀ ਅਤੇ ਸਿੱਖ ਭਾਈਚਾਰੇ ਦੇ ਭਰੋਸੇ ਦਾ ਇਮਤਿਹਾਨ ਬਣ ਗਿਆ ਹੈ। ਸਥਾਨਕ ਮੀਡੀਆ ਇਸ ਗੱਲ ’ਤੇ ਜ਼ੋਰ ਦੇ ਰਿਹਾ ਹੈ ਕਿ ਜੇਕਰ ਅਦਾਲਤ ਨੇ ਸਬੂਤ ਲੁਕਾਉਣ ਦੀ ਇਜਾਜ਼ਤ ਦਿੱਤੀ, ਤਾਂ ਦੋਸ਼ੀਆਂ (ਅਮਨਦੀਪ ਸਿੰਘ, ਕਰਨਪ੍ਰੀਤ ਸਿੰਘ ਆਦਿ) ਦੇ ਵਕੀਲ ਇਸ ਨੂੰ ‘ਫ਼ੇਅਰ ਟ੍ਰਾਇਲ’ (ਨਿਰਪੱਖ ਸੁਣਵਾਈ) ਦੇ ਖ਼ਿਲਾਫ਼ ਦੱਸ ਕੇ ਕੇਸ ਕਮਜ਼ੋਰ ਕਰ ਸਕਦੇ ਹਨ। ਜੇਕਰ ਸਰਕਾਰ ਸਬੂਤਾਂ ਨੂੰ ‘ਕੌਮੀ ਸੁਰੱਖਿਆ’ ਦੇ ਨਾਂ ਹੇਠ ਦਬਾਉਂਦੀ ਹੈ, ਤਾਂ ਇਹ ਭਾਰਤ ਨਾਲ ਰਿਸ਼ਤੇ ਤਾਂ ਸ਼ਾਇਦ ਸੁਧਾਰ ਲਵੇ, ਪਰ ਕੈਨੇਡਾ ਦੇ ਇਨਸਾਫ਼ ਪ੍ਰਬੰਧ ’ਤੇ ਵੱਡੇ ਸਵਾਲ ਖੜ੍ਹੇ ਕਰ ਦੇਵੇਗੀ।

# ਕੀ ਹਨ ਪੰਜਾਬ ਵਿੱਚ ਮੈਡੀਕਲ ਟੂਰਿਜ਼ਮ ਦਾ ਭਵਿੱਖ ਤੇ ਚੁਣੌਤੀਆਂ ?

## ਕੀ ਪੰਜਾਬ ਬਣੇਗਾ ਵਿਦੇਸ਼ੀ ਮਰੀਜ਼ਾਂ ਦੀ ਪਹਿਲੀ ਪਸੰਦ ?

## ਕਿਫ਼ਾਇਤੀ ਇਲਾਜ ਅਤੇ ਉੱਚ ਤਕਨੀਕ: ਮੈਡੀਕਲ ਟੂਰਿਜ਼ਮ ਦੇ ਨਕਸ਼ੇ ’ਤੇ ਕਿੱਥੇ ਖੜ੍ਹਾ ਹੈ ਪੰਜਾਬ ?

ਅੱਜ ਦੇ ਦੌਰ ਵਿੱਚ ਸਿਹਤ ਸੇਵਾਵਾਂ ਸਿਰਫ਼ ਇਲਾਜ ਤੱਕ ਸੀਮਤ ਨਹੀਂ ਰਹੀਆਂ, ਬਲਕਿ ਇਹ ਇੱਕ ਵੱਡੇ ਵਿਸ਼ਵਵਿਆਪੀ ਉਦਯੋਗ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਜਦੋਂ ਕੋਈ ਮਰੀਜ਼ ਆਪਣੇ ਦੇਸ਼ ਦੀਆਂ ਮਹਿੰਗੀਆਂ ਸੇਵਾਵਾਂ ਜਾਂ ਲੰਬੀ ਉਡੀਕ ਸੂਚੀ ਤੋਂ ਤੰਗ ਆ ਕੇ ਕਿਸੇ ਦੂਜੇ ਮੁਲਕ ਵਿੱਚ ਕਿਫ਼ਾਇਤੀ ਅਤੇ ਉੱਚ ਗੁਣਵੱਤਾ ਵਾਲਾ ਇਲਾਜ ਕਰਵਾਉਣ ਜਾਂਦਾ ਹੈ, ਤਾਂ ਉਸਨੂੰ ‘ਮੈਡੀਕਲ ਟੂਰਿਜ਼ਮ’ ਕਿਹਾ ਜਾਂਦਾ ਹੈ। ਭਾਰਤ ਪਹਿਲਾਂ ਹੀ ਵਿਸ਼ਵ ਪੱਧਰ ’ਤੇ ਮੈਡੀਕਲ ਟੂਰਿਜ਼ਮ ਸੂਚਕਾਂਕ ਵਿੱਚ 10ਵੇਂ ਸਥਾਨ ’ਤੇ ਹੈ, ਪਰ ਹੁਣ ਸਵਾਲ ਇਹ ਹੈ ਕਿ ਕੀ ਪੰਜਾਬ ‘ਗਲੋਬਲ ਮੈਡੀਕਲ ਹੱਬ’ ਬਣ ਸਕਦਾ ਹੈ ?

ਪੰਜਾਬ ਕੋਲ ਮੈਡੀਕਲ ਟੂਰਿਜ਼ਮ ਦੇ ਖੇਤਰ ਵਿੱਚ ਮੋਹਰੀ ਬਣਨ ਲਈ ਸਾਰੇ ਕੁਦਰਤੀ ਅਤੇ ਬੁਨਿਆਦੀ ਤੱਤ ਮੌਜੂਦ ਹਨ। ਦੁਨੀਆ ਭਰ ਦੇ ਅਮੀਰ ਮੁਲਕਾਂ ਜਿਵੇਂ ਕੈਨੇਡਾ, ਅਮਰੀਕਾ, ਯੂਕੇ ਅਤੇ ਆਸਟ੍ਰੇਲੀਆ ਵਿੱਚ ਲਗਭਗ 25 ਲੱਖ ਪੰਜਾਬੀ ਵਸਦੇ ਹਨ। ਇਹ ਲੋਕ ਅਕਸਰ ਆਪਣੇ ਪਿੱਛੇ ਰਹਿ ਗਏ ਪਰਿਵਾਰਾਂ ਨੂੰ ਮਿਲਣ ਆਉਂਦੇ ਹਨ ਅਤੇ ਇਸੇ ਦੌਰਾਨ ਦੰਦਾਂ ਦੇ ਇਲਾਜ, ਗੋਡਿਆਂ ਦੇ ਅਪ੍ਰੇਸ਼ਨ ਜਾਂ ਦਿਲ ਦੀਆਂ ਬਿਮਾਰੀਆਂ ਦਾ ਇਲਾਜ ਇੱਥੇ ਕਰਵਾਉਣਾ ਪਸੰਦ ਕਰਦੇ ਹਨ ਕਿਉਂਕਿ ਇੱਥੇ ਇਲਾਜ ਸਸਤਾ ਹੈ ਅਤੇ ਕੋਈ ‘ਵੇਟਿੰਗ ਪੀਰੀਅਡ’ ਨਹੀਂ ਹੈ। ਪੰਜਾਬ ਵਿੱਚ ਮੋਹਾਲੀ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਲਗਭਗ 500 ਅਜਿਹੇ ਨਿੱਜੀ ਹਸਪਤਾਲ ਹਨ ਜੋ ਕਾਰਡੀਓਲੋਜੀ, ਨਿਊਰੋਲੋਜੀ ਅਤੇ ਅੰਗ ਟ੍ਰਾਂਸਪਲਾਂਟੇਸ਼ਨ ਵਰਗੀਆਂ ਗੁੰਝਲਦਾਰ ਸੇਵਾਵਾਂ ਵਿਸ਼ਵ ਪੱਧਰੀ ਤਕਨਾਲੋਜੀ ਨਾਲ ਦੇ ਰਹੇ ਹਨ। ਅੰਮ੍ਰਿਤਸਰ ਅਤੇ ਚੰਡੀਗੜ੍ਹ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਸਿੱਧੇ ਤੌਰ ’ਤੇ ਖਾੜੀ ਦੇਸ਼ਾਂ ਅਤੇ ਯੂਰਪ ਨਾਲ ਜੁੜੇ ਹੋਏ ਹਨ, ਜੋ ਵਿਦੇਸ਼ੀ ਮਰੀਜ਼ਾਂ ਲਈ ਆਉਣਾ ਸੌਖਾ ਬਣਾਉਂਦੇ ਹਨ।

ਮੈਡੀਕਲ ਸੈਲਾਨੀ ਸਿਰਫ਼ ਹਸਪਤਾਲ ਤੱਕ ਸੀਮਤ ਨਹੀਂ ਰਹਿੰਦੇ। ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਵਰਗੇ ਪਵਿੱਤਰ ਅਸਥਾਨ ਅਤੇ ਪੰਜਾਬ ਦੀ ਮਹਿਮਾਨਨਿਵਾਜ਼ੀ ਮਰੀਜ਼ਾਂ ਦੇ ਪਰਿਵਾਰਾਂ ਲਈ ਇੱਕ ਮਾਨਸਿਕ ਸਕੂਨ ਅਤੇ ਸੈਰ-ਸਪਾਟੇ ਦਾ ਸਬੱਬ ਬਣਦੇ ਹਨ।

ਵਿਦੇਸ਼ੀ ਮਰੀਜ਼ ਅਤੇ ਬੀਮਾ ਕੰਪਨੀਆਂ ਅਕਸਰ ਉਹਨਾਂ ਹਸਪਤਾਲਾਂ ਨੂੰ ਚੁਣਦੀਆਂ ਹਨ ਜਿਨ੍ਹਾਂ ਕੋਲ ਜਾਇੰਟਸ ਕਮਿਸ਼ਨ ਇੰਟਰਨੈਸ਼ਨਲ ਦੀ ਮਾਨਤਾ ਹੋਵੇ। ਪੰਜਾਬ ਵਿੱਚ ਅਜੇ ਅਜਿਹੇ ਮਾਨਤਾ ਪ੍ਰਾਪਤ ਹਸਪਤਾਲਾਂ ਦੀ ਵੱਡੀ ਘਾਟ ਹੈ।

ਪਿਛਲੇ ਕੁਝ ਸਮੇਂ ਤੋਂ ਗੈਂਗਸਟਰਵਾਦ ਅਤੇ ਅਸੁਰੱਖਿਆ ਦੀਆਂ ਖ਼ਬਰਾਂ ਨੇ ਰਾਜ ਦੇ ਅਕਸ ਨੂੰ ਪ੍ਰਭਾਵਿਤ ਕੀਤਾ ਹੈ। ਮੈਡੀਕਲ ਟੂਰਿਸਟ ਹਮੇਸ਼ਾ ਇੱਕ ਸੁਰੱਖਿਅਤ ਮਾਹੌਲ ਦੀ ਤਲਾਸ਼ ਵਿੱਚ ਹੁੰਦਾ ਹੈ।

ਸੈਰ-ਸਪਾਟਾ ਵਿਭਾਗ ਅਤੇ ਸਿਹਤ ਵਿਭਾਗ ਵਿਚਾਲੇ ਅਜੇ ਤੱਕ ਕੋਈ ਏਕੀਕ੍ਰਿਤ ਨੀਤੀ ਨਹੀਂ ਬਣੀ, ਜਿਸ ਕਾਰਨ ਮਰੀਜ਼ਾਂ ਨੂੰ ਹਵਾਈ ਅੱਡੇ ਤੋਂ ਹਸਪਤਾਲ ਤੱਕ ਪਹੁੰਚਣ ਲਈ ‘ਸਿੰਗਲ ਵਿੰਡੋ’ ਸਹੂਲਤ ਨਹੀਂ ਮਿਲਦੀ।

ਸੜਕਾਂ ਅਤੇ ਰੇਲਾਂ ’ਤੇ ਅਕਸਰ ਲੱਗਣ ਵਾਲੇ ਜਾਮ ਐਮਰਜੈਂਸੀ ਮਰੀਜ਼ਾਂ ਲਈ ਵੱਡੀ ਰੁਕਾਵਟ ਬਣਦੇ ਹਨ।

ਸਰਕਾਰ ਨਿਊ ਚੰਡੀਗੜ੍ਹ ਵਿੱਚ ਇੱਕ ਵਿਸ਼ਾਲ ‘ਮੈਡੀਸਿਟੀ’ ਵਿਕਸਿਤ ਕਰ ਰਹੀ ਹੈ, ਜਿੱਥੇ ਵੱਡੇ ਕਾਰਪੋਰੇਟ ਹਸਪਤਾਲ ਅਤੇ ਰਿਸਰਚ ਸੈਂਟਰ ਸਥਾਪਤ ਕੀਤੇ ਜਾ ਰਹੇ ਹਨ।

# ਟਰੰਪ ਦਾ ਵੱਡਾ ਧਮਾਕਾ: ਕੀ ਹੁਣ ਦੁਨੀਆ ਸਾਹਮਣੇ ਆਵੇਗਾ ਏਲੀਅਨਜ਼ ਅਤੇ ਯੂ.ਐਫ.ਓਜ਼. ਦਾ ਗੁਪਤ ਸੱਚ ?

## ਕੀ ਸਪੇਸ ਫ਼ਾਈਲਾਂ ਤੋਂ ਉੱਠੇਗਾ ਪਰਦਾ,ਟਰੰਪ ਨੇ ਓਬਾਮਾ ’ਤੇ ਕਿਉਂ ਲਾਏ ਗੰਭੀਰ ਦੋਸ਼

## ਕਿਉਂ ਦਿੱਤੇ ਖ਼ੁਫ਼ੀਆ ਦਸਤਾਵੇਜ਼ ਜਨਤਕ ਕਰਨ ਦੇ ਹੁਕਮ

ਇੱਕ ਪਾਸੇ ਜਿੱਥੇ ਅਮਰੀਕਾ ਇਰਾਨ ਨਾਲ ਜੰਗ ਦੀ ਤਿਆਰੀ ਵਿੱਚ ਹੈ ,ਉਥੇ ਹੀ ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੂਜੇ ਗ੍ਰਹਿਆਂ ਤੋਂ ਆਉਣ ਵਾਲੇ ਜੀਵਾਂ ਅਤੇ ਉੱਡਣ ਤਸ਼ਤਰੀਆਂ ਨਾਲ ਸਬੰਧਤ ਗੁਪਤ ਫ਼ਾਈਲਾਂ ਨੂੰ ਜਨਤਕ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਟਰੰਪ ਨੇ ਕਿਹਾ ਹੈ ਕਿ ਲੋਕਾਂ ਵਿੱਚ ਇਸ ਵਿਸ਼ੇ ਨੂੰ ਲੈ ਕੇ ਭਾਰੀ ਉਤਸੁਕਤਾ ਹੈ ਅਤੇ ਉਹ ਸੱਚਾਈ ਜਾਣਨਾ ਚਾਹੁੰਦੇ ਹਨ।

ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਵਿੱਚ ਵੀ ਯੂਐਫ਼ਓ ਅਤੇ ਏਲੀਅਨਜ਼ ਨੂੰ ਲੈ ਕੇ ਚਰਚਾ ਕੀਤੀ ਸੀ। 2020 ਵਿੱਚ ਉਨ੍ਹਾਂ ਨੇ ਇੱਕ ਬਿੱਲ ’ਤੇ ਦਸਤਖਤ ਕੀਤੇ ਸਨ ਜਿਸ ਵਿੱਚ ਯੂ.ਐਫ਼.ਓ. ਨਾਲ ਜੁੜੇ ਰਿਪੋਰਟਾਂ ਨੂੰ ਡੀਕਲਾਸੀਫ਼ਾਈ ਕਰਨ ਦੀ ਵਿਵਸਥਾ ਸੀ। ਹੁਣ 2026 ਵਿੱਚ ਉਹ ਇਸ ਨੂੰ ਅੱਗੇ ਵਧਾ ਰਹੇ ਹਨ। ਟਰੰਪ ਨੇ ਕਿਹਾ ਕਿ ‘ਜਨਤਾ ਵਿੱਚ ਇਸ ਵਿਸ਼ੇ ਨੂੰ ਲੈ ਕੇ ਭਾਰੀ ਦਿਲਚਸਪੀ ਹੈ, ਇਸ ਲਈ ਮੈਂ ਇਨ੍ਹਾਂ ਫ਼ਾਈਲਾਂ ਨੂੰ ਖੋਲ੍ਹਣ ਦਾ ਹੁਕਮ ਦੇ ਰਿਹਾ ਹਾਂ।’ ਇਸ ਨਾਲ ਅਮਰੀਕੀ ਰੱਖਿਆ ਵਿਭਾਗ ਅਤੇ ਖੁਫ਼ੀਆ ਏਜੰਸੀਆਂ ਨੂੰ ਆਪਣੀਆਂ ਗੁਪਤ ਫ਼ਾਈਲਾਂ ਨੂੰ ਜਨਤਕ ਕਰਨਾ ਪਵੇਗਾ।



ਪਰ ਟਰੰਪ ਨੇ ਇਹ ਵੀ ਕਿਹਾ ਕਿ ਉਹ ਖੁਦ ਏਲੀਅਨਜ਼ ਦੀ ਹੋਂਦ ’ਤੇ ਯਕੀਨ ਨਹੀਂ ਰੱਖਦੇ। ਉਨ੍ਹਾਂ ਨੇ ਕਿਹਾ ਕਿ ਮੈਨੂੰ ਨਹੀਂ ਪਤਾ ਕਿ ਉਹ ਅਸਲ ਹਨ ਜਾਂ ਨਹੀਂ, ਪਰ ਓਬਾਮਾ ਨੇ ਕਲਾਸੀਫ਼ਾਈਡ ਜਾਣਕਾਰੀ ਲੀਕ ਕਰ ਕੇ ਵੱਡੀ ਗਲਤੀ ਕੀਤੀ ਹੈ। ਇਸ ਨਾਲ ਰਾਜਨੀਤੀ ਵਿੱਚ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਯਾਦ ਰਹੇ ਕਿ ਬਰਾਕ ਓਬਾਮਾ ਨੇ ਹਾਲ ਹੀ ਵਿੱਚ ਇੱਕ ਪੌਡਕਾਸਟ ਵਿੱਚ ਏਲੀਅਨਜ਼ ਨੂੰ ਲੈ ਕੇ ਬਿਆਨ ਦਿੱਤਾ ਸੀ ਕਿ ਏਲੀਅਨਜ਼ ਅਸਲ ਹਨ, ਪਰ ਮੈਂ ਉਨ੍ਹਾਂ ਨੂੰ ਨਹੀਂ ਵੇਖਿਆ ਹੈ। ਇਸ ਬਿਆਨ ਨੇ ਸੋਸ਼ਲ ਮੀਡੀਆ ’ਤੇ ਤੂਫ਼ਾਨ ਖੜ੍ਹਾ ਕਰ ਦਿੱਤਾ ਸੀ। ਓਬਾਮਾ ਨੇ ਬਾਅਦ ਵਿੱਚ ਇੰਸਟਾਗ੍ਰਾਮ ’ਤੇ ਸਪੱਸ਼ਟੀਕਰਨ ਦਿੱਤਾ ਸੀ ਕਿ ਉਨ੍ਹਾਂ ਦਾ ਮਤਲਬ ਇਹ ਨਹੀਂ ਸੀ ਕਿ ਏਲੀਅਨਜ਼ ਧਰਤੀ ’ਤੇ ਆਏ ਹਨ ਜਾਂ ਸਰਕਾਰ ਕੋਲ ਉਨ੍ਹਾਂ ਦੇ ਸਬੂਤ ਹਨ। ਉਨ੍ਹਾਂ ਨੇ ਕਿਹਾ, ‘ਬ੍ਰਹਿਮੰਡ ਇੰਨਾ ਵਿਸ਼ਾਲ ਹੈ ਕਿ ਜੀਵਨ ਦੀ ਸੰਭਾਵਨਾ ਵੱਧ ਹੈ, ਪਰ ਮੈਂ ਆਪਣੇ ਕਾਰਜਕਾਲ ਵਿੱਚ ਕੋਈ ਸਬੂਤ ਨਹੀਂ ਵੇਖਿਆ ਕਿ ਏਲੀਅਨਜ਼ ਨੇ ਸਾਡੇ ਨਾਲ ਸੰਪਰਕ ਕੀਤਾ ਹੈ।’ਟਰੰਪ ਨੇ ਇਸ ਬਿਆਨ ਨੂੰ ਲੈ ਕੇ ਓਬਾਮਾ ’ਤੇ ਹਮਲਾ ਬੋਲਿਆ। ਉਨ੍ਹਾਂ ਨੇ ਕਿਹਾ ਕਿ ਓਬਾਮਾ ਨੇ ਕਲਾਸੀਫ਼ਾਈਡ ਜਾਣਕਾਰੀ ਲੀਕ ਕੀਤੀ ਹੈ ਅਤੇ (**ਬਾਕੀ ਸਫ਼ਾ 27 ’ਤੇ**)

# ਹੜ੍ਹਾਂ ਨੇ ਖੋਹਿਆ ਸੀ ਕਿਰਤੀ ਸਿੱਖ ਦਾ ਘਰ, ਸਿੱਖ ਸੇਵਕ ਸੁਸਾਇਟੀ ਨੇ ਬਣਾ ਕੇ ਦਿੱਤਾ ਨਵਾਂ ਆਸਰਾ

## ਦੋ ਕਮਰੇ, ਰਸੋਈ ਸਮੇਤ ਬਣੇਗਾ ਘਰ, ਦਸਵੰਧ ਨਾਲ ਚੱਲਦੀ ਸਿੱਖ ਸੇਵਕ ਸੁਸਾਇਟੀ ਵਲੋਂ ਕਾਰ ਸੇਵਾ ਜਾਰੀ

ਜਲੰਧਰ/ਏ.ਟੀ.ਨਿਊਜ਼: ਮਿਹਨਤਕਸ਼ ਜੀਵਨ ਅਤੇ ਹੜ੍ਹਾਂ ਦੇ ਸੰਕਟ ਦੌਰਾਨ ਪੀੜਤਾਂ ਦੀ ਉਮੀਦ ਦੀ ਕਿਰਨ ਬਣ ਕੇ ਉੱਭਰੀ ਹੈ ਇੱਕ ਸਾਖੀ, ਜੋ ਸਿੱਖੀ ਦੇ ਸੇਵਾ-ਸਿਮਰਨ ਦੇ ਸਿਧਾਂਤਾਂ ਨੂੰ ਜੀਵੰਤ ਕਰਦੀ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਸਰਹੱਦ ਕੋਲ ਵਸਦੇ ਪਿੰਡ ਚੌਂਤਰਾ ਵਿੱਚ ਰਹਿਣ ਵਾਲੇ ਰਛਪਾਲ ਸਿੰਘ, ਜੋ ਇੱਕ ਆਮ ਕਿਰਤੀ ਅਤੇ ਰੇਹੜੀ ਉੱਤੇ ਸਬਜ਼ੀ ਵੇਚ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਹਨ, ਨੂੰ ਹੜ੍ਹਾਂ ਦੌਰਾਨ ਬੇਰਹਿਮ ਕੁਦਰਤੀ ਮਾਰ ਸਹਿਣੀ ਪਈ। ਬੀਤੇ ਸਮੇਂ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਉਨ੍ਹਾਂ ਦਾ ਘਰ ਤਬਾਹ ਹੋ ਗਿਆ ਸੀ। ਇਸ ਮੁਸੀਬਤ ਨੇ ਉਨ੍ਹਾਂ ਦੇ ਪਰਿਵਾਰ ਨੂੰ ਬੇਘਰ ਕਰ ਦਿੱਤਾ ਸੀ ਅਤੇ ਜੀਵਨ ਨੂੰ ਹੋਰ ਵੀ ਕਠਿਨ ਬਣਾ ਦਿੱਤਾ ਸੀ।

ਰਛਪਾਲ ਸਿੰਘ ਦੇ ਪਰਿਵਾਰ ਵਿੱਚ ਤਿੰਨ ਧੀਆਂ ਅਤੇ ਇੱਕ ਪੁੱਤਰ ਹੈ। ਵੱਡੀ ਧੀ ਕਾਲਜ ਵਿੱਚ ਪੜ੍ਹ ਰਹੀ ਹੈ। ਵੱਡੀ ਧੀ ਦਾ ਸੁਪਨਾ ਪੁਲਿਸ ਅਫ਼ਸਰ ਬਣਨਾ ਹੈ। ਪਰਿਵਾਰ ਦੇ ਇੱਕੋ-ਇੱਕ ਕਮਾਉਣ ਵਾਲੇ ਮੈਂਬਰ ਵਜੋਂ ਰਛਪਾਲ ਸਿੰਘ ਰੋਜ਼ਾਨਾ ਸਵੇਰੇ ਤੋਂ ਸ਼ਾਮ ਤੱਕ ਰੇਹੜੀ ਉੱਤੇ ਸਬਜ਼ੀ ਵੇਚਦੇ ਹਨ। ਉਨ੍ਹਾਂ ਦੀ ਮਿਹਨਤ ਅਤੇ ਲਗਨ ਵਾਲੀ ਜ਼ਿੰਦਗੀ ਵਿੱਚ ਹੜ੍ਹਾਂ ਨੇ ਇੱਕ ਵੱਡਾ ਝਟਕਾ ਮਾਰਿਆ ਸੀ। ਘਰ ਦੇ ਤਬਾਹ ਹੋਣ ਤੋਂ ਬਾਅਦ ਪੂਰਾ ਪਰਿਵਾਰ ਮੁਸੀਬਤਾਂ ਵਿੱਚ ਘਿਰ ਗਿਆ ਸੀ ਅਤੇ ਨਵੇਂ ਆਸਰੇ ਦੀ ਲੋੜ ਸੀ।

ਇਸ ਮੁਸ਼ਕਲ ਘੜੀ ਵਿੱਚ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਰਛਪਾਲ ਸਿੰਘ ਦੀ ਬਾਂਹ ਫੜੀ ਹੈ। ਸਿੱਖ ਸੇਵਕ ਸੁਸਾਇਟੀ ਸੰਗਤੀ ਅਦਾਰਾ ਹੈ, ਜੋ ਦਸਵੰਧ ਪ੍ਰਥਾ ਅਤੇ ਸੰਗਤ ਦੇ ਯੋਗਦਾਨ ਨਾਲ ਚੱਲਦਾ ਹੈ, ਗਰੀਬ ਅਤੇ ਕਿਰਤੀ ਸਿੱਖਾਂ ਦੀ ਮਦਦ ਲਈ ਹਮੇਸ਼ਾ ਅੱਗੇ ਰਹਿੰਦਾ ਹੈ। ਸਿਖ ਸੇਵਕ ਸੁਸਾਇਟੀ ਦੇ ਮੁੱਖ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਦੱਸਿਆ ਕਿ ਉਹ



ਰਛਪਾਲ ਸਿੰਘ ਨੂੰ ਇੱਕ ਨਵਾਂ ਮਕਾਨ ਬਣਾ ਕੇ ਦੇ ਰਹੇ ਹਨ। ਇਸ ਮਕਾਨ ਵਿੱਚ ਦੋ ਕਮਰੇ, ਇੱਕ ਰਸੋਈ ਅਤੇ ਵਾਸ਼ਰੂਮ ਸ਼ਾਮਲ ਹੋਣਗੇ, ਜਿਸ ਨਾਲ ਪਰਿਵਾਰ ਨੂੰ ਸੁਰੱਖਿਅਤ ਅਤੇ ਸੁਖਾਲਾ ਰਹਿਣ ਦਾ ਆਸਰਾ ਮਿਲੇਗਾ। ਇਥੇ ਕਾਰ ਸੇਵਾ ਦੋ ਮਹੀਨੇ ਤੋ ਜਾਰੀ ਹੈ।

ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਕਿਹਾ, 'ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਕੋਈ ਐਨਜੀਓ ਨਹੀਂ, ਸਗੋਂ ਸੰਗਤ ਦੇ ਪੈਸੇ ਅਤੇ ਦਸਵੰਧ ਨਾਲ ਚੱਲਣ ਵਾਲਾ ਸੇਵਾਦਾਰ ਅਦਾਰਾ ਹੈ। ਅਸੀਂ ਦਲਿਤਾਂ, ਗਰੀਬਾਂ ਅਤੇ ਕਿਰਤੀ ਸਿੱਖਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦੇ ਹਾਂ। ਹੜ੍ਹਾਂ ਤੋਂ ਬਾਅਦ ਅਸੀਂ ਤਿੰਨ ਪਰਿਵਾਰਾਂ ਨੂੰ ਨਵੇਂ ਮਕਾਨ ਬਣਾ ਕੇ ਦੇ ਰਹੇ ਹਾਂ ਅਤੇ ਇਹ ਸੇਵਾ ਜਾਰੀ ਰਹੇਗੀ।'

ਉਨ੍ਹਾਂ ਦਸਿਆ ਕਿ ਸੁਸਾਇਟੀ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵਿਆਪਕ ਸੇਵਾ ਕੀਤੀ ਹੈ। ਕਿਸਾਨਾਂ ਨੂੰ ਬੀਜ ਅਤੇ ਖਾਦ ਮੁਹੱਈਆ ਕਰਵਾਈ ਗਈ, ਪੀੜਤ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਗਏ ਅਤੇ ਮੱਛਰਮਾਰ ਦਵਾਈਆਂ ਦਾ ਛਿੜਕਾਅ ਵੀ ਕੀਤਾ ਗਿਆ ਤਾਂ ਜੋ ਬਿਮਾਰੀਆਂ ਤੋਂ ਬਚਾਅ ਹੋ ਸਕੇ। ਇਹ ਸਾਰੀਆਂ ਸੇਵਾਵਾਂ ਸਿੱਖੀ ਦੇ ਮੁੱਢਲੇ ਸਿਧਾਂਤਾਂ 'ਸੇਵਾ, ਸਿਮਰਨ ਅਤੇ ਸਮਾਨਤਾ' ਨੂੰ ਅਮਲੀ ਰੂਪ ਦਿੰਦੀਆਂ ਹਨ।

ਉਨ੍ਹਾਂ ਕਿਹਾ ਕਿ ਰਛਪਾਲ ਸਿੰਘ ਵਰਗੇ ਮਿਹਨਤਕਸ਼ ਲੋਕਾਂ ਲਈ ਇਹ ਮਦਦ ਨਾ ਸਿਰਫ਼ ਇੱਕ ਛੱਤ ਹੈ, ਸਗੋਂ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਵੀ ਹੈ। ਉਨ੍ਹਾਂ ਦੀ ਵੱਡੀ ਧੀ ਦੀ ਪੜ੍ਹਾਈ ਜਾਰੀ ਰਹੇਗੀ ਅਤੇ ਪਰਿਵਾਰ ਵਿੱਚ ਉਮੀਦ ਦੀ ਨਵੀਂ ਕਿਰਨ ਜਾਗ ਰਹੀ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਇਹ ਉਦਾਹਰਣ ਪੰਜਾਬ ਵਿੱਚ ਹੋਰ ਵੀ ਬਹੁਤ ਸਾਰੇ ਪਰਿਵਾਰਾਂ ਲਈ ਮਿਸਾਲ ਬਣ ਰਹੀ ਹੈ।

ਪਰਮਿੰਦਰ ਪਾਲ ਸਿੰਘ ਨੇ ਅਪੀਲ ਕੀਤੀ ਕਿ ਸੰਗਤ ਵਧ ਚੜ੍ਹ ਕੇ ਦਸਵੰਧ ਦੇ ਕੇ ਅਜਿਹੀਆਂ ਸੇਵਾਵਾਂ ਨੂੰ ਹੋਰ ਵਧਾਇਆ ਜਾਵੇ। ਉਨ੍ਹਾਂ ਕਿਹਾ ਕਿ ਸਿੱਖੀ ਵਿੱਚ ਮਾਨਵਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ ਅਤੇ ਇਸ ਨੂੰ ਜਾਰੀ ਰੱਖਣ ਲਈ ਸਾਰਿਆਂ ਦਾ ਸਹਿਯੋਗ ਜ਼ਰੂਰੀ ਹੈ।

ਇਸ ਸੇਵਾ ਮੁਹਿੰਮ ਵਿੱਚ ਪ੍ਰੋਫੈਸਰ ਬਲਵਿੰਦਰ ਪਾਲ ਸਿੰਘ, ਸੰਦੀਪ ਸਿੰਘ ਚਾਵਲਾ ,ਠੇਕੇਦਾਰ ਹਰਦੇਵ ਸਿੰਘ, ਸਾਹਿਬ ਸਿੰਘ ਆਰਟਿਸਟ ਸ਼ਾਮਲ ਸਨ।

# ਅੰਮ੍ਰਿਤਸਰ ਹਵਾਈ ਅੱਡੇ 'ਤੇ ਯਾਤਰੀਆਂ ਦੀ ਆਮਦ 'ਚ ਆਈ ਵੱਡੀ ਗਿਰਾਵਟ

## ਸਰਹੱਦੀ ਤਣਾਅ, ਬੁਨਿਆਦੀ ਢਾਂਚੇ ਅਤੇ ਟ੍ਰਾਂਸਪੋਰਟ ਦੀਆਂ ਕਮੀਆਂ ਅੰਮ੍ਰਿਤਸਰ ਏਅਰਪੋਰਟ ਦੇ ਵਿਕਾਸ ਦੇ ਰਾਹ ਵਿੱਚ ਬਣੇ ਵੱਡੀ ਰੁਕਾਵਟ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ 'ਤੇ ਦਸੰਬਰ 2025 ਅਤੇ ਸਾਲ 2025 ਦੌਰਾਨ ਯਾਤਰੀ ਆਵਾਜਾਈ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਇਹ ਜਾਣਕਾਰੀ ਏਅਰਪੋਰਟਸ ਅਥਾਰਟੀ ਆਫ਼ ਇੰਡੀਆ (ਏ.ਏ.ਆਈ) ਵੱਲੋਂ ਜਾਰੀ ਕੀਤੇ ਗਏ ਦਸੰਬਰ ਮਹੀਨੇ ਦੇ ਅੰਕੜਿਆਂ ਦੇ ਅਧਾਰ 'ਤੇ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਵੱਲੋਂ ਕੀਤੇ ਗਏ ਵਿਸ਼ਲੇਸ਼ਣ ਰਾਹੀਂ ਸਾਹਮਣੇ ਆਈ ਹੈ।

ਗੁਮਟਾਲਾ ਵੱਲੋਂ ਕੀਤੇ ਗਏ ਵਿਸ਼ਲੇਸ਼ਣ ਮੁਤਾਬਕ ਦਸੰਬਰ 2025 ਵਿੱਚ ਕੁੱਲ ਯਾਤਰੀਆਂ ਦੀ ਗਿਣਤੀ 2,67,525 ਰਹੀ, ਜੋ ਕਿ ਦਸੰਬਰ 2024 ਦੇ 3,40,408 ਦੇ ਮੁਕਾਬਲੇ 21.4 ਫੀਸਦੀ ਘੱਟ ਹੈ। ਇਸ ਦੌਰਾਨ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ 1,10,670 ਤੋਂ ਘਟ ਕੇ 95,774 (13.5 ਫੀਸਦੀ ਗਿਰਾਵਟ) ਰਹਿ ਗਈ, ਜਦਕਿ ਘਰੇਲੂ ਯਾਤਰੀਆਂ ਦੀ ਗਿਣਤੀ 2,29,738 ਤੋਂ ਘਟ ਕੇ 1,71,751 (25.2 ਫੀਸਦੀ ਗਿਰਾਵਟ) ਰਹੀ, ਜਿਸ ਨਾਲ ਸਪਸ਼ਟ ਹੁੰਦਾ ਹੈ ਕਿ ਸਭ ਤੋਂ ਵੱਡਾ ਅਸਰ ਘਰੇਲੂ ਆਵਾਜਾਈ 'ਤੇ ਪਿਆ ਹੈ। ਹਵਾਈ ਜਹਾਜ਼ਾਂ ਦੀ ਕੁੱਲ ਆਵਾਜਾਈ ਵੀ 20.8 ਫੀਸਦੀ ਘੱਟ ਕੇ 2,006 ਤੋਂ 1,588 ਰਹੀ।

ਪੂਰੇ ਸਾਲ 2025 ਦੀ ਗੱਲ ਕਰੀਏ ਤਾਂ ਹਵਾਈ ਅੱਡੇ 'ਤੇ ਕੁੱਲ ਯਾਤਰੀਆਂ ਦੀ ਗਿਣਤੀ 31.45 ਲੱਖ



ਦਰਜ ਕੀਤੀ ਗਈ, ਜੋ ਕਿ ਸਾਲ 2024 ਦੇ ਰਿਕਾਰਡ 34.26 ਲੱਖ ਯਾਤਰੀਆਂ ਦੇ ਮੁਕਾਬਲੇ 8.2 ਫੀਸਦੀ ਘੱਟ ਹੈ। ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ 11.14 ਲੱਖ ਤੋਂ ਘੱਟ ਕੇ 10.92 ਲੱਖ (-1.9%) ਰਹੀ, ਜਦਕਿ ਘਰੇਲੂ ਯਾਤਰੀਆਂ ਦੀ ਗਿਣਤੀ 23.12 ਲੱਖ ਤੋਂ ਘੱਟ ਕੇ 20.53 ਲੱਖ (-11.2%) ਰਹੀ। ਹਵਾਈ ਜਹਾਜ਼ਾਂ ਦੀ ਕੁੱਲ ਆਵਾਜਾਈ ਵੀ ਸਾਲ 2024 ਦੀਆਂ 22,614 ਉਡਾਣਾਂ ਦੇ ਮੁਕਾਬਲੇ, 12.4 ਫੀਸਦੀ ਘਟ ਕੇ, 2025 ਵਿੱਚ 19,817 ਰਹਿ ਗਈ ਹੈ।

ਗੁਮਟਾਲਾ ਨੇ ਦੱਸਿਆ ਕਿ 2025 ਦੀ ਸ਼ੁਰੂਆਤ ਬਹੁਤ ਸ਼ਾਨਦਾਰ ਰਹੀ ਸੀ ਅਤੇ ਮਾਰਚ 2025 ਵਿੱਚ 3,43,384 ਯਾਤਰੀਆਂ ਦੇ ਨਾਲ ਇਤਿਹਾਸਕ ਅੰਕੜਾ ਦਰਜ ਕੀਤਾ ਗਿਆ ਸੀ, ਪਰ ਮਈ ਵਿੱਚ ਭਾਰਤ-ਪਾਕਿਸਤਾਨ ਟਕਰਾਅ ਕਾਰਨ ਹਵਾਈ ਅੱਡੇ ਦੇ ਅਸਥਾਈ ਤੌਰ 'ਤੇ ਬੰਦ ਹੋਣ ਅਤੇ ਉਪਰੰਤ ਉਡਾਣਾਂ ਦੀ ਗਿਣਤੀ ਵਿੱਚ ਕਮੀ ਕਾਰਨ ਇਹ ਵਾਧਾ ਰੁੱਕ ਗਿਆ।

ਸਾਲ ਦੇ ਅਖੀਰਲੇ ਮਹੀਨੇ ਵਿੱਚ ਦਰਜ ਕੀਤੀ ਗਈ ਇਸ ਗਿਰਾਵਟ ਦਾ ਵੱਡਾ ਕਾਰਨ ਖਰਾਬ ਮੌਸਮ ਅਤੇ ਉਡਾਣਾਂ ਵਿੱਚ 2024 ਦੇ ਮੁਕਾਬਲੇ ਦਸੰਬਰ 2025 ਵਿੱਚ ਹੋਈ ਕਮੀ ਨੂੰ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਵਾਈ ਅੱਡੇ 'ਤੇ ਕੈਟ-3ਬੀ ਲੈਂਡਿੰਗ ਸਿਸਟਮ ਹੋਣ ਦੇ ਬਾਵਜੂਦ ਦਸੰਬਰ ਵਿੱਚ ਧੁੰਦ ਇੰਨੀ ਜ਼ਿਆਦਾ ਸੰਘਣੀ ਸੀ ਕਿ ਵਿਜ਼ੀਬਿਲਟੀ ਜ਼ੀਰੋ ਦੇ ਨੇੜੇ ਪਹੁੰਚ ਜਾਣ ਕਾਰਨ ਕਈ ਉਡਾਣਾਂ ਰੱਦ ਕਰਨੀਆਂ ਪਈਆਂ। ਇਸ ਤੋਂ ਇਲਾਵਾ ਨਿਓਸ ਏਅਰ (ਇਟਲੀ) ਅਤੇ ਏਅਰ ਇੰਡੀਆ ਐਕਸਪ੍ਰੈਸ (ਬੈਂਕਾਕ) ਵੱਲੋਂ ਸੇਵਾਵਾਂ ਮੁਅੱਤਲ ਕਰਨ ਅਤੇ ਇੰਡੀਗੋ ਵੱਲੋਂ ਕੁਝ ਘਰੇਲੂ ਉਡਾਣਾਂ ਵਿੱਚ ਕੀਤੀ ਕਟੌਤੀ ਨੇ ਯਾਤਰੀਆਂ ਦੀ ਗਿਣਤੀ 'ਤੇ ਅਸਰ ਪਾਇਆ ਹੈ।

(ਬਾਕੀ ਸਫ਼ਾ 26 'ਤੇ)

# ਸਾਵਧਾਨ ਪੰਜਾਬੀਓ ! ਤੁਹਾਡੀ ਪਸੰਦੀਦਾ ਮਹਿੰਗੀ ਸ਼ਰਾਬ ਵਿੱਚ ਹੋ ਸਕਦੈ 'ਜ਼ਹਿਰ'

## ਪੰਜਾਬ ਵਿੱਚ ਸ਼ਰਾਬ ਮਾਫ਼ੀਆ ਅੱਗੇ ਬੇਵੱਸ ਹੋਈ 'ਆਪ' ਸਰਕਾਰ

## ਜਾਣੋ 2023 ਤੋਂ ਹੁਣ ਤੱਕ ਹੋਈਆਂ ਮੌਤਾਂ ਅਤੇ ਗ੍ਰਿਫ਼ਤਾਰੀਆਂ ਦਾ ਪੂਰਾ ਸੱਚ

ਪੰਜਾਬ ਵਿੱਚ ਨਕਲੀ ਅਤੇ ਮਿਲਾਵਟੀ ਸ਼ਰਾਬ ਦੀ ਵਿਕਰੀ ਇੱਕ ਅਜਿਹੀ ਸਮੱਸਿਆ ਬਣ ਗਈ ਹੈ ਜੋ ਨਾ ਸਿਰਫ਼ ਲੋਕਾਂ ਦੀ ਜਾਨ ਲੈ ਰਹੀ ਹੈ ਬਲਕਿ ਸਰਕਾਰੀ ਵਿਵਸਥਾ ਦੀ ਨਾਕਾਮੀ ਨੂੰ ਵੀ ਉਜਾਗਰ ਕਰ ਰਹੀ ਹੈ। ਹਾਲ ਹੀ ਵਿੱਚ ਲੁਧਿਆਣਾ ਵਿੱਚ ਆਬਕਾਰੀ ਅਤੇ ਕਰ ਵਿਭਾਗ ਨੇ ਇੱਕ ਵੱਡੇ ਰੈਕੇਟ ਨੂੰ ਪਰਦਾਫਾਸ਼ ਕੀਤਾ ਹੈ ਜਿੱਥੇ ਮਹਿੰਗੇ ਬ੍ਰਾਂਡਾਂ ਦੀਆਂ ਬੋਤਲਾਂ ਵਿੱਚ ਸਸਤੀ ਸ਼ਰਾਬ ਭਰ ਕੇ ਵੇਚੀ ਜਾ ਰਹੀ ਸੀ। ਇਸ ਘਟਨਾ ਨੇ ਇੱਕ ਵਾਰ ਫਿਰ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਪੰਜਾਬ ਵਿੱਚ ਠੇਕਿਆਂ ਉੱਤੇ ਨਕਲੀ ਸ਼ਰਾਬ ਕਿਉਂ ਵਿਕ ਰਹੀ ਹੈ ?

### ਨਕਲੀ ਸ਼ਰਾਬ ਦੀ ਵਿਕਰੀ ਲਾਭ ਅਤੇ ਲਾਲਚ ਦਾ ਖੇਡ

ਪੰਜਾਬ ਵਿੱਚ ਨਕਲੀ ਸ਼ਰਾਬ ਦੀ ਵਿਕਰੀ ਦੇ ਪਿੱਛੇ ਮੁੱਖ ਕਾਰਨ ਲਾਭ ਅਤੇ ਲਾਲਚ ਹੈ। ਸਰਕਾਰੀ ਨੀਤੀਆਂ ਅਨੁਸਾਰ ਲਾਇਸੰਸ ਵਾਲੀ ਸ਼ਰਾਬ ਉੱਤੇ ਉੱਚ ਟੈਕਸ ਲੱਗਦੇ ਹਨ ਜਿਸ ਕਾਰਨ ਇਸ ਦੀ ਕੀਮਤ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਜਾਂਦੀ ਹੈ। ਇਸ ਲਈ ਗੈਰ-ਕਾਨੂੰਨੀ ਵਪਾਰੀ ਸਸਤੀ ਸ਼ਰਾਬ ਨੂੰ ਮਹਿੰਗੇ ਬ੍ਰਾਂਡਾਂ ਦੀਆਂ ਬੋਤਲਾਂ ਵਿੱਚ ਭਰ ਕੇ ਵੇਚਦੇ ਹਨ। ਇਹ ਨਾ ਸਿਰਫ਼ ਲਾਭ ਵਧਾਉਂਦਾ ਹੈ ਬਲਕਿ ਖਪਤਕਾਰਾਂ ਨੂੰ ਧੋਖਾ ਵੀ ਦਿੰਦਾ ਹੈ। ਆਬਕਾਰੀ ਵਿਭਾਗ ਦੇ ਅਧਿਕਾਰੀਆਂ ਅਨੁਸਾਰ, ਪੰਜਾਬ ਵਿੱਚ ਅਜਿਹੇ ਰੈਕੇਟ ਵੱਡੇ ਪੱਧਰ ਉੱਤੇ ਚੱਲ ਰਹੇ ਹਨ ਜਿੱਥੇ ਇੰਡਸਟਰੀਅਲ ਮਿਥਾਨੌਲ ਨੂੰ ਸ਼ਰਾਬ ਵਿੱਚ ਮਿਲਾ ਕੇ ਜ਼ਹਿਰੀਲਾ ਬਣਾਇਆ ਜਾਂਦਾ ਹੈ। ਇਹ ਮਿਥਾਨੌਲ ਆਸਾਨੀ ਨਾਲ ਉਪਲਬਧ ਹੁੰਦਾ ਹੈ ਅਤੇ ਇਸ ਨੂੰ ਰੋਕਣ ਲਈ ਕੋਈ ਪ੍ਰਭਾਵੀ ਵਿਵਸਥਾ ਨਹੀਂ ਹੈ।

ਹਾਲ ਹੀ ਵਿੱਚ ਲੁਧਿਆਣਾ ਵਿੱਚ ਵਾਪਰੀ ਘਟਨਾ ਇਸ ਦੀ ਤਾਜ਼ਾ ਮਿਸਾਲ ਹੈ। ਆਬਕਾਰੀ ਅਤੇ ਕਰ ਵਿਭਾਗ ਨੇ ਇੱਕ ਖੁਫੀਆ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਇੱਥੇ ਮਹਿੰਗੀਆਂ ਸ਼ਰਾਬ ਦੀਆਂ ਬੋਤਲਾਂ ਵਿੱਚ ਸਸਤੀ ਸ਼ਰਾਬ ਦੀ ਰੀਫਿਲਿੰਗ ਕਰਨ ਵਾਲੇ ਇੱਕ ਵੱਡੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਜਾਣਕਾਰੀ ਅਨੁਸਾਰ ਇਹ ਛਾਪੇਮਾਰੀ ਈ ਆਈ ਅਮਨਦੀਪ ਸਿੰਘ, ਈ ਆਈ ਨਵਦੀਪ ਸਿੰਘ ਅਤੇ ਈ ਆਈ ਅਮਿਤ ਗੋਇਲ ਵੱਲੋਂ ਆਬਕਾਰੀ ਪੁਲਿਸ ਸਟਾਫ ਅਤੇ ਪੁਲਿਸ ਸਟਾਫ ਪੀ ਐੱਸ ਮੋਤੀ ਨਗਰ ਲੁਧਿਆਣਾ ਦੇ ਨਾਲ ਮਿਲ ਕੇ ਕੀਤੀ ਗਈ। ਕਾਰਵਾਈ ਦੌਰਾਨ ਚੰਡੀਗੜ੍ਹ ਰੋਡ 'ਤੇ ਸਥਿਤ ਹੋਟਲ ਰੀਗਲ ਬਲੂ ਦੀ ਪਾਰਕਿੰਗ ਵਿੱਚ ਬੋਤਲਾਂ ਭਰ ਰਹੇ ਲਵਲੇਸ਼ ਵਰਮਾ ਨਾਮ ਵਿਅਕਤੀ ਨੂੰ ਕਾਬੂ ਕੀਤਾ ਗਿਆ। ਪੁੱਛਗਿੱਛ ਤੋਂ ਬਾਅਦ ਮੁਲਜ਼ਮ ਨੇ ਖੁਲਾਸਾ ਕੀਤਾ ਕਿ ਉਸ ਕੋਲ ਸਿਵਲ ਲਾਈਨ ਇਲਾਕੇ, ਕੁੰਦਨ ਪੁਰੀ ਸਥਿਤ ਉਸਦੀ ਰਿਹਾਇਸ਼ 'ਤੇ ਰੀਫਿਲਿੰਗ ਲਈ ਹੋਰ ਖਾਲੀ ਬੋਤਲਾਂ ਉਪਲਬਧ ਹਨ ਅਤੇ ਨਤੀਜੇ ਵਜੋਂ ਉਸਦੀ ਰਿਹਾਇਸ਼ 'ਤੇ ਛਾਪੇਮਾਰੀ ਕੀਤੀ ਗਈ, ਜਿਸ ਨਾਲ ਬੀ.ਆਈ.ਓ. ਬ੍ਰਾਂਡਾਂ ਅਤੇ ਸਸਤੇ ਬ੍ਰਾਂਡਾਂ ਦੀਆਂ ਖਾਲੀ ਬੋਤਲਾਂ ਸਮੇਤ ਢੱਕਣ ਬਰਾਮਦ ਹੋਏ।

ਕਾਰਵਾਈ ਦੌਰਾਨ ਅਧਿਕਾਰੀਆਂ ਨੇ ਰੀਫਿਲ ਕੀਤੀਆਂ ਮਹਿੰਗੇ ਬ੍ਰਾਂਡਾਂ ਦੀਆਂ 51 ਬੋਤਲਾਂ ਬਰਾਮਦ ਕੀਤੀਆਂ ਹਨ, ਜਿੰਨ੍ਹਾ ਵਿੱਚ ਗਲੈਨਫਿਡਿਚ 12 ਸਾਲ – 13 ਬੋਤਲਾਂ, ਗੋਲਡ ਲੇਬਲ – 6 ਬੋਤਲਾਂ, ਮੰਕੀ ਸ਼ੋਲਡਰ – 1 ਬੋਤਲ, ਜੌਨੀ ਵਾਕਰ 18 ਸਾਲ – 6 ਬੋਤਲਾਂ, ਮੈਕਾਲਨ – 6 ਬੋਤਲਾਂ, ਸਿੰਗਲਟਨ – 1 ਬੋਤਲ, ਬਲੈਕ ਲੇਬਲ – 6 ਬੋਤਲਾਂ, ਚਿਵਾਸ ਰੀਗਲ 18 ਸਾਲ – 12 ਬੋਤਲਾਂ। ਇਸ ਦੌਰਾਨ ਕਈ ਵੱਡੇ ਬ੍ਰੈਂਡਾਂ ਦੀਆਂ 80 ਖਾਲੀ ਬੋਤਲਾਂ ਵੀ ਬਰਾਮਦ ਕੀਤੀਆਂ ਗਈਆਂ ਹਨ, ਜਿੰਨ੍ਹਾਂ ਵਿੱਚ ਮਾਸਟਰ ਬਲੈਂਡਰਜ਼ ਸਿਗਨੇਚਰ ਪ੍ਰੀਮੀਅਰ – 39 ਬੋਤਲਾਂ, ਰਾਇਲ ਸਟੈਗ – 14 ਬੋਤਲਾਂ, ਦਿ ਸਿੰਗਲਟਨ – 4 ਬੋਤਲਾਂ, ਸਿਰੋਕ ਵੋਡਕਾ – 6 ਬੋਤਲਾਂ, ਐਬਸੋਲਿਊਟ ਵੋਡਕਾ – 6 ਬੋਤਲਾਂ, ਦਿ ਮੈਕਾਲਨ 12 ਸਾਲ – 2 ਬੋਤਲਾਂ, ਦਿ ਮੈਕਾਲਨ ਕੁਐਸਟ 1 ਲੀਟਰ – 1 ਬੋਤਲ, ਚਿਵਾਸ ਰੀਗਲ – 4 ਬੋਤਲਾਂ, ਦਿ ਗਲੈਨਲਿਵਿਟ 18 ਸਾਲ – 1 ਬੋਤਲ, ਜੇਮਸਨ – 1 ਬੋਤਲ, ਗਲੈਨਫਿਡਿਚ 15 ਸਾਲ – 1 ਬੋਤਲ, ਐਕਸ.ਆਰ. 21 ਸਾਲ – 1 ਬੋਤਲ ਸ਼ਮਲ ਹੈ। ਇਸ ਸਬੰਧੀ ਵਿਭਾਗ ਵੱਲੋਂ ਪੁਲਿਸ ਸਟੇਸ਼ਨ ਮੋਤੀ ਨਗਰ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ ਹੈ। ਆਬਕਾਰੀ ਅਤੇ ਕਰ ਕਮਿਸ਼ਨਰ ਜਿਤੇਂਦਰ ਜੋਰਵਾਲ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਲਈ ਜ਼ੀਰੋ ਟੋਲਰੈਂਸ ਹੈ।

ਇਹ ਘਟਨਾ ਨਕਲੀ ਸ਼ਰਾਬ ਦੇ ਵਪਾਰ ਨੂੰ ਉਜਾਗਰ ਕਰਦੀ ਹੈ ਜਿੱਥੇ ਵਪਾਰੀ ਮਹਿੰਗੇ ਬ੍ਰਾਂਡਾਂ ਜਿਵੇਂ ਗਲੈਨਫਿਡਿਚ, ਜੌਨੀ ਵਾਕਰ ਅਤੇ ਚਿਵਾਸ ਰੀਗਲ ਦੇ ਨਾਮ ਨਕਲੀ ਸ਼ਰਾਬ ਵੇਚਦੇ ਹਨ। ਖਪਤਕਾਰਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ ਕਿਉਂਕਿ ਅਜਿਹੀ ਸ਼ਰਾਬ ਨਾ ਸਿਰਫ਼ ਸਿਹਤ ਲਈ ਖਤਰਨਾਕ ਹੈ ਬਲਕਿ ਜਾਨਲੇਵਾ ਵੀ ਹੋ ਸਕਦੀ ਹੈ। ਪੰਜਾਬ ਵਿੱਚ ਅਜਿਹੇ ਰੈਕੇਟ ਪੁਲਿਸ ਅਤੇ ਆਬਕਾਰੀ ਵਿਭਾਗ ਦੀ ਨਿਗਰਾਨੀ ਹੇਠ ਚੱਲ ਰਹੇ ਹਨ ਜੋ ਸਿਆਸੀ ਸਰਪ੍ਰਸਤੀ ਨਾਲ ਜੁੜੇ ਹਨ।

### 2023 ਤੋਂ 2026 ਤੱਕ ਮੌਤਾਂ ਦਾ ਅੰਕੜਾ: ਇੱਕ ਭਿਆਨਕ ਤਸਵੀਰ

2023 ਤੋਂ ਫਰਵਰੀ 2026 ਤੱਕ ਪੰਜਾਬ ਵਿੱਚ ਨਕਲੀ ਅਤੇ ਜ਼ਹਿਰੀਲੀ ਸ਼ਰਾਬ ਨਾਲ ਲਗਭਗ 50 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।

(ਬਾਕੀ ਸਫ਼ਾ 26 'ਤੇ)

# ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ : ਐਡਵੋਕੇਟ ਧਾਮੀ

## ਸਿੱਖ ਸਿਧਾਂਤਾਂ, ਇਤਿਹਾਸ ਅਤੇ ਸਰੋਤਾਂ ਆਦਿ ਦੇ ਸਬੰਧ ਵਿੱਚ ਆਪਣਾ ਡਾਟਾ ਬੈਂਕ ਤਿਆਰ ਕਰੇਗੀ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ’ਚ ਅਹਿਮ ਮਤੇ ਪਾਸ ਕੀਤੇ ਗਏ। ਕਮੇਟੀ ਨੇ ਸਰਕਾਰਾਂ ਵੱਲੋਂ ਬੰਦੀ ਸਿੰਘਾਂ ਨਾਲ ਕੀਤੀ ਜਾ ਰਹੀ ਬੇਇਨਸਾਫੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਦੇਸ਼ ’ਚ ਘੱਟਗਿਣਤੀ ਸਿੱਖਾਂ ਨਾਲ ਵਿਤਕਰਾ ਹੈ। ਇਹ ਇਕੱਤਰਤਾ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ। ਧਾਮੀ ਨੇ ਕਿਹਾ ਕਿ ਹਾਲ ਹੀ ’ਚ ਦਿੱਲੀ ਦੀ ਭਾਜਪਾ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਪੀਲ ਨੂੰ ਰੱਦ ਕਰਨਾ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਅਜਿਹਾ ਕਰਦੀ ਰਹੀ ਅਤੇ ਹੁਣ ਭਾਜਪਾ ਸਰਕਾਰ ਵੀ ਸਿੱਖ ਵਿਰੋਧੀ ਲੀਹਾਂ ’ਤੇ ਚੱਲ ਰਹੀ ਹੈ। ਉਨ੍ਹਾਂ ਭਾਜਪਾ ’ਚ ਬੈਠੇ ਸਿੱਖ ਆਗੂਆਂ ਦੇ ਇਸ ਮਾਮਲੇ ’ਤੇ ਚੁੱਪ ਰਹਿਣ ’ਤੇ ਵੀ ਸਵਾਲ ਚੁੱਕੇ।

ਧਾਮੀ ਨੇ ਕਿਹਾ ਕਿ ਇਸ ਨਾਲ ਭਾਜਪਾ ਵਿਚਲੇ ਸਿੱਖ ਆਗੂਆਂ ਦਾ ਦੋਗਲਾ ਚਿਹਰਾ ਨੰਗਾ ਹੋਇਆ ਹੈ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਹੋਰ ਬੰਦੀ ਸਿੰਘਾਂ ਨੂੰ ਸਜ਼ਾਵਾਂ ਭੁਗਤਣ ਦੇ ਬਾਵਜੂਦ ਵੀ ਰਿਹਾਅ ਨਾ ਕਰਨ ਨੂੰ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦੱਸਿਆ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਨੇ ਆਸਟ੍ਰੇਲੀਆ ’ਚ ਇੱਕ ਸਿੱਖ ’ਤੇ ਕੀਤੇ ਗਏ ਹਮਲੇ ਦੀ ਵੀ ਨਿੰਦਾ ਕੀਤੀ ਅਤੇ ਅਜਿਹੇ ਮਾਮਲਿਆਂ ’ਚ ਭਾਰਤ ਸਰਕਾਰ ਨੂੰ ਸਬੰਧਿਤ ਦੇਸ਼ਾਂ ਨਾਲ ਕੂਟਨੀਤਕ ਪੱਧਰ ’ਤੇ ਗੱਲ ਕਰਨ ਲਈ ਕਿਹਾ।



ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਏ.ਆਈ. ਤਕਨੀਕ ਨਾਲ ਸਿੱਖ ਵਿਰੋਧੀ ਕਾਰਵਾਈਆਂ ਦਾ ਵੀ ਨੋਟਿਸ ਲਿਆ ਹੈ। ਇਸ ਤਕਨੀਕ ਨਾਲ ਧਰਮਾਂ ਵਿਰੁੱਧ ਹਰਕਤਾਂ ਕਰਨ ਵਾਲਿਆਂ ਨੂੰ ਰੋਕਣ ਲਈ ਸ਼੍ਰੋਮਣੀ ਕਮੇਟੀ ਸੁਚੇਤ ਰੂਪ ’ਚ ਕੰਮ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿੱਚ ਇੱਕ ਕਮੇਟੀ ਗਠਤ ਕਰਨ ਦੇ ਨਾਲ-ਨਾਲ ਕਾਨੂੰਨ ਵਿਭਾਗ ਰਾਹੀਂ ਵੀ ਯਤਨ ਜਾਰੀ ਹਨ। ਉਨ੍ਹਾਂ ਕਿਹਾ ਕਿ ਭਵਿੱਖ ’ਚ ਸ਼੍ਰੋਮਣੀ ਕਮੇਟੀ ਸਿੱਖ ਸਿਧਾਂਤਾਂ, ਇਤਿਹਾਸ ਅਤੇ ਸਰੋਤਾਂ ਆਦਿ ਦੇ ਸਬੰਧ ਵਿੱਚ ਆਪਣਾ ਡਾਟਾ ਬੈਂਕ ਤਿਆਰ ਕਰੇਗੀ, ਤਾਂ ਜੋ ਸਹੀ ਜਾਣਕਾਰੀ ਲੋਕਾਂ ਨੂੰ ਮਿਲ ਸਕੇ। ਇਸ ਦੇ ਨਾਲ ਹੀ ਏਆਈ ਕੰਪਨੀਆਂ ਨਾਲ ਵੀ ਰਾਬਤਾ ਕੀਤਾ ਜਾ ਰਿਹਾ ਹੈ ਅਤੇ ਇਕ ਮਾਸ ਰਿਪੋਰਟਿੰਗ ਸਾਫਟਵੇਅਰ ਵੀ ਜਲਦ ਜਾਰੀ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਾਗੂਕਰਤਾ ਵਾਸਤੇ ਵੀ ਯਤਨ ਕੀਤੇ ਜਾਣਗੇ।

ਇਕੱਤਰਤਾ ਦੌਰਾਨ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲ, ਸੁਰਜੀਤ ਸਿੰਘ ਕੰਗ, ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਬਲਦੇਵ ਸਿੰਘ ਕਾਇਮਪੁਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ, ਮਾਸਟਰ ਮਿੱਠੂ ਸਿੰਘ ਕਾਹਨੇਕੇ, ਓਐਸਡੀ ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ, ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਤੇਜਿੰਦਰ ਸਿੰਘ ਪੱਡਾ, ਗੁਰਦਿਆਲ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਹਰਭਜਨ ਸਿੰਘ ਵਕਤਾ, ਮੈਨੇਜਰ ਭਗਵੰਤ ਸਿੰਘ ਧੰਗੇੜਾ ਆਦਿ ਮੌਜੂਦ ਸਨ।

## ‘ਡੇਟਨ ਓਹਾਇਓ’ ਗੁਰਦੁਆਰਾ ਸਾਹਿਬ ਵਿਖੇ ਸਜਾਇਆ ਗਿਆ ‘ਰਾਗ ਬਸੰਤ ਕੀਰਤਨ ਦਰਬਾਰ’



ਡੇਟਨ, ਓਹਾਇਓ/ਏ.ਟੀ.ਨਿਊਜ਼: ਗੁਰਦੁਆਰਾ ਸਿੱਖ ਸੋਸਾਇਟੀ ਆਫ ਡੇਟਨ (ਅਮਰੀਕਾ) ਵਿਖੇ ਲੰਘੇ ਦਿਨੀਂ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਰਾਗ ਬਸੰਤ ਕੀਰਤਨ ਦਰਬਾਰ ਸਜਾਇਆ ਗਿਆ। ਇਸ ਸਮਾਗਮ ਵਿੱਚ ਡੇਟਨ ਤੋਂ ਇਲਾਵਾ ਕੋਲੰਬਸ ਅਤੇ ਸਿਨਸਿਨੈਟੀ ਦੀਆਂ ਸੰਗਤਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਇਸ ਕੀਰਤਨ ਦਰਬਾਰ ਦੀ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ, ਲਗਭਗ 45 ਕੀਰਤਨੀਆਂ ਨੇ ਲਗਾਤਾਰ 8 ਘੰਟੇ ਰਾਗ ਬਸੰਤ ਵਿੱਚ ਗੁਰਬਾਣੀ ਦਾ ਗਾਇਨ ਕੀਤਾ। ਇਸ ਸਮਾਗਮ ਦਾ ਮੁੱਖ ਮਨੋਰਥ ਸੰਗਤਾਂ ਨੂੰ ਸਾਡੀ ਅਮੀਰ ਕੀਰਤਨ ਪਰੰਪਰਾ ਅਤੇ ਰਾਗਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਸੀ।

ਕੋਲੰਬਸ ਗੁਰਦੁਆਰਾ ਸਾਹਿਬ ਤੋਂ ਵਿਸ਼ੇਸ਼ ਤੌਰ ’ਤੇ ਪੁੱਜੇ ਭਾਈ ਕੁਲਵੰਤ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਸੰਗੀਤ ਦੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਕੇਵਲ ਸਜਾਵਟ ਨਹੀਂ, ਸਗੋਂ ਇੱਕ ਅਨੁਸ਼ਾਸਨ ਹੈ ਜੋ ਮਨ ਨੂੰ ਪਰਮਾਤਮਾ ਨਾਲ ਜੋੜਦਾ ਹੈ। ਉਨ੍ਹਾਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਡੇਟਨ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹੇਮ ਸਿੰਘ ਅਤੇ ਭਾਈ ਪ੍ਰੇਮ ਸਿੰਘ ਨੇ ਵੀ ਕੀਰਤਨ ਦੀ ਹਾਜ਼ਰੀ ਭਰੀ ਅਤੇ ਦੂਰ-ਦੁਰਾਡੇ ਤੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਮੌਕੇ ’ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਸਮਾਗਮ ਨੇ ਆਲੇ-ਦੁਆਲੇ ਦੇ ਸ਼ਹਿਰਾਂ ਦੀਆਂ ਸੰਗਤਾਂ ਨੂੰ ਇੱਕ ਮਾਲਾ ਵਿੱਚ ਪਰੋ ਕੇ ਆਪਸੀ ਪ੍ਰੇਮ ਅਤੇ ਸਾਂਝ ਦਾ ਸੁਨੇਹਾ ਦਿੱਤਾ।

# ਪੰਜਾਬ ਤੋਂ ਬਾਹਰ ਸਿੱਖ ਮਿਸ਼ਨਾਂ ਰਾਹੀਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਯਤਨ ਕਰ ਰਹੀ ਹੈ ਸ਼੍ਰੋਮਣੀ ਕਮੇਟੀ : ਧਾਮੀ

## ਗੁ. ਗੁਰੂ ਨਾਨਕ ਸਾਹਿਬ ਰਾਵਾਭਾਟਾ ਦੀ ਇਮਾਰਤ ਸੰਗਤ ਨੂੰ ਅਰਪਣ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਿਛਲੇ ਦਿਨੀਂ ਰਾਏਪੁਰ ਵਿੱਚ ਛੱਤੀਸਗੜ੍ਹ ਦੇ ਵੱਖ-ਵੱਖ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਆਗੂਆਂ ਨਾਲ ਮੀਟਿੰਗ ਕਰ ਕੇ ਸੂਬੇ ਅੰਦਰ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਚਰਚਾ ਕੀਤੀ। ਉਹ ਛੱਤੀਸਗੜ੍ਹ ਦੇ ਰਾਏਪੁਰ ਵਿੱਚ ਸਥਿਤ ਗੁਰਦੁਆਰਾ ਗੁਰੂ ਨਾਨਕ ਸਾਹਿਬ ਰਾਵਾਭਾਟਾ ਦੀ ਇਮਾਰਤ ਦੇ ਨਵੀਨੀਕਰਨ ਮਗਰੋਂ ਸੰਗਤ ਨੂੰ ਅਰਪਣ ਕਰਨ ਸਮੇਂ ਗੁਰਮਤਿ ਸਮਾਗਮ ਵਿੱਚ ਪੁੱਜੇ ਸਨ। ਸਮਾਗਮ ਦੌਰਾਨ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪੰਜਾਬ ਤੋਂ ਬਾਹਰ ਸਿੱਖ ਮਿਸ਼ਨਾਂ ਰਾਹੀਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਯਤਨ ਕਰ ਰਹੀ ਹੈ। ਛੱਤੀਸਗੜ੍ਹ ਦੇ ਸਿੱਖ ਆਗੂ ਬਲਦੇਵ ਸਿੰਘ ਭਾਟੀਆ ਅਤੇ ਛੱਤੀਸਗੜ੍ਹ ਘੱਟਗਿਣਤੀ



ਕਮਿਸ਼ਨ ਦੇ ਚੇਅਰਮੈਨ ਅਮਰਜੀਤ ਸਿੰਘ ਛਾਬੜਾ ਨੇ ਵੀ ਸੰਬੋਧਨ ਕੀਤਾ। ਇਸ ਦੌਰਾਨ ਸੰਗਤ ਦੀ ਰਿਹਾਇਸ਼ ਲਈ ‘ਸ੍ਰੀ ਗੁਰੂ ਨਾਨਕ ਦੇਵ ਭਵਨ’ ਦਾ ਨੀਂਹ ਪੱਥਰ ਵੀ ਰੱਖਿਆ। ਗੁਰਦੁਆਰਾ ਗੁਰੂ ਨਾਨਕ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਮਿਸ਼ਨ ਛੱਤੀਸਗੜ੍ਹ ਰਾਹੀਂ ਚਲਾਇਆ ਜਾਂਦਾ ਹੈ। ਇਸ ਦਰਬਾਰ ਦੇ ਨਵੀਨੀਕਰਨ ਦੀ ਸੇਵਾ ਸੰਗਤ ਦੇ ਸਹਿਯੋਗ ਨਾਲ ਜਗਜੀਤ ਸਿੰਘ ਖਨੂਜਾ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕਰਵਾਈ ਗਈ ਹੈ। ਇਸ ਮੌਕੇ ਸਿੱਖ ਮਿਸ਼ਨ ਛੱਤੀਸਗੜ੍ਹ ਦੇ ਇੰਚਾਰਜ ਗੁਰਮੀਤ ਸਿੰਘ ਸ਼ੈਣੀ ਤੇ ਅਜੀਤ ਸਿੰਘ, ਸਿੱਖ ਆਗੂ ਜਗਜੀਤ ਸਿੰਘ ਖਨੂਜਾ ਆਦਿ ਮੌਜੂਦ ਸਨ।

# 1999 ਤੋਂ ਲੈ ਕੇ ਹੁਣ ਤੱਕ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਵੇਚਣ ਤੇ ਖ਼ਰੀਦਣ ਸਬੰਧੀ ਮਾਮਲੇ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ : ਹਰਪ੍ਰੀਤ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਵੇਚਣ ਦੇ ਰੁਝਾਨ ’ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਮੰਗ ਕੀਤੀ ਕਿ 1999 ਤੋਂ ਲੈ ਕੇ ਹੁਣ ਤੱਕ ਜ਼ਮੀਨਾਂ ਵੇਚਣ ਤੇ ਖਰੀਦਣ ਸਬੰਧੀ ਮਾਮਲੇ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ। ਉਹ ਪਿਛਲੇ ਦਿਨੀਂ ਇਥੇ ਪਾਰਟੀ ਦੀ ਵਰਕਿੰਗ ਕਮੇਟੀ ਮੈਂਬਰਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ ਵਾਸਤੇ ਪੁੱਜੇ ਸਨ।



ਪਾਰਟੀ ਦੇ ਮੁੱਖ ਦਫਤਰ ਵਿੱਚ ਹੋਈਆਂ ਮੀਟਿੰਗਾਂ ਦੌਰਾਨ ਪਾਰਟੀ ਦਾ ਯੂਥ ਵਿੰਗ ਅਤੇ ਇਸਤਰੀ ਵਿੰਗ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪਾਰਟੀ ਦਾ ਵਿਸਥਾਰ ਕਰਨ ਅਤੇ ਇਸ ਨੂੰ ਜ਼ਮੀਨੀ ਪੱਧਰ ਤੱਕ ਲਿਜਾਣ ਬਾਰੇ ਵੀ ਚਰਚਾ ਕੀਤੀ ਗਈ। ਮੀਟਿੰਗ ਵਿੱਚ ਪੰਥਕ ਅਤੇ ਪੰਜਾਬ ਨਾਲ ਜੁੜੇ ਮੁੱਦਿਆਂ ’ਤੇ ਵੀ ਚਰਚਾ ਹੋਈ।

ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜੇ ਸ਼੍ਰੋਮਣੀ ਕਮੇਟੀ ਵੱਲੋਂ ਜ਼ਮੀਨਾਂ ਸਸਤੇ ਭਾਅ ਵੇਚਣ ਦੇ ਮਾਮਲੇ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ ਤਾਂ ਇਸ ਵਿੱਚ ਵੱਡਾ ਘਪਲਾ ਸਾਹਮਣੇ ਆਵੇਗਾ। ਗੁਰਦੁਆਰਿਆਂ ਦੀਆਂ ਜ਼ਮੀਨਾਂ ਆਪਣੇ ਬੰਦਿਆਂ ਨੂੰ ਸਸਤੇ ਭਾਅ ਵੇਚ ਦਿੱਤਾ ਜਾਂਦਾ ਹੈ ਅਤੇ ਮੁੜ ਮਹਿੰਗੇ ਭਾਅ ’ਤੇ ਖਰੀਦਿਆ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਹੋਲੇ ਮਹੱਲੇ ਮੌਕੇ ਤਿੰਨ ਮਾਰਚ ਨੂੰ ਅਨੰਦਪੁਰ ਸਾਹਿਬ ਵਿੱਚ ਪੰਥਕ ਕਾਨਫਰੰਸ ਕੀਤੀ ਜਾਵੇਗੀ।

ਇਸ ਮੌਕੇ ਉਨ੍ਹਾਂ ਨਾਲ ਸਾਬਕਾ ਵਿਧਾਇਕ ਅਜੈਪਾਲ ਸਿੰਘ ਮੀਰਾਂਕੋਟ, ਕਰਨੈਲ ਸਿੰਘ ਪੀਰ ਮੁਹੰਮਦ, ਜਗਜੀਤ ਸਿੰਘ ਕੋਹਲੀ ਤੇ ਹੋਰ ਸ਼ਾਮਲ ਸਨ।

# ਤੇਜ਼ੀ ਨਾਲ ਹੋ ਰਿਹੈ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਨੁਕਸਾਨੇ ਹਿੱਸਿਆਂ ਦੀ ਮੁਰੰਮਤ ਦਾ ਕੰਮ

ਇਸਲਾਮਾਬਾਦ/ਏ.ਟੀ.ਨਿਊਜ਼: ਕਰਤਾਰਪੁਰ ਗੁਰਦੁਆਰੇ ਦੀ ਅਧਿਕਾਰਤ ਗਵਰਨਿੰਗ ਬਾਡੀ ਨੇ ਪਿਛਲੇ ਸਾਲ ਹੜ੍ਹਾਂ ਕਾਰਨ ਨੁਕਸਾਨੇ ਗਏ ਇਸ ਪਵਿੱਤਰ ਸਿੱਖ ਧਾਰਮਿਕ ਸਥਾਨ ਦੀ ਮੁਰੰਮਤ ਅਤੇ ਬਹਾਲੀ ਦੇ ਕੰਮ ਵਿੱਚ ਤੇਜ਼ੀ ਲਿਆਉਣ ਦਾ ਫੈਸਲਾ ਕੀਤਾ ਹੈ। ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਧਾਰਮਿਕ ਮਾਮਲਿਆਂ ਦੇ ਮੰਤਰਾਲੇ ਵਿੱਚ ਸਕੱਤਰ ਸਾਜਿਦ ਚੌਹਾਨ ਦੀ ਪ੍ਰਧਾਨਗੀ ਹੇਠ ਹੋਈ।



ਜਾਣਕਾਰੀ ਅਨੁਸਾਰ ਕੌਂਸਲ ਨੇ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਸਮੀਖਿਆ ਕੀਤੀ। ਹੜ੍ਹਾਂ ਕਾਰਨ ਲਾਂਘੇ (ਕੌਰੀਡੋਰ) ਪ੍ਰਾਜੈਕਟ ਦੇ ਕੁਝ ਹਿੱਸੇ ਪ੍ਰਭਾਵਿਤ ਹੋਏ ਸਨ। ਇਨ੍ਹਾਂ ਖਰਾਬ ਹੋਏ ਹਿੱਸਿਆਂ ਨੂੰ ਪਹਿਲ ਦੇ ਆਧਾਰ ’ਤੇ ਠੀਕ ਕੀਤਾ ਜਾਵੇਗਾ। ਇਸ ਪ੍ਰਾਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਵਾਉਣ ਲਈ ਕੌਂਸਲ ਨੇ ਫੈਸਲਾ ਕੀਤਾ ਕਿ ਦੋ ਹਫ਼ਤਿਆਂ ਦੇ ਅੰਦਰ ਮੁੜ ਮੀਟਿੰਗ ਕੀਤੀ ਜਾਵੇਗੀ ਤਾਂ ਜੋ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਜਾ ਸਕੇ ਅਤੇ ਇਸ ਨੂੰ ਸਮੇਂ ਸਿਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾ ਸਕੇ। ਸਾਜਿਦ ਚੌਹਾਨ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਪ੍ਰਾਜੈਕਟ ਮਾਨਵਤਾਵਾਦੀ ਕਦਰਾਂ-ਕੀਮਤਾਂ ਅਤੇ ਅੰਤਰ-ਧਰਮ ਸਦਭਾਵਨਾ ਦਾ ਪ੍ਰਤੀਕ ਹੈ। ਉਨ੍ਹਾਂ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਇੱਥੇ ਆਉਣ ਵਾਲੇ

(ਬਾਕੀ ਸਫ਼ਾ 27’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਨਕਲੀ ਅਤੇ ਮਿਲਾਵਟੀ ਦੁੱਧ

ਨਕਲੀ ਅਤੇ ਮਿਲਾਵਟੀ 'ਸ਼ਰਾਬ' ਨਾਲ ਅਕਸਰ ਵੱਡੇ ਦੁਖਾਂਤ ਵਾਪਰਦੇ ਰਹਿੰਦੇ ਹਨ ਪਰ ਹੁਣ ਤਾਂ ਵੱਡੀ ਨਿਆਮਤ ਸਮਝੇ ਜਾਂਦੇ ਦੁੱਧ ਦੇ ਮਿਲਾਵਟੀ ਹੋਣ ਕਾਰਨ ਵੀ ਅਨੇਕਾਂ ਲੋਕਾਂ ਦੀ ਮੌਤ ਹੋ ਜਾਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਤਾਜ਼ਾ ਮਾਮਲਾ ਆਂਧਰਾ ਪ੍ਰਦੇਸ਼ ਦਾ ਹੈ। ਲੰਘੇ ਦਿਨੀਂ ਆਂਧਰਾ ਪ੍ਰਦੇਸ਼ ਦੇ ਪੂਰਬੀ ਗੋਦਾਵਰੀ ਜ਼ਿਲ੍ਹੇ ਦੇ ਰਾਜਾਮਹਿੰਦਰਵਰਮ 'ਚ ਮਿਲਾਵਟੀ ਦੁੱਧ ਪੀਣ ਨਾਲ ਚਾਰ ਵਿਅਕਤੀਆਂ ਦੀ ਮੌਤ ਹੋ ਜਾਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਮੌਤਾਂ ਇੱਕ ਅਣਅਧਿਕਾਰਤ ਦੁੱਧ ਵੇਚਣ ਵਾਲੇ ਦੁਕਾਨਦਾਰ ਵੱਲੋਂ ਸਪਲਾਈ ਕੀਤੇ ਗਏ ਦੂਸ਼ਿਤ ਦੁੱਧ ਕਾਰਨ ਹੋਈਆਂ ਹਨ।ਉਥੋਂ ਦੇ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਢਲੀ ਜਾਂਚ ਅਨੁਸਾਰ, ਦੂਸ਼ਿਤ ਦੁੱਧ ਦੇ ਸੇਵਨ ਕਾਰਨ ਪੀੜਤਾਂ ਦੇ ਗੁਰਦੇ ਫੇਲ੍ਹ ਹੋ ਗਏ ਅਤੇ ਅਚਾਨਕ ਪਿਸ਼ਾਬ ਪ੍ਰਣਾਲੀ ਵਿੱਚ ਰੁਕਾਵਟ ਪੈਦਾ ਹੋਣ ਕਾਰਨ ਉਨ੍ਹਾਂ ਨੇ ਦਮ ਤੋੜ ਦਿੱਤਾ। ਇਹ ਸਾਰੇ ਲੋਕ ਇੱਕੋ ਸਥਾਨਕ ਦੁਕਾਨਦਾਰ ਤੋਂ ਦੁੱਧ ਖਰੀਦਦੇ ਸਨ, ਜੋ ਲਗਭਗ 40 ਪਸ਼ੂਆਂ ਅਤੇ ਸਥਾਨਕ ਕਿਸਾਨਾਂ ਤੋਂ ਦੁੱਧ ਇਕੱਠਾ ਕਰ ਕੇ ਘਰਾਂ ਵਿੱਚ ਸਪਲਾਈ ਕਰਦਾ ਸੀ।

ਇਸ ਘਟਨਾ ਤੋਂ ਬਾਅਦ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਨੇ ਸਥਿਤੀ ਦਾ ਜਾਇਜ਼ਾ ਲੈਣ ਲਈ ਇੱਕ ਉੱਚ-ਪੱਧਰੀ ਸਮੀਖਿਆ ਬੈਠਕ ਕੀਤੀ। ਉਨ੍ਹਾਂ ਨੇ ਦੋਸ਼ੀ ਵਿਕਰੇਤਾ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ।ਨਕਲੀ ਤੇ ਮਿਲਾਵਟੀ ਦੁੱਧ ਕਾਰਨ ਦੁਖਾਂਤ ਵਾਪਰਨ ਦਾ ਇਹ ਪਹਿਲਾ ਮਾਮਲਾ ਨਹੀਂ ਹੈ ਸਗੋਂ ਪੰਜਾਬ ਸਮੇਤ ਦੇਸ਼ ਦੇ ਵੱਖ- ਵੱਖ ਸੂਬਿਆਂ ਵਿੱਚ ਨਕਲੀ ਤੇ ਮਿਲਾਵਟੀ ਦੁੱਧ ਕਾਰਨ ਅਕਸਰ ਕਈ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਪਰ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਨਾ ਹੋਣ ਕਾਰਨ ਨਕਲੀ ਅਤੇ ਮਿਲਾਵਟੀ ਦੁੱਧ ਬਣਾਉਣ ਅਤੇ ਵੇਚਣ ਦਾ ਧੰਦਾ ਲਗਾਤਾਰ ਜਾਰੀ ਰਹਿੰਦਾ ਹੈ।

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਕਿਸੇ ਸਮੇਂ ਦੁੱਧ ਦੀਆਂ ਨਦੀਆਂ ਵੀ ਵਗਦੀਆਂ ਸਨ। ਹਰ ਪਾਸੇ ਹੀ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੀ ਭਰਮਾਰ ਹੁੰਦੀ ਸੀ ਪਰ ਸਮਾਂ ਬੀਤਣ ਨਾਲ ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਘੱਟਦੀ ਗਈ। ਪਿਛਲੇ ਤਿੰਨ ਦਹਾਕਿਆਂ 'ਚ ਮੱਝਾਂ ਦੀ ਗਿਣਤੀ 'ਚ ਕਰੀਬ 25 ਲੱਖ ਦੀ ਕਮੀ ਆ ਗਈ ਹੈ, ਜਦੋਂਕਿ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਪਹਿਲਾਂ ਵਾਂਗ ਹੀ ਭਾਰੀ ਗਿਣਤੀ ਵਿੱਚ ਵਿਕ ਰਹੇ ਹਨ। ਜਿਸ ਕਾਰਨ ਦੁੱਧ ਦੀ ਪੈਦਾਵਾਰ, ਦੁੱਧ ਦੇ ਨਕਲੀ ਤੇ ਮਿਲਾਵਟੀ ਹੋਣ ਸਬੰਧੀ ਵੀ ਸਵਾਲ ਉਠਾਏ ਜਾ ਰਹੇ ਹਨ। ਸਿਰਫ਼ ਪੰਜਾਬ ਹੀ ਨਹੀਂ ਸਗੋਂ ਭਾਰਤ ਦੇ ਹੋਰਨਾਂ ਰਾਜਾਂ ਵਿੱਚ ਵੀ ਨਕਲੀ ਅਤੇ ਮਿਲਾਵਟੀ ਦੁੱਧ ਵਿਕਣ ਦੀਆਂ ਖ਼ਬਰਾਂ ਮੀਡੀਆ ਵਿੱਚ ਆ ਰਹੀਆਂ ਹਨ, ਜਿਸ ਕਾਰਨ ਕਈ ਵਾਰ ਦੁਖਾਂਤ ਵੀ ਵਾਪਰ ਜਾਂਦੇ ਹਨ। ਜਿਵੇਂ ਕਿ ਪਿਛਲੇ ਦਿਨੀਂ ਆਂਧਰਾ ਪ੍ਰਦੇਸ਼ ਵਿੱਚ ਵਾਪਰਿਆ ਹੈ।

ਨਕਲੀ ਅਤੇ ਮਿਲਾਵਟੀ ਦੁੱਧ ਦੇ ਕਾਰੋਬਾਰੀ ਮਨੁੱਖੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਭਾਰਤ 'ਚ ਰੋਜ਼ਾਨਾ 64 ਕਰੋੜ ਲੀਟਰ ਦੁੱਧ ਦੀ ਵਿਕਰੀ ਹੁੰਦੀ ਹੈ, ਜਿਸ 'ਚੋਂ 50 ਕਰੋੜ ਲੀਟਰ ਮਿਲਾਵਟੀ ਤੇ ਨਕਲੀ ਹੋਣ ਦਾ ਖ਼ਦਸ਼ਾ ਹੈ। ਏਧਰ 6 ਕਰੋੜ ਲੀਟਰ ਡੱਬਾ ਬੰਦ ਦੁੱਧ ਲੋਕ ਰੋਜ਼ਾਨਾ ਪੀਂਦੇ ਹਨ। ਵਿਸ਼ਵ ਸਿਹਤ ਸੰਗਠਨ ਨੇ ਭਾਰਤ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮਿਲਾਵਟੀ ਅਤੇ ਨਕਲੀ ਦੁੱਧ ਦੇ ਕਾਰੋਬਾਰ ਨੂੰ ਨਾ ਰੋਕਿਆ ਗਿਆ ਤਾਂ ਭਾਰਤੀ ਕੈਂਸਰ ਵਰਗੀ ਭਿਆਨਕ ਬਿਮਾਰੀ ਤੋਂ ਪੀੜਤ ਹੋ ਜਾਣਗੇ।

ਜਾਣਕਾਰੀ ਅਨੁਸਾਰ ਪੰਜਾਬ ਅੰਦਰ 25 ਲੱਖ ਗਊਆਂ ਅਤੇ 40 ਲੱਖ ਮੱਝਾਂ ਹੋਣ ਦੇ ਸਰਕਾਰੀ ਅੰਕੜੇ ਹਨ ਪਰ ਦੁੱਧ ਦੇਣ ਵਾਲੇ ਪਸ਼ੂਆਂ ਦੀ ਗਿਣਤੀ ਬਹੁਤ ਘੱਟ ਦੱਸੀ ਜਾ ਰਹੀ ਹੈ। ਪੰਜਾਬ ਅੰਦਰ ਰੋਜ਼ਾਨਾ 16 ਲੱਖ ਲੀਟਰ ਦੁੱਧ ਦਾ ਉਤਪਾਦਨ ਹੁੰਦਾ ਹੈ। ਸੂਬੇ ਅੰਦਰ ਦੁੱਧ ਦੇ ਕੁੱਲ ਉਤਪਾਦਨ ਦਾ 60 ਫ਼ੀਸਦੀ ਹਿੱਸਾ ਲੋਕਾਂ ਦੁਆਰਾ ਵਰਤ ਲਿਆ ਜਾਂਦਾ ਹੈ ਅਤੇ 40 ਫ਼ੀਸਦੀ ਦੁੱਧ ਮੱਖਣ, ਦਹੀਂ, ਪਨੀਰ, ਸੁੱਕਾ ਦੁੱਧ, ਡੱਬਾ ਬੰਦ ਦੁੱਧ ਬਣਾਉਣ ਲਈ ਵਰਤਿਆ ਜਾਂਦਾ ਹੈ। ਫੂਡ ਸੇਫਟੀ ਅਤੇ ਸਟੈਂਡਰਡ ਅਥਾਰਟੀ ਆਫ਼ ਇੰਡੀਆ ਵੱਲੋਂ ਕਰਵਾਏ ਗਏ ਇਕ ਸਰਵੇ ਅਨੁਸਾਰ ਸੂਬੇ 'ਚ ਦੁੱਧ ਦੇ 37 ਫ਼ੀਸਦੀ ਨਮੂਨੇ ਜਾਂਚ ਦੌਰਾਨ ਫੇਲ ਪਾਏ ਗਏ ਸਨ।

ਪਤਾ ਲੱਗਿਆ ਹੈ ਕਿ ਜ਼ਿਆਦਾ ਮੁਨਾਫ਼ੇ ਦੀ ਆਸ 'ਚ ਸ਼ਹਿਰਾਂ ਸਮੇਤ ਪਿੰਡਾਂ 'ਚ ਵੀ ਦੁੱਧ ਵੇਚਣ ਵਾਲੇ ਡੇਅਰੀ ਸੰਚਾਲਕ ਦੁੱਧ ਨੂੰ ਅਰਾਰੋਟ, ਰੰਗ, ਕੱਪੜੇ ਧੋਣ ਵਾਲੇ ਪਾਊਡਰ, ਗਲੂਕੋਜ਼ ਅਤੇ ਮਿਲਕ ਪਾਊਡਰ ਨਾਲ ਦੁੱਧ ਤਿਆਰ ਕਰਕੇ ਮਨੁੱਖੀ ਸਿਹਤ ਨਾਲ ਖੇਡ ਰਹੇ ਹਨ। ਨਕਲੀ ਦੁੱਧ ਦੀ ਵਧਦੀ ਵਿਕਰੀ ਕਾਰਨ ਅਸਲੀ ਦੁੱਧ ਉਦਪਾਦਕ ਕਿਸਾਨਾਂ ਨੂੰ ਪੂਰਾ ਰੇਟ ਨਹੀਂ ਮਿਲਦਾ ਹੈ। ਇਸੇ ਕਾਰਨ ਪਿੰਡਾਂ 'ਚ ਲੋਕ ਪਸ਼ੂਆਂ ਨੂੰ ਵੇਚ ਰਹੇ ਹਨ ਤੇ ਨਕਲੀ ਦੁੱਧ ਦਾ ਕਾਰੋਬਾਰ ਵਧਦਾ ਜਾ ਰਿਹਾ ਹੈ। ਨਕਲੀ ਦੁੱਧ ਦੀ ਵਧਦੀ ਵਰਤੋਂ ਕਾਰਨ ਲੋਕ ਕੈਂਸਰ, ਸ਼ੂਗਰ, ਬੀ. ਪੀ. ਦਾ ਵੱਧਣਾ, ਡਿਪਰੈਸ਼ਨ, ਥਾਇਰਾਇਡ, ਬੇਚੈਨੀ ਤੇ ਪੇਟ ਦੇ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ।

ਤਿਉਹਾਰਾਂ ਦੇ ਦਿਨਾਂ ਦੌਰਾਨ ਦੁੱਧ ਦੀ ਖਪਤ ਬਹੁਤ ਜ਼ਿਆਦਾ ਹੋ ਜਾਂਦੀ ਹੈ, ਇਸ ਕਾਰਨ ਉਸ ਸਮੇਂ ਵੀ ਵੱਡੇ ਪੱਧਰ 'ਤੇ ਨਕਲੀ ਦੁੱਧ ਬਣਾਉਣ ਅਤੇ ਵੇਚੇ ਜਾਣ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਹੁਣ ਤਾਂ ਸਾਰਾ ਸਾਲ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਨਕਲੀ ਅਤੇ ਮਿਲਾਵਟੀ ਦੁੱਧ ਵੇਚੇ ਜਾਣ ਦੀ ਚਰਚਾ ਹੁੰਦੀ ਰਹਿੰਦੀ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਸਮੇਤ ਸਭ ਨੂੰ ਪਤਾ ਹੈ ਕਿ ਵੱਖ -ਵੱਖ ਇਲਾਕਿਆਂ ਵਿੱਚ ਨਕਲੀ ਅਤੇ ਮਿਲਾਵਟੀ ਦੁੱਧ ਵਿਕ ਰਿਹਾ ਹੈ ਪਰ ਇਸ ਧੰਦੇ ਨੂੰ ਰੋਕਣ ਲਈ ਕੋਈ ਵੱਡੀ ਕਾਰਵਾਈ ਨਹੀਂ ਹੋ ਰਹੀ। ਸ਼ਾਇਦ ਸਰਕਾਰ ਅਤੇ ਪ੍ਰਸ਼ਾਸਨ ਕਿਸੇ ਵੱਡੇ ਦੁਖਾਂਤ ਦੇ ਵਾਪਰਨ ਦੀ ਉਡੀਕ ਕਰ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਨਕਲੀ ਅਤੇ ਮਿਲਾਵਟੀ ਦੁੱਧ ਬਣਾਉਣ ਵਾਲਿਆਂ ਵਿਰੁੱਧ ਵੱਡੀ ਮੁਹਿੰਮ ਚਲਾਈ ਜਾਵੇ ਅਤੇ ਇਸ ਗਲਤ ਧੰਦੇ ਨੂੰ ਪੂਰੀ ਤਰ੍ਹਾਂ ਬੰਦ ਕਰਵਾਇਆ ਜਾਵੇ।

# ਭਾਰਤੀ ਸੰਸਦ ਅਖਾੜਾ, ਦੰਗਲ ਜਾਂ ਲੋਕਤੰਤਰ



ਗੁਰਮੀਤ ਸਿੰਘ ਪਲਾਹੀ



ਦੇਸ਼ ਦੀ ਸੰਸਦ ਦੇ ਬਜਟ ਇਜਲਾਸ ਵਿੱਚ ਇਹਨਾਂ ਦਿਨਾਂ ਵਿੱਚ ਵੱਡੇ ਹੰਗਾਮੇ ਹੋਏ। ਸੱਤਾਧਾਰੀ ਅਤੇ ਵਿਰੋਧੀ ਪੱਖ ਵਿੱਚ ਵੱਡਾ ਦੰਗਲ ਵੇਖਣ ਨੂੰ ਮਿਲਿਆ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਮਤੇ ਉੱਤੇ ਵਿਰੋਧੀ ਨੇਤਾ ਰਾਹੁਲ ਗਾਂਧੀ ਨੂੰ ਬੋਲਣ ਲਈ ਸਮਾਂ ਨਹੀਂ ਦਿੱਤਾ। ਲੋਕ ਸਭਾ ਵਿੱਚ ਇੰਨਾ ਹੰਗਾਮਾ ਹੋਇਆ ਕਿ ਕਾਂਗਰਸ ਦੇ ਅੱਠ ਲੋਕ ਸਭਾ ਮੈਂਬਰ ਮੁਅੱਤਲ ਕਰ ਦਿੱਤੇ ਗਏ। ਸਪੀਕਰ ਬਿਰਲਾ ਨੇ ਪ੍ਰਧਾਨ ਮੰਤਰੀ ਨੂੰ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਕਰਦੇ ਮਤੇ 'ਤੇ ਬਹਿਸ ਦਾ ਜਵਾਬ ਦੇਣ ਲਈ ਸਦਨ ਵਿੱਚ ਨਾ ਆਉਣ ਦੀ ਬੇਨਤੀ ਕੀਤੀ। ਲੋਕਤੰਤਰ ਦਾ ਇਹ ਵਿਸ਼ੇਸ਼ ਨਮੂਨਾ ਅੱਜ-ਕੱਲ ਦੇਸ਼ ਦੇ ਹਿੱਸੇ ਆ ਰਿਹਾ ਹੈ।

ਲੋਕ ਸਭਾ ਵਿੱਚ ਵਿਰੋਧੀ ਸੰਸਦ ਮੈਂਬਰਾਂ ਨੇ ਭਾਰਤ-ਅਮਰੀਕਾ ਵਪਾਰਕ ਢਾਂਚੇ 'ਤੇ ਚਰਚਾ ਦੀ ਮੰਗ ਕੀਤੀ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਮੱਲਿਕਾਰਜੁਨ ਖੜਗੇ ਨੂੰ ਵੀ ਬੋਲਣ ਦੀ ਆਗਿਆ ਨਹੀਂ ਦਿੱਤੀ ਗਈ। ਲੋਕ ਸਭਾ ਅਤੇ ਰਾਜ ਸਭਾ ਵਿੱਚ ਸੱਤਾ ਤੇ ਵਿਰੋਧੀ ਧਿਰ ਆਪਸ ਵਿੱਚ ਬੁਰੀ ਤਰ੍ਹਾਂ ਉਲਝੀ ਰਹੀ। ਲੋਕ ਸਭਾ ਵਿੱਚ ਕਾਂਗਰਸ ਦੀਆਂ ਮਹਿਲਾ ਮੈਂਬਰਾਂ ਨੇ ਸਪੀਕਰ ਬਿਰਲਾ 'ਤੇ ਦੋਸ਼ ਲਗਾਇਆ ਕਿ ਉਹ ਪ੍ਰਧਾਨ ਮੰਤਰੀ ਦੇ ਸਦਨ ਵਿੱਚੋਂ ਗ਼ਾਇਬ ਰਹਿਣ ਨੂੰ ਦਰੁਸਤ ਠਹਿਰਾਅ ਰਹੇ ਹਨ, ਜੋ ਸੰਵਿਧਾਨਕ ਕਦਰਾਂ-ਕੀਮਤਾਂ ਦੇ ਉਲਟ ਹੈ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸਦਨ ਵਿੱਚੋਂ ਮੈਂਬਰਾਂ ਵੱਲੋਂ ਕਿਸੇ ਖ਼ਤਰੇ ਕਰਕੇ ਗ਼ੈਰਹਾਜ਼ਰ ਨਹੀਂ ਹੋਏ, ਸਗੋਂ ਡਰ ਕਰਕੇ ਗ਼ੈਰਹਾਜ਼ਰ ਹੋਏ ਹਨ। ਕੀ ਇਹ ਰਾਜਾਸ਼ਾਹੀ ਦਾ ਸੰਕੇਤ ਤਾਂ ਨਹੀਂ ?

ਅਮਰੀਕੀ ਯੌਨ ਸ਼ੋਸ਼ਣ ਅਪਰਾਧੀ ਜੈਫ਼ਰੀ ਐਪਸਟਿਨ ਨਾਲ਼ ਜੁੜੀਆਂ ਫਾਈਲਾਂ 'ਚ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਦਾ ਨਾਮ ਸਾਹਮਣੇ ਆਉਣ ਕਾਰਨ ਵੱਡਾ ਹੰਗਾਮਾ ਅਤੇ ਨਾਅਰੇਬਾਜ਼ੀ ਵੇਖਣ ਨੂੰ ਮਿਲੀ। ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਗੀਤ 'ਬੰਦੇ ਮਾਤਰਮ' ਦੇ ਛੇ ਬੰਦ ਅਤੇ ਉਸ ਦੇ ਆਦਰ ਲਈ ਤਿੰਨ ਮਿੰਟ ਕੁਝ ਸਕਿੰਟ ਖੜੇ ਰਹਿਣ, ਉਸਦੇ ਬਾਅਦ ਰਾਸ਼ਟਰ ਗਾਣ ਨੂੰ ਜ਼ਰੂਰੀ ਕਰਾਰ ਦਿੱਤੇ ਜਾਣ ਸੰਬੰਧੀ ਸਦਨ ਵਿੱਚ ਵੱਡੀ ਬਹਿਸ ਛਿੜੀ। ਇੱਕ ਪੱਖ ਦਾ ਕਹਿਣਾ ਸੀ ਕਿ ਅਸੀਂ ਤਾਂ ਅੱਲਾਹ ਨੂੰ ਮੰਨਦੇ ਹਾਂ, ਕਿਸੇ ਹੋਰ ਨੂੰ ਨਹੀਂ। ਇੱਕ ਨੇ ਕਿਹਾ ਕਿ ਮੁਸਲਿਮ ਲੀਗ ਨੇ ਇਸ 'ਤੇ ਇਤਰਾਜ਼ ਕੀਤਾ ਸੀ ਤੇ ਇਤਰਾਜ਼ ਮੰਨਿਆ ਗਿਆ ਸੀ। ਇੱਕ ਹੋਰ ਨੇ ਕਿਹਾ ਕਿ ਇਹ ਸੰਪਰਦਾਇਕਤਾ ਫੈਲਾਉਣ ਦੀ ਕੋਸ਼ਿਸ਼ ਹੈ, ਜਦਕਿ ਦੂਜੇ ਨੇ ਕਿਹਾ ਕਿ ਇਹ ਦੇਸ਼ ਭਗਤੀ ਦਾ ਗੀਤ ਹੈ। ਲੋਕਤੰਤਰ ਦੇ ਅਖਾੜੇ ਸੰਸਦ 'ਚ ਬਜਟ ਉੱਤੇ ਬਹਿਸ ਦਰਕਾਰ ਸੀ। ਸੰਸਦ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਬਣਾਉਟੀ ਬੁੱਧੀਮਤਾ (ਏ.ਆਈ.) ਕਾਰਨ ਆ ਰਹੀਆਂ ਚੁਣੌਤੀਆਂ, ਅਮਰੀਕਾ-ਭਾਰਤ ਸਮਝੌਤੇ ਬਾਰੇ ਵਿਸ਼ੇਸ਼ ਚਰਚਾ ਲੋੜੀਂਦੀ ਸੀ। ਚਰਚਾ ਤਾਂ ਦਿੱਲੀ ਦੇ ਪ੍ਰਦਰਸ਼ਨ ਉੱਤੇ, ਮਨੀਪੁਰ ਦੇ ਬਲਾਤਕਾਰਾਂ ਅਤੇ ਕਈ ਥਾਵਾਂ 'ਤੇ ਗੰਦੇ ਪਾਣੀ ਪੀਣ ਕਾਰਨ ਹੋਈਆਂ ਮੌਤਾਂ ਬਾਰੇ ਵੀ ਲੋੜੀਂਦੀ ਸੀ, ਪਰ ਇਹਨਾਂ ਚਰਚਾਵਾਂ ਲਈ ਸਦਨ ਦੇ ਮਾਣਯੋਗ ਮੈਂਬਰ ਸਮਾਂ ਹੀ ਨਹੀਂ ਕੱਢ ਸਕੇ। ਸਮਾਂ ਨਹੀਂ ਕੱਢ ਸਕੇ, ਦੇਸ਼ ਦੇ ਕਾਨੂੰਨਦਾਨ, ਇਸ ਗੱਲ ਲਈ ਚਰਚਾ ਕਰਨ ਵਾਸਤੇ ਕਿ ਪਿਛਲੇ 10 ਸਾਲਾਂ ਵਿੱਚ ਜੱਜਾਂ ਦੇ ਖ਼ਿਲਾਫ ਭ੍ਰਿਸ਼ਟਾਚਾਰ, ਯੌਨ ਦੁਰਾਚਾਰ ਅਤੇ ਹੋਰ ਗੰਭੀਰ 8639 ਸ਼ਿਕਾਇਤਾਂ ਕਿਉਂ ਆ ਗਈਆਂ ? ਕੀ ਕਾਰਨ ਹਨ ਇਸਦੇ ? ਖ਼ਾਸ ਤੌਰ 'ਤੇ 2024 ਵਿੱਚ ਹੀ 1170 ਸ਼ਿਕਾਇਤਾਂ ਕਿਉਂ ਦਰਜ ਹੋਈਆਂ ? ਕਿਵੇਂ ਨੌਜਵਾਨਾਂ ਵਿੱਚ ਬੇਰੁਜ਼ਗਾਰੀ 'ਤੇ ਨਿਰਾਸ਼ਾ ਵੱਧ ਰਹੀ ਹੈ ?

ਕਿਉਂ ਨਹੀਂ ਦੇਸ਼ ਦੀ ਸੰਸਦ ਇਸ ਗੱਲ 'ਤੇ ਵਿਚਾਰ ਕਰ ਸਕੀ ਕਿ 28 ਰਾਜਾਂ ਦੇ ਕਿਸਾਨਾਂ ਉੱਤੇ ਔਸਤ ਕਰਜ਼ਾ ਰਕਮ ਵੱਧ ਰਹੀ ਹੈ ? ਰਾਸ਼ਟਰੀ ਸੰਖਿਆ ਦਫ਼ਤਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਖੇਤੀ-ਪ੍ਰਧਾਨ ਸੂਬਿਆਂ ਆਂਧਰਾ ਪ੍ਰਦੇਸ਼, ਕੇਰਲ, ਪੰਜਾਬ, ਹਰਿਆਣਾ, ਤੇਲੰਗਾਨਾ ਦੇ ਕਿਸਾਨਾਂ ਉੱਤੇ ਪ੍ਰਤੀ ਸਾਲ ਪ੍ਰਤੀ ਕਿਸਾਨ ਕਰਜ਼ਾ ਵੱਧ ਰਿਹਾ ਹੈ। ਆਂਧਰਾ ਪ੍ਰਦੇਸ਼ ਵਿੱਚ ਪ੍ਰਤੀ ਕਿਸਾਨ ਪ੍ਰਤੀ ਪਰਿਵਾਰ ਔਸਤ ਕਰਜ਼ਾ 2,45,554 ਰੁਪਏ, ਕੇਰਲ ਵਿੱਚ 2,42,482 ਰੁਪਏ, ਪੰਜਾਬ ਵਿੱਚ 2,03,249 ਰੁਪਏ, ਜਦਕਿ ਹਰਿਆਣਾ ਵਿੱਚ ਇਹ ਕਰਜ਼ਾ 1,82,922 ਰੁਪਏ ਹੈ।

ਇਹ ਜਾਣਦਿਆਂ ਵੀ ਕਿ ਕਿਸਾਨ ਦੀ ਆਮਦਨ ਘੱਟ ਰਹੀ ਹੈ, ਉਸ ਨੂੰ ਆਧੁਨਿਕ ਮਸ਼ੀਨਰੀ ਅਤੇ ਟਰੈਕਟਰ ਆਦਿ ਖਰੀਦਣ ਲਈ ਕਰਜ਼ਾ ਲੈਣਾ ਪੈ ਰਿਹਾ ਹੈ। ਉਸ ਲਈ ਸਰਕਾਰ ਵੱਲੋਂ ਉਸ ਅਹਿਮ ਖੇਤਰ ਲਈ ਸਬਸਿਡੀਆਂ ਮੁਹੱਈਆ ਕਰਨ ਦੀ ਲੋੜ ਹੈ, ਤਾਂ ਕਿ ਦੇਸ਼ ਦਾ ਅੰਨ ਭੰਡਾਰ ਸੁਰੱਖਿਅਤ ਰਹੇ। ਚਰਚਾ ਤਾਂ ਇਸ ਗੱਲ 'ਤੇ ਵੀ ਕਰਨੀ ਬਣਦੀ ਸੀ ਕਿ ਦੇਸ਼ ਕਣਕ-ਚਾਵਲ ਦੀ ਸੀਮਿਤ ਫ਼ਸਲ ਪ੍ਰਣਾਲੀ 'ਤੇ ਨਿਰਭਰ ਕਿਉਂ ਹੈ ? ਦੇਸ਼ ਵਿੱਚ ਜ਼ਮੀਨ ਹੇਠਲਾ ਪਾਣੀ ਘੱਟ ਰਿਹਾ ਹੈ, ਤਾਂ ਕਿਉਂ ਘੱਟ ਰਿਹਾ ਹੈ ? ਪਰ ਦੇਸ਼ ਦੇ ਨੇਤਾ ਤਾਂ ਸਿਰਫ਼ ਕੁਰਸੀ-ਯੁੱਧ ਵਿੱਚ ਗਲਤਾਨ ਰਹੇ। ਬਿਨਾਂ ਸ਼ੱਕ ਦੇਸ਼ ਦੀਆਂ ਸੀਮਾਵਾਂ ਨੂੰ ਸੁਰੱਖਿਆ ਚਾਹੀਦੀ ਹੈ। ਦੇਸ਼ ਵਿੱਚ ਸੜਕਾਂ ਦੇ ਜਾਲ ਵਿਛਾਏ ਜਾਣੇ ਚਾਹੀਦੇ ਹਨ। ਦੇਸ਼ ਦੇ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਜ਼ਰੂਰੀ ਹੈ। ਡਿਜ਼ੀਟਲ ਇੰਡੀਆ ਵੀ ਲੋੜੀਂਦਾ ਹੈ। ਪਰ ਬਹਿਸ ਤਾਂ ਇਸ ਗੱਲ 'ਤੇ ਹੋਣੀ ਚਾਹੀਦੀ ਹੈ ਕਿ ਸਰਕਾਰ ਨਿੱਜੀਕਰਨ ਦੇ ਰਾਹ ਪੈ ਕੇ ਦੇਸ਼ ਦਾ ਸਰਮਾਇਆ ਕੁਝ ਧੁਰੰਤਰਾਂ ਨੂੰ ਕਿਉਂ ਲੁਟਾ ਰਹੀ ਹੈ ? ਦੇਸ਼ ਦੇ ਹਿੱਤ ਵੱਡੇ ਸਰਮਾਏਦਾਰਾਂ, ਕਾਰਪੋਰੇਟਾਂ ਦੇ ਹੱਥ ਕਿਉਂ ਫੜਾ ਰਹੀ ਹੈ?

ਕਿਉਂ ਚਰਚਾ ਨਹੀਂ ਹੋਈ ਕਿ ਸਰਕਾਰ ਕਿਉਂ ਦਬਾਅ ਵਿੱਚ ਆ ਕੇ ਅਮਰੀਕਾ ਵਰਗੇ ਦੇਸ਼ ਨਾਲ਼ ਟੈਰਿਫ਼ ਸਮਝੌਤਾ ਕਰ ਰਹੀ ਹੈ ? ਅਮਰੀਕਾ 18 ਫ਼ੀਸਦੀ ਟੈਰਿਫ਼ ਲਏਗਾ ਅਤੇ ਭਾਰਤ 0 ਫ਼ੀਸਦੀ ਟੈਰਿਫ਼ ਲਵੇਗਾ-ਸਮਾਨਤਾ ਕਿੱਥੇ ਹੈ ?

ਅਮਰੀਕੀ ਸਮਝੌਤੇ ਵਿੱਚ ਪਹੇਲੀ ਇਹ ਹੈ ਕਿ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦਾ ਕੀ ਖਰੀਦੇਗਾ ? ਕੀ ਭਾਰਤ ਕੋਲ ਅਮਰੀਕਾ ਤੋਂ ਮਹਿੰਗੇ ਜਹਾਜ਼, ਸੈਨਿਕ ਸਮਾਨ ਅਤੇ ਉੱਚੀ ਕੀਮਤ 'ਤੇ ਤੇਲ ਖਰੀਦਣ ਤੋਂ ਬਿਨਾਂ ਹੋਰ ਕੋਈ ਬਦਲ ਹੈ ? ਅਮਰੀਕਾ ਕੋਲ ਇਹੋ-ਜਿਹੀਆਂ ਹੋਰ ਕੋਈ ਚੀਜ਼ਾਂ ਨਹੀਂ ਜੋ ਭਾਰਤ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰ ਸਕਣ।

ਦੇਸ਼ ਦੀ ਸੰਸਦ ਦੇ ਸਿਆਣੇ ਇਸ ਗੱਲ 'ਤੇ ਚਰਚਾ ਤੋਂ ਕਿਉਂ ਕੰਨੀ ਕਤਰਾ ਰਹੇ ਹਨ ਕਿ ਵੋਟਾਂ ਤੋਂ ਪਹਿਲਾਂ ਨਕਦੀ ਟਰਾਂਸਫ਼ਰ ਕਰਕੇ ਸੂਬਿਆਂ 'ਚ ਹਾਕਮ ਧਿਰਾਂ ਵੋਟਾਂ ਪੱਕੀਆਂ ਕਰ ਰਹੀਆਂ ਹਨ। ਮੱਧ ਪ੍ਰਦੇਸ਼ ਵਿੱਚ ਲਾਡਲੀ ਬਹਿਨਾ, ਮਹਾਰਾਸ਼ਟਰ ਵਿੱਚ ਲਾਡਕੀ ਬਹਿਨ, ਕਰਨਾਟਕ ਵਿੱਚ ਗ੍ਰਹਿ ਲਕਸ਼ਮੀ, ਤਮਿਲਨਾਡੂ ਵਿੱਚ ਉਮਰਈ ਥੋਗਈ, ਹਰਿਆਣਾ ਵਿੱਚ ਲਾਡੋ, ਓਡੀਸ਼ਾ ਵਿੱਚ ਸੁਭੱਦਰਾ, ਝਾਰਖੰਡ ਵਿੱਚ ਮਈਆ ਸਨਮਾਨ, ਛੱਤੀਸਗੜ੍ਹ ਵਿੱਚ ਮਹਤਾਰੀ ਬੰਦਨ, ਬੰਗਾਲ ਵਿੱਚ ਲਕਸ਼ਮੀ ਭੰਡਾਰ, ਤੇਲੰਗਾਨਾ ਵਿੱਚ ਮਹਾ ਲਕਸ਼ਮੀ, ਅਸਾਮ ਵਿੱਚ ਔਰਨੋਦੋਈ, ਹਿਮਾਚਲ ਵਿੱਚ ਇੰਦਰਾ ਸਨਮਾਨ ਯੋਜਨਾਵਾਂ ਵਿੱਚ 1500 ਤੋਂ 2500 ਰੁਪਏ ਤੱਕ ਮਹੀਨਾਵਾਰ ਰਕਮ ਔਰਤਾਂ ਲਈ ਦੇ ਕੇ ਖਜ਼ਾਨੇ ਉੱਤੇ ਗੰਭੀਰ ਬੋਝ ਕਿਉਂ ਪਾਇਆ ਜਾ ਰਿਹਾ ਹੈ ? ਕਿਉਂ ਨਹੀਂ ਇਸ ਮੁੱਦੇ ਉੱਤੇ ਚਰਚਾ ਹੁੰਦੀ ਕਿ 12 ਰਾਜਾਂ ਦੀਆਂ 12.8 ਕਰੋੜ ਔਰਤਾਂ ਨੂੰ ਹਰ ਸਾਲ 1.9 ਲੱਖ ਕਰੋੜ ਰੁਪਏ ਚੋਣਾਂ ਤੋਂ ਪਹਿਲਾਂ ਹੀ ਕਿਉਂ ਦਿੱਤੇ ਜਾਂਦੇ ਹਨ ? ਔਰਤਾਂ ਦੀਆਂ ਵੋਟਾਂ ਖਰੀਦਣ ਲਈ ਲਾਲਚ ਦੇਣ ਦਾ ਰੁਝਾਨ ਕਿਉਂ ਵੱਧ ਰਿਹਾ ਹੈ ?

ਮਸਲੇ ਤਾਂ ਦੇਸ਼ ਨੂੰ ਦਰਪੇਸ਼ ਹੋਰ ਵੀ ਬਥੇਰੇ ਹਨ, ਪਰ ਦੇਸ਼ ਦੇ ਨੇਤਾ ਸੰਜੀਦਗੀ ਨਾਲ਼ ਵਿਚਾਰ ਕਰਨ ਦੇ ਰਾਹ ਨਹੀਂ ਪੈ ਰਹੇ। ਵੋਟਾਂ ਖਰੀਦੀਆਂ ਜਾਂਦੀਆਂ ਹਨ। ਆਗੂ ਕਾਨੂੰਨ-ਘੜਨੀ ਸਭਾ ਦੇ ਮੈਂਬਰ ਬਣਦੇ ਹਨ,ਉਹ ਲੋਕ ਵੀ ਇਹਨਾਂ ਸਦਨਾਂ ਦੇ ਮੈਂਬਰ ਬਣ ਜਾਂਦੇ ਹਨ ਜਿਨ੍ਹਾਂ ਉੱਤੇ ਅਪਰਾਧਿਕ ਕੇਸ ਦਰਜ ਹਨ। ਫਿਰ ਸਦਨਾਂ ਵਿੱਚ ਜਾ ਕੇ ਦੇਸ਼-ਹਿੱਤ, ਲੋਕ-ਹਿੱਤ ਦੀ ਗੱਲ ਕਰਨੀ ਸ਼ਾਇਦ ਇਹਨਾਂ ਨੂੰ ਸੁਖਾਵੀਂ ਤੇ ਸਾਰਥਕ ਹੀ ਨਹੀਂ ਜਾਪਦੀ।

ਸੰਸਦ ਵਿੱਚ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗ ਕੀਤੀ ਕਿ ਸਾਬਕਾ ਸੈਨਾ ਜਨਰਲ ਮਨੋਜ ਮੁਕੁੰਦ ਨਰਵਾਣੇ ਦੀ ਪੁਸਤਕ ਵਿੱਚ ਜ਼ਿਕਰ ਕੀਤੀਆਂ ਕੁਝ ਘਟਨਾਵਾਂ ਅਤੇ ਫ਼ੈਸਲਿਆਂ ਸੰਬੰਧੀ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਦੀ ਭੂਮਿਕਾ 'ਤੇ ਸਪਸ਼ਟੀਕਰਨ ਹੋਣਾ ਚਾਹੀਦਾ ਹੈ ਤਾਂ ਸੰਸਦ ਵਿੱਚ ਇੱਕ ਯੁੱਧ ਛਿੜ ਗਿਆ। ਇਸ ਚਰਚਾ ਨੂੰ ਨਿਯਮਾਂ ਵਿਰੁੱਧ ਦੱਸਿਆ ਗਿਆ। ਵਿਸ਼ੇਸ਼ ਅਧਿਕਾਰ ਹਨਨ ਦਾ ਮਤਾ ਪੇਸ਼ ਕਰਨ ਦੀਆਂ ਤਰਕੀਬਾਂ ਸੋਚੀਆਂ ਗਈਆਂ। ਸਪੀਕਰ ਵਿਰੁੱਧ ਅਵਿਸ਼ਵਾਸ ਦਾ ਮਤਾ ਪੇਸ਼ ਹੋਇਆ। ਹਾਏ-ਹਾਏ ਦੇ ਨਾਅਰੇ ਲੱਗੇ।

ਪਰ ਸਦਨ ਦਾ ਇਹ ਸੈਸ਼ਨ ਸੁਸਤ ਬਜਟ ਬਾਰੇ ਚੁੱਪੀ 'ਤੇ ਚੁੱਪ ਰਿਹਾ। ਕੋਈ ਬਹਿਸ ਨਹੀਂ ਕਰ ਸਕਿਆ। ਵੈਸੇ ਇਸ ਸਦਨ ਵਿੱਚ ਬਹਿਸ ਦੀ ਗੁੰਜਾਇਸ਼ ਹੀ ਕਿੱਥੇ ਹੈ ? ਵਿਰੋਧੀ ਬੋਲਣ ਲੱਗਦੇ ਹਨ ਤਾਂ ਸੱਤਾਧਾਰੀ ਰੌਲਾ ਪਾਉਂਦੇਹਨ। ਅਵਾਜ਼ ਦਬਾ ਦਿੱਤੀ ਜਾਂਦੀ ਹੈ। ਮਸਲੇ ਸਦਨ ਦੇ ਮੈਂਬਰਾਂ ਦੇ ਝੋਲਿਆਂ ਤੋਂ ਬਾਹਰ ਹੀ ਨਹੀਂ ਨਿਕਲਣ ਦਿੱਤੇ ਜਾਂਦੇ।

ਹਾਂ, ਇੱਕ ਕੰਮ ਜ਼ਰੂਰ ਕਰ ਦਿੱਤਾ ਜਾਂਦਾ ਹੈ ਬਹੁਗਿਣਤੀ ਸਰਕਾਰ ਵੱਲੋਂ ਕਿ ਕਿਸਾਨਾਂ-ਮਜ਼ਦੂਰਾਂ ਵਿਰੋਧੀ ਕਾਨੂੰਨ ਇੱਕੋ ਝਟਕੇ ਵਿੱਚ ਪਾਸ ਕਰ ਦਿੱਤੇ ਜਾਂਦੇ ਹਨ। ਮਗਨਰੇਗਾ ਅਤੇ ਮਜ਼ਦੂਰਾਂ ਵਿਰੋਧੀ ਕਾਨੂੰਨਾਂ ਉੱਤੇ ਚਰਚਾ ਦੀ ਜ਼ਰੂਰਤ ਹੀ ਨਹੀਂ ਸਮਝੀ ਗਈ।

ਭਾਰਤ ਦੀ ਸੰਸਦ ਲੋਕਤੰਤਰ ਦਾ ਘਰ ਹੈ। ਇਹ ਸਦਨ ਲੋਕਾਂ ਦੀ ਅਵਾਜ਼ ਸੁਣਨ-ਬਣਨ ਲਈ ਬਣਾਏ ਗਏ ਸਨ, ਪਰ ਅੱਜ ਇਹ ਲੋਕਾਂ ਦੀ ਅਵਾਜ਼ ਬੰਦ ਕਰਨ ਲਈ ਵਰਤੇ ਜਾ ਰਹੇ ਹਨ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਸ ਸਦਨ ਵਿੱਚ ਲੋਕ-ਹਿੱਤਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਸੰਸਦ ਵਿੱਚ ਆਪੋ-ਆਪਣੇ ਮਸਲੇ ਪੇਸ਼ ਕਰਨ ਦੀ ਗੱਲ ਗ਼ੈਰਹਾਜ਼ਰ ਹੈ। ਕੇਂਦਰੀਕਰਨ ਦੀ ਰਾਜਨੀਤੀ ਹਾਵੀ ਹੋਣ ਕਾਰਨ ਲੋਕਾਂ ਦੀ ਅਵਾਜ਼ ਜਿਵੇਂ ਪਾਰਟੀ ਪੱਧਰ 'ਤੇ ਦਬਾਈ ਜਾ ਰਹੀ ਹੈ, ਉਵੇਂ ਹੀ ਇਹਨਾਂ ਸਦਨਾਂ 'ਚ ਦੱਬੀ ਜਾ ਰਹੀ ਹੈ। ਸਿੱਟਾ ਆਪਸੀ ਗੁੱਟਬਾਜ਼ੀ ਤੇ ਲੜਾਈ ਵਿੱਚ ਨਿਕਲ ਰਿਹਾ ਹੈ।

ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ-ਕੀ ਸਦਨ ਚਿੰਤਤ ਹੈ ? ਦੇਸ਼ ਬੇਰੁਜ਼ਗਾਰੀ ਦਾ ਮਾਰਿਆ ਪਿਆ ਹੈ-ਕੀ ਸਦਨ ਮੈਂਬਰਾਂ ਨੂੰ ਫ਼ਿਕਰ ਹੈ ? ਦੇਸ਼ ਵਿੱਚ ਕਾਲੇ ਕਾਨੂੰਨ ਬਣ ਰਹੇ ਹਨ, ਕਿਸਾਨ-ਮਜ਼ਦੂਰ ਵਿਰੋਧੀ-ਕੀ ਵਿਰੋਧੀ-ਸੱਤਾਧਾਰੀ ਮੈਂਬਰਾਂ ਨੂੰ ਇਸ ਸੰਬੰਧੀ ਜਾਣਕਾਰੀ ਹੈ ? ਦੇਸ਼ ਅੱਜ ਧਰਮ ਦੇ ਨਾਮ 'ਤੇ ਵੰਡਿਆ ਜਾ ਰਿਹਾ ਹੈ। ਫ਼ਿਰਕਾਪ੍ਰਸਤੀ ਵੱਧ ਰਹੀ ਹੈ। ਕੀ ਦੇਸ਼ ਦੀ ਸੰਸਦ ਵਿੱਚ ਇਸ ਸੰਬੰਧੀ ਕਿਸੇ ਚਰਚਾ ਕੀਤੀ ਹੈ ? ਬੁਲਡੋਜ਼ਰ ਦੀ ਨੀਤੀ ਭਾਰੂ ਹੋ ਰਹੀ ਹੈ। ਨੇਤਾ-ਸ਼ਾਸਕ ਆਪੇ ਜੱਜ ਬਣ ਰਹੇ ਹਨ। ਕੀ ਸਦਨ ਦੇ ਮੈਂਬਰ ਇਸ ਸੰਬੰਧੀ ਸੁਚੇਤ ਹਨ ? ਕੀ ਦੇਸ਼ ਦੇ ਕੁਦਰਤੀ ਸਾਧਨ ਕਾਰਪੋਰੇਟਾਂ ਹੱਥ ਗਿਰਵੀ ਕੀਤੇ ਜਾ ਰਹੇ ਹਨ-ਇਸ ਸੰਬੰਧੀ ਕਦੇ ਸੰਸਦ ਵਿੱਚ ਕੁਝ ਤੱਥ 'ਤੇ ਵਿਚਾਰ ਕਿਸੇ ਮੈਂਬਰ ਨੇ ਰੱਖੇ ਹਨ ?

ਲੋਕਤੰਤਰ ਦਾ ਦਰਵਾਜ਼ਾ ਭਾਰਤੀ ਸਦਨ ਰੂਹ ਦੇ ਪੱਖੋਂ ਖਾਮੋਸ਼ ਹੈ, ਇਹ ਬੜਬੋਲੀ ਤੇ ਹਮਲਾਵਰ ਹੋਈ ਜ਼ਰੂਰ ਦਿਖਦੀ ਹੈ। ਵਿਸ਼ੇਸ਼ ਅਧਿਕਾਰ ਹਨਨ ਲਿਆਉਣ ਦੇ ਮਾਮਲੇ 'ਤੇ ਦੇਸ਼ ਦਾ ਵਿਰੋਧੀ ਧਿਰ ਨੇਤਾ ਇਹ ਤਾਂ ਕਹਿੰਦਾ ਹੈ, ਮੈਨੂੰ ਪਾਰਲੀਮੈਂਟ ਵਿੱਚੋਂ ਕੱਢ ਦਿਓ, ਮੈਂ ਡਰਨ ਵਾਲਾ ਨਹੀਂ ਹਾਂ। ਮੈਂ ਸੱਚ ਦੇ ਨਾਲ਼ ਖੜਾ ਹਾਂ। ਮੈਂ ਕਿਸਾਨ ਦੇ ਨਾਲ਼ ਖੜਾ ਹਾਂ। ਮੈਂ ਮਜ਼ਦੂਰ ਦੇ ਨਾਲ਼ ਖੜਾ ਹਾਂ। ਪਰ ਕੀ ਇਹ ਸ਼ਹੀਦ ਦਾ ਦਰਜਾ ਪ੍ਰਾਪਤ ਕਰਨ ਦਾ ਯਤਨ ਤਾਂ ਨਹੀਂ ?

ਸੰਸਦ ਦੇ ਸਮਾਗਮਾਂ 'ਤੇ ਕਰੋੜਾਂ ਰੁਪਏ ਪ੍ਰਤੀ ਦਿਨ ਦਾ ਖ਼ਰਚ ਹੈ। ਪਾਰਲੀਮੈਂਟ ਸਦਨ ਲੋਕਾਂ ਦੇ ਦਿੱਤੇ ਟੈਕਸ ਦੇ ਪੈਸਿਆਂ ਦੀ ਦੁਰਵਰਤੋਂ ਦਾ ਸਥਾਨ ਬਣ ਚੁੱਕੇ ਹਨ, ਜਿਹੜੇ ਆਮ ਲੋਕਾਂ ਨੂੰ ਕੋਈ ਰਾਹਤ ਜਾਂ ਚੈਨ ਨਹੀਂ ਦੇ ਰਹੇ। ਲੋਕਤੰਤਰ ਦਾ ਪਵਿੱਤਰ ਥਾਂ ਬਣਨ ਦੀ ਥਾਂ ਦੰਗਲ ਦਾ ਅਖਾੜਾ ਬਣ ਰਹੇ ਹਨ। ਇਹ ਸੱਚਮੁੱਚ ਦੇਸ਼ ਵਾਸੀਆਂ ਲਈ ਚਿੰਤਾ ਦਾ ਵਿਸ਼ਾ ਹੈ।

# ਏ.ਆਈ. ਜਗਤ ਨੂੰ ਨਵੀਂ ਦਿਸ਼ਾ ਦੇ ਰਿਹੈ ਭਾਰਤ

ਹਰਸ਼.ਵੀ. ਪੰਤ

ਨਵੀਂ ਦਿੱਲੀ ਵਿੱਚ ਹੋਇਆ ਏ.ਆਈ. ਪ੍ਰਭਾਵ ਸਿਖਰ ਸੰਮੇਲਨ ਸਿਰਫ਼ ਕੂਟਨੀਤਕ ਮੋਰਚੇ 'ਤੇ ਹੀ ਇੱਕ ਮੀਲ ਦਾ ਪੱਥਰ ਨਹੀਂ, ਸਗੋਂ ਇੱਕ ਸੁਚੱਜੀ ਰਣਨੀਤਕ ਪੁਨਰ-ਸੰਰਚਨਾ ਦਾ ਪ੍ਰਤੀਕ ਵੀ ਹੈ। ਇਹ ਸਿਖਰ ਸੰਮੇਲਨ ਭਾਰਤ ਦੀ ਇਸ ਭਾਵਨਾ ਨੂੰ ਦਰਸਾਉਂਦਾ ਹੈ ਕਿ ਉਹ ਇਸ ਉੱਭਰਦੀ ਹੋਈ ਤਕਨਾਲੋਜੀ ਨਾਲ ਜੁੜੇ ਵਿਚਾਰਾਂ ਨੂੰ ਪ੍ਰਭਾਵਿਤ ਕਰ ਕੇ ਇਸ ਨੂੰ ਸਮਾਵੇਸ਼ੀ ਤੇ ਲੋਕਤੰਤਰੀ ਬਣਾਉਣਾ ਚਾਹੁੰਦਾ ਹੈ।

ਇਸ ਆਯੋਜਨ ਜ਼ਰੀਏ ਭਾਰਤ ਆਰਟੀਫੀਸ਼ੀਅਲ ਇੰਟੈਲੀਜੈਂਸ ਯਾਨੀ ਏ.ਆਈ. ਨਾਲ ਜੁੜੀ ਚਰਚਾ ਨੂੰ ਸੁਰੱਖਿਆ ਅਤੇ ਮੁਕਾਬਲੇਬਾਜ਼ੀ ਦੇ ਲਾਭ ਦੀਆਂ ਲੁਕਵੀਆਂ ਚਿੰਤਾਵਾਂ ਤੋਂ ਇਲਾਵਾ ਉਸ ਦੇ ਪ੍ਰਭਾਵਾਂ ਵੱਲ ਮੋੜਨਾ ਚਾਹੁੰਦਾ ਹੈ। ਜਿਵੇਂ ਕਿ ਕੌਣ ਇਸ ਤੋਂ ਲਾਭ ਉਠਾ ਰਿਹਾ ਹੈ ਅਤੇ ਕੌਣ ਨਹੀਂ, ਅਤੇ ਕੌਣ ਇਸ ਖੇਡ ਦੇ ਨਿਯਮ ਨਿਰਧਾਰਤ ਕਰ ਰਿਹਾ ਹੈ?

ਇਸ ਤੋਂ ਪਹਿਲਾਂ ਏ.ਆਈ. ਸਬੰਧੀ ਆਯੋਜਨ ਵਿਕਸਤ ਦੇਸ਼ਾਂ ਵਿੱਚ ਹੋਏ ਹਨ ਅਤੇ ਪਹਿਲੀ ਵਾਰ ਗਲੋਬਲ ਸਾਊਥ ਵਿੱਚ ਅਜਿਹਾ ਸਿਖਰ ਸੰਮੇਲਨ ਹੋ ਰਿਹਾ ਹੈ। ਪ੍ਰਤੀਕਾਤਮਕ ਤੌਰ 'ਤੇ ਵੀ ਇਹ ਇੱਕ ਵੱਡਾ ਬਦਲਾਅ ਹੈ। ਪਿਛਲੇ ਆਯੋਜਨਾਂ ਵਿੱਚ ਗੱਲਬਾਤ ਮੁੱਖ ਤੌਰ 'ਤੇ ਏ.ਆਈ. ਮਾਡਲ ਦੇ ਵਿਕਾਸ ਅਤੇ ਖ਼ਤਰੇ 'ਤੇ ਕੇਂਦਰਿਤ ਰਹੀ। ਇਸ ਨਜ਼ਰੀਏ ਤੋਂ ਭਾਰਤ ਦੀ ਮੇਜ਼ਬਾਨੀ ਵਿੱਚ ਇਹ ਆਯੋਜਨ ਅਲੱਗ ਕਹਾਣੀ ਸੁਣਾਉਣ ਜਾ ਰਿਹਾ ਹੈ।

ਭਾਰਤ ਏ.ਆਈ. ਦੇ ਕਾਰਜ ਨੂੰ ਇੱਕ ਤਕਨੀਕੀ ਮੁੱਦੇ ਤੋਂ ਪਰੇ ਵਿਕਾਸ ਸਬੰਧੀ ਪਹਿਲੂ ਦੇ ਰੂਪ ਵਿੱਚ ਦੁਬਾਰਾ ਪਰਿਭਾਸ਼ਤ ਕਰਨ ਦੇ ਯਤਨ ਵਿੱਚ ਹੈ। ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਮਨੁੱਖਤਾ ਲਈ ਏਆਈ' ਵਾਲੇ ਉਸ ਮੰਤਰ ਨੂੰ ਹੀ ਦਰਸਾਉਂਦਾ ਹੈ ਕਿ



ਕਿਸੇ ਤਕਨੀਕ ਦਾ ਉਦੇਸ਼ ਨਿੱਜੀ ਪੂੰਜੀ ਨੂੰ ਵਧਾਉਣ ਦੀ ਬਜਾਏ ਵਿਆਪਕ ਜਨਤਕ ਹਿੱਤਾਂ ਦੀ ਪੂਰਤੀ ਕਰਨ ਦਾ ਹੋਣਾ ਚਾਹੀਦਾ ਹੈ।

ਭਾਰਤ ਦਾ ਏਜੰਡਾ ਤਿੰਨ ਮਾਨਕ ਸਤੰਭਾਂ 'ਤੇ ਆਧਾਰਿਤ ਹੈ। ਇਹ ਤਿੰਨ ਸਤੰਭ ਹਨ : ਲੋਕ, ਧਰਤੀ ਅਤੇ ਪ੍ਰਗਤੀ। ਇਨ੍ਹਾਂ ਤਿੰਨਾਂ ਸਤੰਭਾਂ ਨੂੰ ਵਿਵਹਾਰਕ ਨਜ਼ਰੀਏ ਤੋਂ ਸੱਤ ਵਿਸ਼ਿਆਂ ਵਾਲੇ 'ਚੱਕਰਾਂ' ਵਿੱਚ ਵੰਡਿਆ ਗਿਆ ਹੈ। ਇਹ ਸੱਤ ਚੱਕਰ ਹਨ-ਕੰਪਿਊਟਿੰਗ ਅਤੇ ਡਾਟਾ ਤੱਕ ਪਹੁੰਚ ਦਾ ਲੋਕਤੰਤਰੀਕਰਨ, ਸਮਾਜਿਕ ਪ੍ਰਭਾਵ ਲਈ ਏ.ਆਈ., ਸੁਰੱਖਿਅਤ ਅਤੇ ਭਰੋਸੇਯੋਗ ਏ.ਆਈ., ਉਤਪਾਦਨ ਅਤੇ ਸਪਲਾਈ ਚੇਨ ਵਿੱਚ ਏ.ਆਈ., ਖੇਤੀਬਾੜੀ ਅਤੇ ਖੁਰਾਕ ਸੁਰੱਖਿਆ, ਸਿਹਤ ਸੇਵਾਵਾਂ ਅਤੇ ਗਲੋਬਲ ਸਾਊਥ ਲਈ ਏ.ਆਈ.।

ਇਹ ਨਜ਼ਰੀਆ ਏ.ਆਈ. ਨੂੰ ਸਮਾਵੇਸ਼ਨ ਅਤੇ ਸਥਿਰਤਾ ਦੇ ਦਾਇਰੇ ਵਿੱਚ ਇੱਕ ਰਣਨੀਤਕ ਬਦਲ ਦੇ ਤੌਰ 'ਤੇ ਰੇਖਾਂਕਿਤ ਕਰਦਾ ਹੈ। ਇਸ ਪ੍ਰਕਿਰਿਆ ਵਿੱਚ ਮਿੰਨੀ ਏ.ਆਈ. 'ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ। ਮਿੰਨੀ ਏ.ਆਈ. ਦਾ ਮਤਲਬ ਹੈ ਅਜਿਹੇ ਮਾਡਲ ਜੋ ਵਰਤੋਂ ਵਿੱਚ ਸੁਗਮ, ਕਿਫ਼ਾਇਤੀ ਅਤੇ ਬਹੁ-ਭਾਸ਼ੀ ਹੋਣ। ਖ਼ਾਸ ਤੌਰ 'ਤੇ ਕਮਜ਼ੋਰ ਕੁਨੈਕਟੀਵਿਟੀ ਵਾਲੇ ਮੁਹਾਂਦਰੇ ਵਿੱਚ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕਰ ਸਕਣ। ਇਸ ਨਜ਼ਰੀਏ ਨਾਲ ਭਾਰਤ ਇਹ ਦਰਸਾਉਣਾ ਚਾਹੁੰਦਾ ਹੈ ਕਿ ਇਨੋਵੇਸ਼ਨ ਸਿਰਫ਼ ਵੱਡੇ ਪੈਮਾਨੇ ਅਤੇ ਉੱਚ ਤਕਨਾਲੋਜੀ ਪ੍ਰਣਾਲੀਆਂ ਤੱਕ ਹੀ ਸੀਮਤ ਨਹੀਂ ਰਹਿ ਸਕਦੀ।

ਇਸ ਦੇ ਬਜਾਏ, ਉਸ ਦੀ ਦ੍ਰਿਸ਼ਟੀ ਉਪਯੋਗਿਤਾ ਨੂੰ ਕੇਂਦਰ 'ਚ ਰੱਖਦੀ ਹੈ। ਇਸ ਵਿਚ ਪੂਰਵ-ਅਨੁਮਾਨਤ ਜਨਤਕ ਸਿਹਤ ਮਾਡਲ, ਜਲਵਾਯੂ ਦੇ ਅਨੁਕੂਲ ਖੇਤੀ ਅਤੇ ਡਿਜੀਟਲ ਸੇਵਾਵਾਂ ਦੀ ਵੰਡ ਮਹੱਤਵਪੂਰਨ ਹਨ। ਇਸ ਨਾਲ ਏਆਈ ਸਿਰਫ਼ ਕਾਰਪੋਰੇਟ ਹੁਨਰ ਦਾ ਪ੍ਰਦਰਸ਼ਨ ਨਹੀਂ, ਸਗੋਂ ਰਾਜ ਦੀਆਂ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਦਾ ਇਕ ਉਪਕਰਨ ਬਣ ਜਾਂਦੀ ਹੈ। ਇਸ ਤਰ੍ਹਾਂ ਇਹ ਇਕ ਪਾਸੇ ਵਿਕਾਸ ਸਬੰਧੀ ਵਿਵਹਾਰਕਤਾ ਬਣ ਜਾਂਦੀ ਹੈ, ਤਾਂ ਦੂਜੇ ਪਾਸੇ ਭੂ-ਰਾਜਨੀਤਕ ਸਥਿਤੀ ਦੀ ਪ੍ਰਤੀਕ। ਭਾਰਤ ਦੀ ਇੱਛਾ ਸਿਰਫ਼ ਵਿਸ਼ਵ ਏਆਈ ਮਿਆਰਾਂ ਦੇ ਅਨੁਪਾਲਕ ਬਣਨ ਤੱਕ ਸੀਮਤ ਨਹੀਂ ਹੈ, ਸਗੋਂ ਉਹ ਉਨ੍ਹਾਂ ਵਿਚ ਸਰਗਰਮ ਭਾਗੀਦਾਰ ਵੀ ਬਣਨਾ ਚਾਹੁੰਦਾ ਹੈ।

ਤੀਹ ਲੱਖ ਤੋਂ ਵੱਧ ਏ.ਆਈ. ਪੇਸ਼ੇਵਰਾਂ ਅਤੇ ਦੁਨੀਆ ਦੇ ਤੀਜੇ ਸਭ ਤੋਂ ਵੱਡੇ ਸਟਾਰਟਅੱਪ ਈਕੋ-ਸਿਸਟਮ ਦੇ ਆਧਾਰ 'ਤੇ ਨਵੀਂ ਦਿੱਲੀ ਦਾ ਮੰਨਣਾ ਹੈ ਕਿ ਉਸ ਕੋਲ ਇਸ ਵਿਚਾਰ-ਵਟਾਂਦਰੇ ਨੂੰ ਦਿਸ਼ਾ ਦੇਣ ਲਈ ਜ਼ਰੂਰੀ ਜਨਸੰਖਿਆ ਅਤੇ ਉੱਦਮਸ਼ੀਲ ਸ਼ਕਤੀ ਮੌਜੂਦ ਹੈ। ਇਸ ਸਬੰਧ ਵਿੱਚ ਜਦੋਂ ਸੈਮ ਆਲਟਮੈਨ ਜਿਹੇ ਏਆਈ ਕ੍ਰਾਂਤੀ ਦੇ ਮੋਹਰੀ ਦੂਤ ਇਹ ਕਹਿੰਦੇ ਹਨ ਕਿ ਭਾਰਤ ਵਿੱਚ ਫੁੱਲ ਸਟੈਕ ਏਆਈ ਲੀਡਰ ਬਣਨ ਦੀ ਭਰਪੂਰ ਸੰਭਾਵਨਾ ਹੈ ਤਾਂ ਇਹ ਉਸ ਧਾਰਨਾ ਨੂੰ ਮਜ਼ਬੂਤ ਕਰਦਾ ਹੈ ਕਿ ਇਹ ਦੇਸ਼ ਉੱਭਰਦੀਆਂ ਅਰਥ-ਵਿਵਸਥਾਵਾਂ ਦੇ ਇੱਕ ਵਿਆਪਕ ਗੱਠਜੋੜ ਨੂੰ ਅਗਵਾਈ ਦੇ ਸਕਦਾ ਹੈ। ਵਿਸ਼ਵ ਬੈਂਕ ਅਤੇ ਸੰਯੁਕਤ ਰਾਸ਼ਟਰ ਜਿਹੀਆਂ ਸੰਸਥਾਵਾਂ ਦਾ ਇਸ ਸੰਮੇਲਨ ਨਾਲ ਜੁੜਨਾ ਇਸ ਦੀ ਬਹੁਪੱਖੀ ਦਿਸ਼ਾ ਨੂੰ ਵੀ ਦਰਸਾਉਂਦਾ ਹੈ।

ਕੁੱਲ-ਮਿਲਾ ਕੇ ਦੇਖਿਆ ਜਾਵੇ ਤਾਂ ਭਾਰਤ ਏ.ਆਈ. ਮੁਹਾਂਦਰੇ 'ਤੇ ਖ਼ੁਦ ਨੂੰ ਪੱਛਮੀ ਇਨੋਵੇਸ਼ਨ ਕੇਂਦਰਾਂ ਅਤੇ ਗਲੋਬਲ ਸਾਊਥ ਦੀਆਂ ਸੰਚਾਲਨ ਸਬੰਧੀ ਜ਼ਰੂਰਤਾਂ, ਅਮਰੀਕੀ ਅਗਵਾਈ ਵਾਲੇ ਉਦਯੋਗਿਕ ਈਕੋਸਿਸਟਮ ਅਤੇ ਸਰਕਾਰੀ ਨਿਯੰਤਰਣ ਵਾਲੇ ਚੀਨ ਦੇ ਵਿਸ਼ਾਲਤਾ ਨਾਲ ਭਰਪੂਰ ਤੰਤਰ ਦੇ ਵਿਚਕਾਰ ਇੱਕ ਪੁਲ ਵਜੋਂ ਸਥਾਪਤ ਕਰਨ ਵਿੱਚ ਲੱਗਾ ਹੋਇਆ ਹੈ। ਏ.ਆਈ. ਸੰਚਾਲਨ ਨਾਲ ਜੁੜਿਆ ਇੱਕ ਰਾਹ ਭਾਰਤ ਦੀ ਵਿਸ਼ਾਲ ਵਿਦੇਸ਼ ਨੀਤੀ ਦੇ ਰੁਝਾਨਾਂ ਨੂੰ ਵੀ ਦਰਸਾਉਂਦਾ ਹੈ।

ਅਲੱਗ-ਥਲੱਗ ਪਏ ਬਿਨਾਂ ਰਣਨੀਤਕ ਖ਼ੁਦਮੁਖਤਾਰੀ ਨੂੰ ਬਣਾਈ ਰੱਖਣਾ ਇਸ ਨੀਤੀ ਦੇ ਮੂਲ ਵਿੱਚ ਹੈ। ਤਕਨੀਕੀ ਰਾਸ਼ਟਰਵਾਦ ਦੇ ਇਸ ਦੌਰ ਵਿੱਚ ਅਜਿਹਾ ਰੁਖ਼-ਰਵੱਈਆ ਨਾ ਸਿਰਫ਼ ਵਿਸ਼ਵ ਦੇ ਸ਼ਕਤੀ ਕੇਂਦਰਾਂ ਨਾਲ ਜੁੜੇ ਰਹਿਣ ਸਗੋਂ ਅਫ਼ਰੀਕਾ, ਦੱਖਣੀ-ਪੂਰਬੀ ਏਸ਼ੀਆ ਅਤੇ ਦੱਖਣੀ ਅਮਰੀਕੀ ਦੇਸ਼ਾਂ ਦੀ ਆਵਾਜ਼ ਨੂੰ ਬੁਲੰਦ ਕਰਨ ਦੀ ਗੁੰਜਾਇਸ਼ ਵੀ ਦਿੰਦਾ ਹੈ।

ਵਿਸ਼ਵ ਪੱਧਰ 'ਤੇ ਭਾਰਤ ਦੇ ਸੁਰ ਵੀ ਇਸ ਦੀਆਂ ਘਰੇਲੂ ਨੀਤੀਆਂ ਨਾਲ ਮੇਲ ਖਾ ਰਹੇ ਹਨ। ਇਸ ਦਿਸ਼ਾ ਵਿੱਚ ਕਲਿਆਣਕਾਰੀ ਢਾਂਚੇ, ਸਿਹਤ ਸੇਵਾਵਾਂ, ਖੇਤੀਬਾੜੀ ਸਲਾਹ-ਮਸ਼ਵਰੇ ਅਤੇ ਡਿਜੀਟਲ ਗਵਰਨੈਂਸ ਦੀ ਦਿਸ਼ਾ ਵਿੱਚ ਏ.ਆਈ. ਨਾਲ ਜੁੜੀਆਂ ਪਹਿਲਾਂ ਭਾਰਤ ਦੇ ਦਾਅਵਿਆਂ ਨੂੰ ਠੋਸ ਆਧਾਰ ਪ੍ਰਦਾਨ ਕਰਦੀਆਂ ਹਨ। ਇਸ ਦਾ ਸਪਸ਼ਟ ਅਰਥ ਹੈ ਕਿ ਭਾਰਤ ਸਿਰਫ਼ ਤਕਨੀਕੀ ਸਮਾਵੇਸ਼ਨ ਦਾ ਉਪਦੇਸ਼ ਹੀ ਨਹੀਂ ਦੇ ਰਿਹਾ, ਸਗੋਂ ਇਸ ਨੂੰ ਅਮਲ ਵਿੱਚ ਵੀ ਲਿਆ ਰਿਹਾ ਹੈ।

ਖ਼ਾਹਿਸ਼ਾਂ ਨੂੰ ਸਦਾ ਹਕੀਕਤ ਦੀਆਂ ਕਸੌਟੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਦੀਆਂ ਤਕਨੀਕੀ ਸਮਰੱਥਾਵਾਂ ਹਾਲੇ ਸੀਮਤ ਹਨ। ਸੈਮੀਕੰਡਕਟਰ ਸਪਲਾਈ ਚੇਨ ਲਈ ਵਿਦੇਸ਼ 'ਤੇ ਨਿਰਭਰਤਾ ਤਕਨੀਕੀ ਪ੍ਰਭੂਸੱਤਾ ਨੂੰ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕਰਦੀ ਹੈ। ਇਸ ਤੋਂ ਇਲਾਵਾ ਐਲਗੋਰਿਦਮ ਸਬੰਧੀ ਸਾੜੇ ਤੋਂ ਲੈ ਕੇ ਨਿੱਜੀ ਡਾਟਾ ਸੁਰੱਖਿਆ ਜਿਹੇ ਪ੍ਰਸ਼ਨ ਵੀ ਹਨ।

ਅਜਿਹੇ ਵਿੱਚ ਜੇ ਭਾਰਤ ਵਿਸ਼ਵ ਪੱਧਰ 'ਤੇ ਏਆਈ ਦੀ ਭਰੋਸੇਯੋਗਤਾ ਦੀ ਮੰਗ ਨੂੰ ਲੈ ਕੇ ਸਾਵਧਾਨ ਹੁੰਦਾ ਹੈ ਤਾਂ ਉਸ ਨੂੰ ਘਰੇਲੂ ਮੋਰਚੇ 'ਤੇ ਵੀ ਰੈਗੂਲੇਟਰੀ ਅਨੁਕੂਲਤਾ ਦਿਖਾਉਣੀ ਪਵੇਗੀ। ਇਸ ਲਈ ਇਹ ਏ.ਆਈ. ਸਿਖਰ ਸੰਮੇਲਨ ਭਾਰਤ ਦੇ ਸਾਹਮਣੇ ਚੁਣੌਤੀਆਂ ਅਤੇ ਮੌਕੇ, ਦੋਵੇਂ ਹੀ ਪ੍ਰਦਾਨ ਕਰਦਾ ਹੈ। ਜੇ ਭਾਰਤ ਇਸ ਵਿੱਚ ਸਫਲ ਹੁੰਦਾ ਹੈ ਤਾਂ ਉਹ ਏ.ਆਈ. ਨਾਲ ਜੁੜੀ ਭੂ-ਰਾਜਨੀਤੀ ਨੂੰ ਵੀ ਨਵੇਂ ਸਿਰੇ ਤੋਂ ਸੰਤੁਲਿਤ ਕਰਨ ਵਿੱਚ ਸਮਰੱਥ ਹੋ ਸਕਦਾ ਹੈ। ਇੰਨਾ ਤਾਂ ਨਿਸ਼ਚਤ ਹੈ ਕਿ ਭਾਰਤ ਇਸ ਏ.ਆਈ.-ਐਕਸਪ੍ਰੈੱਸ ਵਿੱਚ ਸਿਰਫ਼ ਇਕ ਡੱਬੇ ਵਿੱਚ ਜਗ੍ਹਾ ਹਾਸਲ ਕਰਨ ਨਾਲ ਸੰਤੁਸ਼ਟ ਨਹੀਂ ਹੋਣ ਵਾਲਾ। ਉਹ ਇੰਜਣ ਦਾ ਹਿੱਸਾ ਵੀ ਬਣਨਾ ਚਾਹੁੰਦਾ ਹੈ।

**-(ਲੇਖਕ ਅਬਜ਼ਰਵਰ ਰਿਸਰਚ ਫਾਊਂਡੇਸ਼ਨ ਵਿੱਚ ਉਪ ਮੁਖੀ ਹੈ)।**

# ਅਮਰੀਕੀ ਪਾਬੰਦੀਆਂ ਦਰਮਿਆਨ ਭਾਰਤ ਲਈ ਯੂਰਪੀ ਮੰਡੀ ਵੱਡਾ ਸਹਾਰਾ



ਡਾ. ਐਸ. ਐਸ. ਛੀਨਾ

27 ਯੂਰਪੀਅਨ ਦੇਸ਼ਾਂ ਦੀ ਸਾਂਝੀ ਮੰਡੀ ਸੰਸਥਾ ਦਾ ਵਿਚਾਰ 1958 ਵਿੱਚ ਸ਼ੁਰੂ ਹੋਇਆ ਸੀ, ਉਸ ਤੋਂ ਪਹਿਲਾਂ ਦੂਸਰੀ ਸੰਸਾਰ ਜੰਗ ਦੇ ਖ਼ਾਤਮੇ ਤੋਂ ਬਾਅਦ ਸਾਰੀ ਦੁਨੀਆ ਵਿੱਚ ਇਹ ਵਿਚਾਰ ਬੜੀ ਤੇਜ਼ੀ ਨਾਲ ਵਧਿਆ ਸੀ ਕਿ ਸਾਰੀ ਦੁਨੀਆ ਦੀ ਕੋਈ ਇਹੋ ਜਿਹੀ ਸੰਸਥਾ ਹੋਣੀ ਚਾਹੀਦੀ ਹੈ, ਜਿਹੜੀ ਗੱਲਬਾਤ ਰਾਹੀਂ ਰਾਜਨੀਤਕ ਮਸਲਿਆਂ ਦਾ ਹੱਲ ਕਰਵਾਏ ਅਤੇ ਜੰਗ ਨੂੰ ਰੋਕਿਆ ਜਾਵੇ। ਜਿਸ ਦੇ ਸਿੱਟੇ ਵਜੋਂ ਯੂ.ਐਨ.ਓ. ਦੀ ਸਥਾਪਨਾ ਹੋਈ ਸੀ ਅਤੇ ਉਸ ਦੇ ਵੱਖ-ਵੱਖ ਅੰਗ ਬਣੇ ਸਨ। ਭਾਵੇਂ ਕਿ ਪਹਿਲੀ ਸੰਸਾਰ ਜੰਗ ਤੋਂ ਬਾਅਦ ਵੀ ਇਸ ਤਰ੍ਹਾਂ ਦਾ ਉੱਦਮ 'ਲੀਗ ਆਫ ਨੇਸ਼ਨਸ' ਦੀ ਸ਼ਕਲ ਵਿੱਚ ਹੋਇਆ ਸੀ ਪਰ ਲੀਗ ਆਫ਼ ਨੇਸ਼ਨਜ਼ ਦੂਸਰੀ ਸੰਸਾਰ ਜੰਗ ਨਾ ਰੋਕ ਸਕੀ। ਦੂਸਰੀ ਸੰਸਾਰ ਜੰਗ ਦਾ ਅੰਤ ਜਪਾਨ ਵਿੱਚ ਐਟਮ ਬੰਬਾਂ ਨਾਲ ਹੋਈ ਤਬਾਹੀ ਤੋਂ ਬਾਅਦ ਹੋਇਆ ਜਿਸ ਨੇ ਸਾਰੀ ਹੀ ਦੁਨੀਆ ਵਿੱਚ ਜੰਗ ਨਾਲ ਅਤੇ ਖ਼ਾਸ ਕਰਕੇ ਐਟਮ ਬੰਬ ਨਾਲ ਨਫ਼ਰਤ ਹੋ ਗਈ ਸੀ। ਭਾਵੇਂ ਕਿ ਯੂ.ਐਨ.ਓ. ਦੀਆਂ ਵੱਖ-ਵੱਖ ਸੰਸਥਾਵਾਂ ਵੱਲੋਂ ਅੰਤਰਰਾਸ਼ਟਰੀ ਮਿਲਵਰਤਨ ਵਧਾਉਣ ਦੇ ਪ੍ਰੋਗਰਾਮ ਉਲੀਕੇ ਗਏ ਸਨ ਪਰ ਇਸ ਦੇ ਨਾਲ ਨਾਲ ਵੱਖ-ਵੱਖ ਦੇਸ਼ਾਂ ਵਿੱਚ ਆਪਸੀ ਵਪਾਰ ਵਧਾਉਣ ਲਈ ਉਹ ਸਮਝੌਤੇ ਹੋਏ ਸਨ ਜਿਹੜੇ ਉਹਨਾਂ ਦੇਸ਼ਾਂ ਦੇ ਹਿੱਤ ਵਿੱਚ ਸਨ ਯੂਰਪੀਅਨ ਯੂਨੀਅਨ ਦਾ ਵਿਚਾਰ ਭਾਵੇਂ 1958 ਵਿੱਚ ਹੀ ਸ਼ੁਰੂ ਹੋਇਆ ਸੀ ਪਰ ਯੂਰਪ ਦੇ ਕਈ ਦੇਸ਼ਾਂ ਨੇ ਆਪਸੀ ਵਪਾਰ ਵਧਾਉਣ ਦੇ ਸਮਝੌਤੇ ਕਰ ਲਏ ਸਨ। ਇਹ ਇੱਕ ਦਿਲਚਸਪ ਤੱਥ ਹੈ ਕਿ ਦੋਵੇਂ ਸੰਸਾਰ ਜੰਗਾਂ ਭਾਵੇਂ ਜਰਮਨੀ ਵੱਲੋਂ ਸ਼ੁਰੂ ਕੀਤੀਆਂ ਗਈਆਂ ਸਨ ਪਰ ਜਰਮਨੀ ਨੇ ਬੜੀ ਤੇਜ਼ੀ ਨਾਲ ਵਿਕਾਸ ਕੀਤਾ ਸੀ ਅਤੇ ਯੂਰਪ ਦਾ ਇਹ ਖੁਸ਼ਹਾਲ ਦੇਸ਼ ਬਣ ਗਿਆ ਸੀ ਅਤੇ ਇਸ ਨੇ ਆਪਣੇ ਆਰਥਿਕ ਵਿਕਾਸ ਲਈ ਕਈ ਦੇਸ਼ਾਂ ਨਾਲ ਸਮਝੌਤੇ ਕੀਤੇ ਸਨ। ਪਰ ਯੂਰਪੀਅਨ ਯੂਨੀਅਨ 1993 ਵਿੱਚ ਸਥਾਪਿਤ ਹੋਈ ਸੀ ਤੇ ਇਸ ਯੂਨੀਅਨ ਨੇ ਕਈ ਉਹ ਇਤਿਹਾਸਕ ਫ਼ੈਸਲੇ ਕੀਤੇ ਜਿਹੜੇ ਸੰਭਵ ਨਹੀਂ ਸਨ ਲਗਦੇ ਪਰ ਸਮੇਂ ਨਾਲ ਜਦੋਂ ਉਹ ਅਨੁਕੂਲ ਸਾਬਿਤ ਹੋਏ ਤਾਂ ਇਸ ਨੇ ਦੁਨੀਆ ਭਰ ਦੇ ਦੇਸ਼ਾਂ ਨੂੰ ਪ੍ਰਭਾਵਿਤ ਕੀਤਾ ਅਤੇ ਇਸ ਤਰ੍ਹਾਂ ਦੇ ਹੋਰ ਸਮਝੌਤੇ ਕੀਤੇ ਗਏ, ਜਿਨ੍ਹਾਂ ਦੇ ਆਧਾਰ 'ਤੇ ਏਸ਼ੀਆ ਅਤੇ ਦੱਖਣੀ ਏਸ਼ੀਆ ਵਿੱਚ ਸਾਰਕ ਆਦਿ ਸੰਸਥਾਵਾਂ ਬਣਾਈਆਂ ਗਈਆਂ ਜਿਨ੍ਹਾਂ ਵਿੱਚ ਸੰਬੰਧਿਤ ਦੇਸ਼ਾਂ ਦੇ ਆਪਸੀ ਮਿਲਵਰਤਨ ਨਾਲ ਅੰਤਰਰਾਸ਼ਟਰੀ ਵਪਾਰ ਵਿੱਚ ਵਾਧਾ ਕਰਨਾ ਇੱਕ ਅਹਿਮ ਉਦੇਸ਼ ਰੱਖਿਆ ਗਿਆ ਸੀ। ਪਰ ਜਿੰਨੀ ਸਫ਼ਲਤਾ ਯੂਰਪੀਅਨ ਯੂਨੀਅਨ ਨੂੰ ਮਿਲੀ ਉਹ ਹੋਰ ਸੰਸਥਾਵਾਂ ਨੂੰ ਨਾ ਮਿਲੀ, ਸਾਰਕ ਨੂੰ 1985 ਵਿੱਚ ਸ਼ੁਰੂ ਕੀਤਾ ਗਿਆ ਸੀ ਜਿਸ ਵਿੱਚ ਸੱਤ ਦੇਸ਼ ਸ਼ਾਮਿਲ



ਸਨ ਅਤੇ ਬਾਅਦ ਵਿੱਚ ਅਫ਼ਗਾਨਿਸਤਾਨ 8ਵੇਂ ਦੇਸ਼ ਵਜੋਂ ਸ਼ਾਮਿਲ ਹੋਇਆ ਪਰ ਸਾਰਕ ਦੇਸ਼ਾਂ ਵਿੱਚ ਮਮੂਲੀ ਜਿਹਾ ਵਪਾਰ ਹੀ ਹੋ ਰਿਹਾ ਹੈ।

1993 ਵਿੱਚ ਯੂਰਪੀਅਨ ਯੂਨੀਅਨ ਦਾ ਮੁੱਖ ਦਫ਼ਤਰ ਬਰਸਲਜ਼, ਜੋ ਬੈਲਜੀਅਮ ਦੀ ਰਾਜਧਾਨੀ ਹੈ, ਵਿੱਚ ਖੋਲ੍ਹਿਆ ਗਿਆ ਅਤੇ ਯੂਰਪੀਅਨ ਯੂਨੀਅਨ ਵਿੱਚ ਇੱਕ ਕਰੰਸੀ ਜਾਰੀ ਕਰਨ ਦਾ ਫੈਸਲਾ ਕੀਤਾ ਅਤੇ ਉਸ ਦਾ ਨਾਂਅ ਯੂਰੋ ਰੱਖਿਆ ਗਿਆ ਜਿਸ ਨੂੰ ਯੂਰਪੀਅਨ ਯੂਨੀਅਨ ਦੇ ਹਰ ਦੇਸ਼ ਵਿੱਚ ਪ੍ਰਵਾਨ ਕੀਤਾ ਗਿਆ ਤੇ ਅੰਤਰਰਾਸ਼ਟਰੀ ਲੈਣ ਦੇਣ ਇਸ ਕਰੰਸੀ ਵਿੱਚ ਹੋਣਾ ਸ਼ੁਰੂ ਹੋਇਆ। ਯੂਰੋ ਛੇਤੀ ਹੀ ਦੁਨੀਆ ਦੀ ਬੜੀ ਪ੍ਰਚੱਲਿਤ ਕਰੰਸੀ ਬਣ ਗਈ ਅਤੇ ਇਹ ਪੌਂਡ ਡਾਲਰ ਵਾਂਗ ਹੀ ਕੀਮਤੀ ਕਰੰਸੀਆਂ ਵਿੱਚ ਗਿਣੀ ਜਾਣ ਲੱਗੀ। ਭਾਰਤ ਦਾ ਯੂਰਪੀਅਨ ਦੇਸ਼ਾਂ ਨਾਲ ਵੱਡਾ ਵਪਾਰ ਚੱਲ ਰਿਹਾ ਸੀ ਅਤੇ 2000 ਤੋਂ ਪਹਿਲਾਂ ਭਾਰਤ ਵਿੱਚ ਜਰਮਨ ਦਾ ਮਾਰਕ ਸਿਰਫ ਚਾਰ ਰੁਪਏ ਦਾ ਸੀ ਪਰ ਕਿਉਂ ਜੋ ਯੂਰਪੀਅਨ ਦੇਸ਼ ਭਾਰਤ ਨੂੰ ਬਹੁਤ ਸਾਰੀ ਨਿਰਯਾਤ ਕਰਦੇ ਸਨ, ਜਦੋਂ ਕਿ ਭਾਰਤ ਤੋਂ ਉਹਨਾਂ ਦੇਸ਼ਾਂ ਵੱਲ ਨਿਰਯਾਤ ਘੱਟ ਸੀ, ਇਸ ਲਈ ਯੂਰੋ ਜਿਹੜਾ 1993 ਵਿੱਚ ਸਿਰਫ ਚਾਰ ਰੁਪਏ ਦਾ ਸੀ ਹੁਣ 106 ਰੁਪਏ ਦਾ ਹੋ ਗਿਆ ਜੋ ਡਾਲਰ ਤੋਂ ਵੀ ਮਹਿੰਗਾ ਹੈ ਅਤੇ ਜਿਸ ਰਫ਼ਤਾਰ ਨਾਲ ਇਸ ਦੀ ਭਾਰਤ ਵਿੱਚ ਕੀਮਤ ਵਧ ਗਈ ਉਸ ਤੋਂ ਲਗਦਾ ਹੈ ਕਿ ਇਹ ਛੇਤੀ ਹੀ ਇੰਗਲੈਂਡ ਦੇ ਪੌਂਡ ਤੋਂ ਵੀ ਮਹਿੰਗਾ ਹੋ ਜਾਵੇਗਾ। ਕਿਉਂ ਜੋ ਮੈਨੂੰ ਯਾਦ ਹੈ 2018 ਵਿੱਚ ਮੈਂ ਯੂਨਾਨ ਦੇ ਇਕ ਫਾਰਮ 'ਤੇ ਗਿਆ ਸਾਂ ਜਿੱਥੇ ਇੱਕ ਪੰਜਾਬੀ ਲੜਕਾ ਕੰਮ ਕਰ ਰਿਹਾ ਸੀ ਤਾਂ ਮੈਂ ਉਸ ਨੂੰ ਪੁੱਛਿਆ ਕਿ ਤੁਹਾਨੂੰ ਕਿੰਨੀ ਤਨਖਾਹ ਮਿਲਦੀ ਹੈ ਤਾਂ ਉਸਨੇ ਦੱਸਿਆ ਕਿ 1000 ਯੂਰੋ ਤਾਂ ਮੇਰੇ ਮੂੰਹੋਂ ਨਿਕਲਿਆ ਕਿ ਸਿਰਫ 1000 ਯੂਰੋ ਵਾਸਤੇ ਇੰਨੀ ਦੂਰ ਆ ਕੇ ਕੰਮ ਕਰ ਰਹੇ ਹੋ ਤਾਂ ਉਸ ਦਾ ਜਵਾਬ ਸੀ ਕਿ, ਕੀ ਗੱਲ ਕਰਦੇ ਹੋ ਮੈਂ ਭਾਰਤੀ ਕਰੰਸੀ ਦੇ ਹਿਸਾਬ ਨਾਲ 85000 ਰੁਪਏ ਮਹੀਨਾ ਕਮਾ ਰਿਹਾ ਹਾਂ। ਕੀ ਭਾਰਤ ਵਿੱਚ ਖੇਤੀ ਕਿਰਤੀ ਨੂੰ ਇੰਨੀ ਤਨਖਾਹ ਮਿਲਦੀ ਹੈ ਉਸ ਹਿਸਾਬ ਨਾਲ ਹੁਣ ਉਹ ਇੱਕ ਲੱਖ ਛੇ ਹਜ਼ਾਰ ਰੁਪਏ ਕਮਾ ਰਿਹਾ ਹੋਵੇਗਾ, 2018 ਤੋਂ 2025 ਤੱਕ ਦੇ 7 ਸਾਲਾਂ ਵਿੱਚ ਯੂਰੋ ਦੀ ਕੀਮਤ 21 ਰੁਪਏ ਵਧ ਗਈ ਭਾਰਤ-ਯੂਰਪੀਅਨ ਸਮਝੌਤੇ ਨਾਲ ਜੇ ਭਾਰਤ ਪਹਿਲਾਂ ਤੋਂ ਜ਼ਿਆਦਾ ਨਿਰਯਾਤ ਕਰਨ ਵਿੱਚ ਸਫਲ ਹੋ ਗਿਆ ਤਾਂ ਇਹ ਕੀਮਤ ਹੇਠਾਂ ਆ ਸਕਦੀ ਹੈ ਪਰ ਜੇ ਇਸੇ ਸਮਝੌਤੇ ਨਾਲ ਯੂਰਪੀਅਨ ਦੇਸ਼ਾਂ ਦੀ ਨਿਰਯਾਤ ਭਾਰਤ ਦੀ ਨਿਰਯਾਤ ਤੋਂ ਵਧ ਗਈ ਤਾਂ ਯੂਰੋ ਦੀ ਕੀਮਤ ਹੋਰ ਵਧ ਜਾਵੇਗੀ।

ਇਸ ਦਾ ਦਿਲਚਸਪ ਤੱਥ ਇਹ ਵੀ ਹੈ ਕਿ ਭਾਵੇਂ ਇੰਗਲੈਂਡ ਜੋ ਦੁਨੀਆ ਦੀ ਪੰਜਵੀਂ ਵੱਡੀ ਆਰਥਿਕਤਾ ਹੈ, ਉਹ ਵੀ ਯੂਰਪੀਅਨ ਯੂਨੀਅਨ ਦਾ ਮੈਂਬਰ ਸੀ ਪਰ ਉਸ ਨੇ ਆਪਣੀ ਕਰੰਸੀ ਯੂਰੋ ਨਹੀਂ ਸੀ ਅਪਣਾਈ, ਸਗੋਂ ਆਪਣੀ ਕਰੰਸੀ ਪੌਂਡ ਹੀ ਜਾਰੀ ਰੱਖੀ ਸੀ। ਪਰ 2022 ਵਿੱਚ ਉਸਨੇ ਯੂਰਪੀਅਨ ਯੂਨੀਅਨ ਦੀ ਮੈਂਬਰੀ ਵੀ ਛੱਡ ਦਿੱਤੀ ਸੀ।

ਯੂਰਪੀਅਨ ਕੌਂਸਲ ਦਾ ਹੋਰ ਨਵਾਂ ਫੈਸਲਾ ਇਹ ਹੈ ਕਿ ਯੂਰਪੀਅਨ ਯੂਨੀਅਨ ਤੋਂ ਬਾਹਰੋਂ ਜਿਹੜਾ ਵੀ ਯਾਤਰੀ ਇਨ੍ਹਾਂ 27 ਯੂਰਪੀ ਦੇਸ਼ਾਂ ਵਿਚੋਂ ਕਿਸੇ ਇੱਕ ਦਾ ਵੀਜ਼ਾ ਲੈ ਲੈਂਦਾ ਹੈ ਤਾਂ ਉਸ ਨੂੰ ਇਨ੍ਹਾਂ 27 ਦੇਸ਼ਾਂ ਲਈ ਵੱਖਰੇ ਵੀਜ਼ੇ ਦੀ ਲੋੜ ਨਹੀਂ, ਸਗੋਂ ਇਕ ਹੀ ਵੀਜ਼ੇ ਨਾਲ 27 ਦੇਸ਼ਾਂ ਵਿੱਚ, ਕਿਸੇ ਵੀ ਦੇਸ਼ ਵਿੱਚ ਜਾ ਸਕਦਾ ਹੈ। ਪਰ ਇੱਥੇ ਵੀ ਇਹ ਵਰਣਨ ਯੋਗ ਹੈ ਕਿ ਜਦੋਂ ਇੰਗਲੈਂਡ ਵੀ ਯੂਰਪੀਅਨ ਯੂਨੀਅਨ ਦਾ ਮੈਂਬਰ ਸੀ, ਉਸ ਸਮੇਂ ਵੀ ਉਸ ਨੇ ਵਿਦੇਸ਼ੀ ਯਾਤਰੀਆਂ ਨੂੰ ਇਹ ਸਹੂਲਤ ਨਹੀਂ ਸੀ ਦਿੱਤੀ। ਇੰਗਲੈਂਡ ਲਈ ਉਨ੍ਹਾਂ ਨੂੰ ਵੱਖਰੇ ਵੀਜ਼ੇ ਦੀ ਲੋੜ ਪੈਂਦੀ ਸੀ।

ਇਸ ਯੂਨੀਅਨ ਦਾ ਇੱਕ ਹੋਰ ਅਗਾਂਹਵਧੂ ਕਦਮ ਇਹ ਹੈ ਕਿ ਇਨ੍ਹਾਂ 27 ਦੇਸ਼ਾਂ ਵਿੱਚ ਇੱਕ ਹੀ ਟੈਕਸ ਹੈ ਜੇ ਕਿਸੇ ਖਰੀਦਣ ਵਾਲੇ ਨੇ ਬੈਲਜੀਅਮ ਵਿੱਚ ਵਸਤੂ ਖਰੀਦ ਕੇ ਉਸ 'ਤੇ ਟੈਕਸ ਦੇ ਦਿੱਤਾ ਹੈ ਤਾਂ ਉਸ ਨੂੰ ਜਰਮਨੀ ਵਿੱਚ ਜਾ ਕੇ ਕੋਈ ਵੱਖਰਾ ਟੈਕਸ ਨਹੀਂ ਦੇਣਾ ਪੈਂਦਾ।

**(ਬਾਕੀ ਸਫ਼ਾ 27 'ਤੇ)**

# ਕਿਸਾਨਾਂ ਦੀ ਆਮਦਨ ਦੀ ਥਾਂ ਖ਼ੁਦਕੁਸ਼ੀਆਂ ਦੀ ਦਰ ਦੁੱਗਣੀ ਹੋਈ

**ਗੁਰਪ੍ਰੀਤ**



'ਮਦਰ ਇੰਡੀਆ' ਫਿਲਮ ਤਾਂ ਮੈਨੂੰ ਲੱਗਦਾ ਹੈ, ਬਹੁਤਿਆਂ ਨੇ ਦੇਖੀ ਹੋਣੀ ਹੈ। ਇਹ ਫਿਲਮ 1957 ਵਿੱਚ ਆਈ ਸੀ ਅਤੇ ਇਸ ਵਿੱਚ ਜੋ ਕੁਝ ਦਿਖਾਇਆ ਗਿਆ ਸੀ, ਉਹ ਉਸ ਸਮੇਂ ਦੀ ਸਰਕਾਰ ਦੁਆਰਾ ਕੀਤੇ ਜਾ ਰਹੇ ਜ਼ੁਲਮਾਂ ਦਾ ਝਲਕਾਰਾ ਸੀ। ਫਿਲਮ ਕਰੀਬ ਢਾਈ ਘੰਟਿਆਂ ਦੀ ਸੀ। ਇਹ ਫਿਲਮ ਬਣੀ ਨੂੰ ਅੱਜ ਕਰੀਬ 70 ਵਰ੍ਹੇ ਹੋ ਚੁੱਕੇ ਹਨ, ਫਿਰ ਵੀ ਜੋ ਕੁਝ ਇਸ ਅੰਦਰ ਦਿਖਾਇਆ ਗਿਆ ਸੀ, ਉਸ ਤੋਂ ਵੀ ਮਾੜੀ ਹਾਲਤ ਇਸ ਵੇਲੇ ਮੁਲਕ ਦੇ ਕਿਸਾਨਾਂ ਦੀ ਹੋ ਚੁੱਕੀ ਹੈ।

ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਅਤੇ ਦਾਅਵਾ ਕਰਨ ਵਾਲੀ ਸਰਕਾਰ ਆਪਣੇ ਵਾਅਦੇ ਤੋਂ ਭਟਕ ਰਹੀ ਹੈ। 2022 ਤੱਕ ਇਸ ਸਰਕਾਰ ਨੇ ਮੁਲਕ ਭਰ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਭਾਜਪਾ ਸਰਕਾਰ ਨੇ 2014 ਅਤੇ 2019 ਵਾਲੀਆਂ ਚੋਣਾਂ ਵਿੱਚ ਵੀ ਕੀਤਾ, ਪਰ ਉਦੋਂ ਤੋਂ ਲੈ ਕੇ ਹੁਣ ਤੱਕ ਕਿਸਾਨਾਂ ਦੀ ਆਮਦਨ ਤਾਂ ਦੁੱਗਣੀ ਨਹੀਂ ਹੋਈ, ਮਾਮੂਲੀ ਜਿਹੇ ਕਰਜ਼ੇ ਕਾਰਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਦਰ ਜ਼ਰੂਰ ਦੁੱਗਣੀ ਹੋ ਗਈ ਹੈ।ਸਮੇਂ ਦੀਆਂ ਸਰਕਾਰਾਂ ਭਾਵੇਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਦਾਅਵੇ ਅਤੇ ਵਾਅਦੇ ਕਰਦੀਆਂ ਹਨ, ਪਰ ਇਹ ਦਾਅਵੇ ਅਤੇ ਵਾਅਦੇ ਕੁਝ ਕੁ ਕਿਸਾਨਾਂ 'ਤੇ ਲਾਗੂ ਹੀ ਹੁੰਦੇ ਨੇ। ਧਨਾਢ ਜਿੰਮੀਦਾਰ ਹੀ ਇਸ ਦਾ ਫ਼ਾਇਦਾ ਲੈ ਲੈਂਦੇ ਨੇ, ਜਦੋਂਕਿ ਛੋਟੇ ਕਿਸਾਨ ਸਰਕਾਰਾਂ ਦੀਆਂ ਇਨ੍ਹਾਂ ਸਕੀਮਾਂ ਤੋਂ ਵਾਂਝੇ ਰਹਿ ਜਾਂਦੇ ਨੇ। ਜਿਹੜੀ ਵੀ ਸਰਕਾਰ ਬਣੀ, ਉਸ ਨੇ ਖੇਤੀ ਨੂੰ ਇੱਕ ਤਰੀਕੇ ਦਾ ਆਪਣਾ ਬਿਜ਼ਨਸ ਬਣਾ ਲਿਆ, ਜਿਸ ਦਾ ਮਾਲਕ ਤਾਂ ਕਿਸਾਨ ਹੈ, ਪਰ ਇਸ ਦਾ ਸਭ ਤੋਂ ਵੱਡਾ ਫ਼ਾਇਦਾ ਕਾਰਪੋਰੇਟ ਘਰਾਣਿਆਂ ਨੂੰ ਹੀ ਪਹੁੰਚਾਇਆ ਜਾਂਦਾ ਹੈ।

ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਜਿਹੜੀ ਲੜਾਈ ਲੜੀ ਸੀ, ਉਸ ਲੜਾਈ ਨੇ ਬੇਸ਼ੱਕ ਹਕੂਮਤ ਨੂੰ ਝੁਕਾ ਦਿੱਤਾ ਸੀ, ਪਰ ਉਸ ਲੜਾਈ ਨੇ ਕੇਂਦਰ ਨਾਲ ਨਵਾਂ ਪੇਚ ਕਿਸਾਨਾਂ ਦਾ ਫਸਾ ਦਿੱਤਾ। ਸਮੇਂ-ਸਮੇਂ 'ਤੇ ਸਰਕਾਰਾਂ ਕਿਸਾਨਾਂ 'ਤੇ ਵੱਖੋ-ਵੱਖਰੇ ਤਰੀਕਿਆਂ ਨਾਲ ਜ਼ੁਲਮ ਕਰਦੀਆਂ ਹਨ। ਕਿਤੇ ਤਾਂ ਨਵੇਂ ਖੇਤੀ ਖਰੜੇ ਰਾਹੀਂ ਕਿਸਾਨਾਂ ਨੂੰ ਲਤਾੜਿਆ ਜਾ ਰਿਹਾ ਹੈ ਤੇ ਕਿਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਲੈਂਡ ਪੂਲਿੰਗ ਨੀਤੀ ਵਰਗੀਆਂ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ।

ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ, ਕਿਸੇ ਨੇ ਵੀ ਕਿਸਾਨ ਪੱਖੀ ਫ਼ੈਸਲੇ ਨਹੀਂ ਕੀਤੇ। ਜਿੰਨੇ ਵੀ ਫ਼ੈਸਲੇ ਕੀਤੇ, ਉਹ ਸਿਰਫ਼ ਤੇ ਸਿਰਫ਼ ਕਾਰਪੋਰੇਟ ਘਰਾਣਿਆਂ ਪੱਖ ਵਿੱਚ ਹੀ ਕੀਤੇ। ਤਿੰਨ ਖੇਤੀ ਕਾਨੂੰਨ, ਜਿਨ੍ਹਾਂ ਨੂੰ ਕਿਸਾਨਾਂ ਨੇ ਵੱਡੇ ਘੋਲ ਤੋਂ ਬਾਅਦ ਵਾਪਸ ਕਰਵਾਇਆ, ਉਹ ਵੀ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹੀ ਸਨ। ਇਸ ਤੋਂ ਬਾਅਦ ਜਿਹੜਾ ਖੇਤੀ ਨੀਤੀ ਖਰੜਾ ਤਿਆਰ ਕੀਤਾ ਗਿਆ, ਉਹ ਵੀ ਕਿਸਾਨ ਵਿਰੋਧੀ ਹੈ। ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ 'ਤੇ ਪਹਿਰਾ ਦਿੰਦਿਆਂ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਕਿਸਾਨਾਂ ਨੂੰ ਲਗਾਤਾਰ ਲਤਾੜ ਰਹੀਆਂ ਹਨ। ਉਹ ਸਾਜਿਸ਼ਾਂ ਘੜ ਰਹੀਆਂ ਹਨ ਕਿ ਕਿਸਾਨਾਂ ਨੂੰ ਖੇਤੀ ਵਿੱਚੋਂ ਕਿਵੇਂ ਬਾਹਰ ਕੱਢਿਆ ਜਾਵੇ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਪਰ ਹੁਣ ਇਸ ਵਿੱਚ ਵੀ ਇਸ ਵੇਲੇ ਫੈਕਟਰੀਆਂ ਤੇ ਹੋਰ ਕਾਰਖ਼ਾਨੇ ਲਾਉਣ ਦੀ ਥਾਂ ਨਵੇਂ-ਨਵੇਂ ਸ਼ਹਿਰ ਵਸਾਉਣ ਦੀਆਂ ਗੱਲਾਂ ਹੋ ਰਹੀਆਂ ਹਨ। ਅਜਿਹੀਆਂ ਨੀਤੀਆਂ ਪੰਜਾਬ ਨੂੰ ਹੋਰ ਖੋਖਲਾ ਕਰਨਗੀਆਂ। ਇਸ ਵੇਲੇ ਦੁਨੀਆ ਭਰ ਵਿੱਚ ਤਬਾਹੀ ਮੱਚੀ ਪਈ ਹੈ ਕਿਉਂਕਿ ਜਲਵਾਯੂ ਤਬਦੀਲੀ ਕਾਰਨ ਸਮੇਂ ਤੋਂ ਪਹਿਲਾਂ ਮੀਂਹ ਪੈ ਰਹੇ ਹਨ, ਹੜ੍ਹ ਆ ਰਹੇ ਹਨ ਅਤੇ ਕਈ ਥਾਵਾਂ 'ਤੇ ਸੋਕਾ ਪੈ ਰਿਹਾ ਹੈ, ਲੋਕ ਪਾਣੀ ਨੂੰ ਤਰਸ ਰਹੇ ਹਨ।ਜਿੰਨੀ ਦੇਰ ਤੱਕ ਸਰਕਾਰਾਂ ਚੰਗੀਆਂ ਨੀਤੀਆਂ ਨਹੀਂ ਘੜਦੀਆਂ, ਉਦੋਂ ਤੱਕ ਮੁਲਕ ਦੇ ਕਿਸਾਨ ਮਜ਼ਦੂਰ ਮਰਦੇ ਰਹਿਣਗੇ। ਇਸ ਵੇਲੇ ਦੇਸ਼ ਦੀ ਸਰਕਾਰ ਭਾਵੇਂ ਕਿਸਾਨਾਂ ਦੇ ਹੱਕ ਵਿੱਚ ਵੱਡੇ-ਵੱਡੇ ਬਿਆਨ ਦੇ ਰਹੀ ਹੈ ਅਤੇ ਕਈ ਤਰ੍ਹਾਂ ਦੇ ਵਾਅਦੇ ਕਿਸਾਨਾਂ ਨਾਲ ਕੀਤੇ ਜਾ ਰਹੇ ਹਨ, ਪਰ ਹਕੀਕਤ ਵਿੱਚ ਕਿਸਾਨਾਂ ਦੀ ਲਾਗਤ ਦਾ ਮੁੱਲ ਵੀ ਸਰਕਾਰਾਂ ਨਹੀਂ ਦੇ ਰਹੀਆਂ।ਇਸ ਵਕਤ ਦੇਸ਼ ਦੇ ਕਿਸਾਨਾਂ ਦੀ ਹਾਲਤ ਬੇਹੱਦ ਮਾੜੀ ਹੈ। ਚਾਹੀਦਾ ਤਾਂ ਇਹ ਹੈ ਕਿ ਸਰਕਾਰ ਕਿਸਾਨਾਂ ਦੀ ਮਾੜੀ ਹਾਲਤ ਦੇ ਮੱਦੇਨਜ਼ਰ ਕੋਈ ਕਿਸਾਨ ਹਿਤੂ ਕਾਨੂੰਨ ਬਣਾਵੇ ਪਰ ਸਰਕਾਰ ਦਾ ਤਵਾਜ਼ਨ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਝੁਕ ਰਿਹਾ ਹੈ। ਹਕੀਕਤ ਇਹ ਹੈ ਕਿ ਜੇ ਅੰਨਦਾਤਾ ਬਚੇਗਾ ਤਾਂ ਹੀ ਮੁਲਕ ਬਚੇਗਾ। ਜਿਹੜੇ ਕੁਝ ਲੋਕ ਇਸ ਵੇਲੇ ਕਿਸਾਨਾਂ ਦਾ ਵਿਰੋਧ ਕਰ ਰਹੇ ਹਨ, ਜੇ ਉਹ ਚਾਹੁੰਦੇ ਹਨ ਕਿ ਉਹ ਵੀ ਬਚੇ ਰਹਿਣ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨਾਲ ਖੜ੍ਹਨ। ਸਰਕਾਰਾਂ ਨਾਲ ਖੜ੍ਹ ਕੇ ਉਨ੍ਹਾਂ ਨੂੰ ਸਿਰਫ਼ ਤੇ ਸਿਰਫ਼ ਇੱਕ ਧਿਰ ਦਾ ਸਾਥ ਤਾਂ ਮਿਲੇਗਾ, ਪਰ ਰੋਟੀ ਨਹੀਂ।

# ਕਿੰਨਾ ਕੁ ਸਾਰਥਿਕ ਹੈ ਨਵਾਂ ਬੀਜ ਬਿੱਲ?

**ਡਾ. ਜਸਵਿੰਦਰ ਸਿੰਘ ਬਰਾੜ**



ਨਵੇਂ ਬੀਜ ਬਿੱਲ 2025 ਤਹਿਤ ਉਲੰਘਣਾਕਾਰੀਆਂ ਨੂੰ 30 ਲੱਖ ਰੁਪਏ ਤੱਕ ਦੇ ਭਾਰੀ ਜੁਰਮਾਨੇ ਅਤੇ 5 ਸਾਲਾਂ ਤੱਕ ਦੀ ਕੈਦ ਦੀ ਵਿਵਸਥਾ ਕਰਨ ਨਾਲ ਇਹ ਕਾਨੂੰਨ ਨਕਲੀ ਬੀਜਾਂ ਦੀ ਵਿਕਰੀ ਨੂੰ ਠੱਲ੍ਹ ਪਾਉਣ ਵਿੱਚ ਕਾਰਗਰ ਸਾਬਿਤ ਹੋਵੇਗਾ ਕਿਉਂਕਿ ਬੀਜ ਐਕਟ 1966, ਬੀਜ ਰੂਲਜ਼ 1968 ਅਤੇ ਬੀਜ (ਕੰਟਰੋਲ) ਆਰਡਰ 1983 ਵਿੱਚ ਸਖ਼ਤ ਸਜ਼ਾਵਾਂ ਜਾਂ ਮੋਟੇ ਜੁਰਮਾਨੇ ਦੀ ਕੋਈ ਵਿਵਸਥਾ ਨਹੀਂ ਹੈ।

ਪਹਿਲਾਂ ਚੱਲ ਰਹੇ ਬੀਜ ਕਾਨੂੰਨਾਂ ਮੁਤਾਬਕ ਕਿਸਾਨਾਂ ਨਾਲ ਕੋਈ ਨਕਲੀ ਬੀਜਾਂ ਦੀ ਵਿਕਰੀ ਕਾਰਨ ਜਾਂ ਹੋਰ ਵੱਡੇ ਅਪਰਾਧ ਕਾਰਨ ਨੁਕਸਾਨ ਹੁੰਦਾ ਹੈ ਜਾਂ ਮੌਜੂਦਾ ਬੀਜ ਕਾਨੂੰਨ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਉਸ ਵਿਕਰੇਤਾ ਕੰਪਨੀ ਜਾਂ ਵਿਅਕਤੀ ਨੂੰ ਕੇਵਲ 500 ਰੁਪਏ ਦਾ ਜੁਰਮਾਨਾ ਜਾਂ ਵੱਧ ਤੋਂ ਵੱਧ ਛੇ ਮਹੀਨੇ ਦੀ ਕੈਦ ਦੀ ਵਿਵਸਥਾ ਹੈ। ਕਿਸਾਨ ਹਿੱਤ ਵਿੱਚ ਮੌਜੂਦਾ ਬੀਜ ਐਕਟ 1966 ਵਿਚ ਸੋਧ ਦੀ ਤੁਰੰਤ ਤੇ ਸਖ਼ਤ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਸੀ। ਬੀਜ ਐਕਟ 1966 ਤਹਿਤ ਨਾਮਾਤਰ ਸਜ਼ਾ ਹੋਣ ਕਰਕੇ ਅਪਰਾਧੀਆਂ ਨੂੰ ਇਸ ਕਾਨੂੰਨ ਦਾ ਕੋਈ ਭੈਅ/ਡਰ ਨਹੀਂ ਰਹਿ ਗਿਆ ਸੀ। ਇਸ ਕਰਕੇ ਦੇਸ਼ ਵਿੱਚ ਨਕਲੀ ਬੀਜਾਂ ਦੀ ਵਿਕਰੀ ਰੁਕਣ ਦਾ ਨਾਂਅ ਨਹੀਂ ਲੈ ਰਹੀ ਸੀ।

ਇਸ ਨਵੇਂ ਬੀਜ ਬਿੱਲ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਨਕਲੀ, ਅਣ-ਅਧਿਕਾਰਤ ਜਾਂ ਗ਼ੈਰ-ਰਜਿਸਟਰਡ ਬੀਜ ਵੇਚਣ ਵਾਲੇ ਨੂੰ 30 ਲੱਖ ਰੁਪਏ ਤੱਕ ਦਾ ਜੁਰਮਾਨਾ ਅਤੇ ਪੰਜ ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਇਨ੍ਹਾਂ ਸਖ਼ਤ ਸਜ਼ਾਵਾਂ ਤੇ ਮੋਟੇ ਜੁਰਮਾਨੇ ਤੋਂ ਡਰਦੇ ਬੀਜ ਵਿਕਰੇਤਾ ਕਿਸਾਨਾਂ ਨਾਲ ਠੱਗੀ-ਠੋਰੀ ਮਾਰਨ ਤੋਂ ਗੁਰੇਜ਼ ਕਰਨਗੇ। ਇਸ ਤੋਂ ਇਲਾਵਾ ਨਵਾਂ ਬੀਜ ਕਾਨੂੰਨ 2025 ਕਿਸਾਨ ਹਿੱਤ ਵਿੱਚ ਇਹ ਖੁੱਲ੍ਹ ਦਿੰਦਾ ਹੈ ਕਿ ਕਿਸਾਨ ਆਪਣੇ ਖੇਤ ਵਿੱਚ ਬੀਜਾਂ ਨੂੰ 'ਉਗਾਉਣ, ਬੀਜਣ, ਦੁਬਾਰਾ ਬੀਜਣ, ਬਚਾਉਣ, ਵਰਤੋਂ, ਵਟਾਂਦਰਾ, ਸਾਂਝਾ ਕਰਨ ਜਾਂ ਵੇਚਣ' ਦਾ ਅਧਿਕਾਰ ਰੱਖਦਾ ਹੈ। ਕਿਸਾਨ ਆਪਣਾ ਬੀਜ ਖ਼ੁਦ ਤਿਆਰ ਕਰ ਸਕਦਾ ਹੈ ਤੇ ਇੱਕ-ਦੂਜੇ ਨਾਲ ਵਟਾਂਦਰਾ ਵੀ ਕਰ ਸਕਦਾ ਹੈ।

ਕਿਸਾਨ ਨੂੰ ਆਪਣਾ ਕੋਈ ਵੀ ਬੀਜ ਤਿਆਰ ਕਰਨ/ਵਰਤਣ ਜਾਂ ਦੂਜੇ ਕਿਸਾਨਾਂ ਨਾਲ ਸਾਂਝਾ ਕਰਨ ਜਾਂ ਵੇਚਣ ਦੀ ਨਵੇਂ ਬੀਜ ਕਾਨੂੰਨ 2025 ਵਿੱਚ ਕੋਈ ਬੰਦਿਸ਼ ਨਹੀਂ ਹੈ। ਬੀਜ ਬਿੱਲ 2025 ਦੀ ਧਾਰਾ 17 ਮੁਤਾਬਕ ਕੋਈ ਵੀ ਉਤਪਾਦਕ, ਬੀਜ ਦੇ ਉਤਪਾਦਨ ਨੂੰ ਉਗਾਏਗਾ ਜਾਂ ਸੰਗਠਿਤ ਨਹੀਂ ਕਰੇਗਾ ਜਦੋਂ ਤੱਕ ਕਿ ਉਹ ਬੀਜ ਬਿੱਲ ਐਕਟ 2025 ਅਧੀਨ ਸਬੰਧਿਤ ਸੂਬਾ ਸਰਕਾਰ ਦੁਆਰਾ ਰਜਿਸਟਰਡ ਨਹੀਂ ਕੀਤਾ ਜਾਂਦਾ। ਕੋਈ ਵੀ ਵਿਅਕਤੀ ਬੀਜ ਪ੍ਰੋਸੈਸਿੰਗ ਯੂਨਿਟ ਨਹੀਂ ਚਲਾਏਗਾ ਜਦੋਂ ਤੱਕ ਅਜਿਹੀ ਯੂਨਿਟ ਇਸ ਐਕਟ ਅਧੀਨ ਸੂਬਾ ਸਰਕਾਰ ਦੁਆਰਾ ਰਜਿਸਟਰਡ ਨਹੀਂ ਕੀਤੀ ਜਾਂਦੀ। ਸੂਬਾ ਸਰਕਾਰ, ਇੱਕ ਉਤਪਾਦਕ ਜਾਂ ਬੀਜ ਪ੍ਰੋਸੈਸਿੰਗ ਯੂਨਿਟ ਨੂੰ ਰਜਿਸਟਰ ਕਰੇਗੀ, ਬਸ਼ਰਤੇ ਉਹ ਬੁਨਿਆਦੀ ਢਾਂਚੇ, ਉਪਕਰਨਾਂ ਅਤੇ ਯੋਗ ਮਨੁੱਖੀ ਸ਼ਕਤੀ ਦੇ ਮਾਮਲੇ ਵਿੱਚ ਨਿਰਧਾਰਤ ਵਿਸ਼ੇਸ਼ਤਾਵਾਂ ਨੂੰ ਪੂਰਾ ਕਰਦਾ ਹੋਵੇ।

ਇਸ ਤੋਂ ਇਲਾਵਾ ਸੂਬਾ ਸਰਕਾਰ, ਅਜਿਹੀ ਜਾਂਚ ਕਰਨ ਤੋਂ ਬਾਅਦ ਜੋ ਉਹ ਠੀਕ ਸਮਝਦੀ ਹੈ, ਬੀਜ ਉਤਪਾਦਕ ਜਾਂ ਬੀਜ ਪ੍ਰੋਸੈਸਿੰਗ ਯੂਨਿਟ ਚਲਾਉਣ ਲਈ ਸਰਟੀਫਿਕੇਟ ਅਜਿਹੀਆਂ ਸ਼ਰਤਾਂ ਤਹਿਤ ਅਤੇ ਅਜਿਹੇ ਰੂਪ ਵਿੱਚ ਦੇ ਸਕਦੀ ਹੈ ਜੋ ਨਿਰਧਾਰਤ ਕੀਤਾ ਜਾ ਸਕਦਾ ਹੈ। ਹਰੇਕ ਬੀਜ ਉਤਪਾਦਕ ਅਤੇ ਹਰੇਕ ਬੀਜ ਪ੍ਰੋਸੈਸਿੰਗ ਯੂਨਿਟ ਅਜਿਹੇ ਰਿਕਾਰਡ ਰੱਖੇਗਾ ਅਤੇ ਸੂਬਾ ਸਰਕਾਰ ਨੂੰ ਉਸ ਦੁਆਰਾ ਪੈਦਾ ਕੀਤੇ ਜਾਂ ਪ੍ਰੋਸੈਸ ਕੀਤੇ ਗਏ ਵੱਖ-ਵੱਖ ਕਿਸਮਾਂ ਦੇ ਬੀਜਾਂ ਦੀ ਮਾਤਰਾ ਬਾਰੇ ਸਮੇਂ-ਸਮੇਂ 'ਤੇ ਰਿਟਰਨ ਦੇਵੇਗਾ। ਅਣਗਹਿਲੀ ਜਾਂ ਉਲੰਘਣਾ ਕਰਨ ਵਾਲੇ ਦੀ ਸੂਬਾ ਸਰਕਾਰ ਰਜਿਸਟ੍ਰੇਸ਼ਨ ਨੂੰ ਮੁਅੱਤਲ ਜਾਂ ਰੱਦ ਕਰ ਸਕਦੀ ਹੈ।

ਇਸ ਨਵੇਂ ਬੀਜ ਕਾਨੂੰਨ ਤਹਿਤ ਗੁਨਾਹ ਕਰਨ ਵਾਲਿਆਂ ਦੀ ਪਛਾਣ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ-ਮਾਮੂਲੀ ਅਪਰਾਧ, ਘੱਟ ਗੰਭੀਰ ਅਪਰਾਧ ਤੇ ਵੱਡਾ ਅਪਰਾਧ ਭਾਵ ਸੰਗੀਨ ਅਪਰਾਧ। ਜੋ ਵਿਅਕਤੀ ਜਾਂ ਕੰਪਨੀ ਕਿਸੇ ਵੀ ਨਕਲੀ ਬੀਜ ਦੀ ਸਪਲਾਈ ਕਰਦੇ ਹਨ ਜਾਂ ਜੋ ਗ਼ੈਰ-ਰਜਿਸਟਰਡ ਕਿਸਮ ਦੇ ਬੀਜ ਸਪਲਾਈ ਕਰਦੇ ਹਨ, ਇਹ ਵੱਡੇ ਪੈਮਾਨੇ ਦਾ ਅਪਰਾਧ ਮੰਨਿਆ ਜਾਵੇਗਾ। ਇਨ੍ਹਾਂ ਨੂੰ ਤੀਹ ਲੱਖ ਜੁਰਮਾਨਾ ਤੇ ਪੰਜ ਸਾਲਾਂ ਦੀ ਸਖ਼ਤ ਸਜ਼ਾਵਾਂ ਦੀ ਵਿਵਸਥਾ ਕੀਤੀ ਗਈ ਹੈ ਜੋ ਮੌਜੂਦਾ ਬੀਜ ਐਕਟ 1966, ਬੀਜ ਰੂਲਜ਼ 1968 ਅਤੇ ਬੀਜ (ਕੰਟਰੋਲ) ਆਰਡਰ 1983 ਵਿਚ ਨਹੀਂ ਹੈ।

ਨਕਲੀ ਬੀਜਾਂ ਨੂੰ ਰੋਕਣ ਲਈ ਲੈਬ ਟੈਸਟਿੰਗ ਅਤੇ ਲੈਵਲਿੰਗ ਕਰਨੀ ਜ਼ਰੂਰੀ ਹੋਵੇਗੀ। ਬੀਜ ਦੀ ਪੈਕਿੰਗ ਉੱਤੇ ਇੱਕ ਕਿਊ-ਆਰ ਕੋਡ ਵੀ ਲਾਜ਼ਮੀ ਕੀਤਾ ਗਿਆ ਹੈ ਤਾਂ ਜੋ ਲੋੜ ਪੈਣ ਉੱਤੇ ਇਸ ਦੀ ਟਰੈਕਿੰਗ ਕੀਤੀ ਜਾ ਸਕੇ। ਡਰਾਫਟ ਸੀਡਜ਼ ਬਿੱਲ 2025 ਮੁਤਾਬਕ ਇਸ ਨਾਲ ਬੀਜ ਕੰਪਨੀ ਦੀ ਜਵਾਬਦੇਹੀ ਵਧੇਗੀ ਅਤੇ ਕਿਸਾਨਾਂ ਨੂੰ ਨਕਲੀ ਬੀਜ ਨਹੀਂ ਵੇਚ ਸਕਣਗੇ। ਮੌਜੂਦਾ ਬੀਜ ਢਾਂਚੇ ਵਿਚ ਸੂਬਾ ਸਰਕਾਰਾਂ ਵੱਲੋਂ ਨੋਟੀਫਾਈਡ ਸੀਡ ਟੈਸਟਿੰਗ ਲੈਬਜ਼ ਵਿੱਚ ਕੇਵਲ ਬੀਜ ਦੇ ਉੱਗਣ, ਸ਼ਕਤੀ ਨੂੰ ਟੈਸਟ ਕਰਨ ਦੀ ਸੁਵਿਧਾ ਹੀ ਹੈ ਜਦਕਿ ਉਸ ਦੀ ਜੈਨੇਟਿਕ ਸ਼ੁੱਧਤਾ, ਗੁਣਵੱਤਾ, ਕਿਸਮਾਂ ਅਤੇ ਬੀਟੀ ਜੀਨਜ਼ ਆਦਿ ਟੈਸਟ ਦੀ ਸਹੂਲਤ ਨਹੀਂ ਹੈ ਜਦਕਿ ਕਿਸਾਨ ਹਿੱਤ ਵਿੱਚ ਗੁਣਵੱਤਾ ਵਾਲੇ ਬੀਜ ਸਪਲਾਈ ਕਰਨ ਲਈ ਇਹ ਟੈਸਟਿੰਗ ਬਹੁਤ ਮਹੱਤਵਪੂਰਨ ਹੈ। ਫ਼ਸਲਾਂ ਦਾ ਝਾੜ ਅਤੇ ਕੁਆਲਿਟੀ, ਸ਼ੁੱਧ ਬੀਜਾਂ ਦੀ ਕਿਸਮ ਅਤੇ ਗੁਣਵੱਤਾ 'ਤੇ ਨਿਰਭਰ ਕਰਦੀ ਹੈ।

ਬੀਜ ਬਿੱਲ 2025 ਵਿੱਚ ਦਰਸਾਇਆ ਗਿਆ ਹੈ ਕਿ ਜੈਨੇਟਿਕ ਸ਼ੁੱਧਤਾ ਅਤੇ ਗੁਣਵੱਤਾ ਨੂੰ ਟੈਸਟ ਕੀਤਾ ਜਾਵੇਗਾ ਤਾਂ ਇਹ ਕਿਸਾਨਾਂ ਲਈ ਬਹੁਤ ਲਾਹੇਵੰਦ ਹੋਵੇਗਾ ਕਿਉਂਕਿ ਹਰ ਬੀਜ ਕੁਦਰਤੀ ਤੌਰ 'ਤੇ ਉੱਗਣ ਦੀ ਸਮਰੱਥਾ ਤਾਂ ਰੱਖਦਾ ਹੀ ਹੈ ਪਰ ਫ਼ਸਲ ਦੀ ਪੈਦਾਵਾਰ, ਬੀਜ ਦੀ ਸ਼ੁੱਧਤਾ, ਗੁਣਵੱਤਾ ਅਤੇ ਕਿਸਮ ਉੱਤੇ ਨਿਰਭਰ ਕਰਦੀ ਹੈ। ਜੇਕਰ ਕਿਸਾਨ ਨੂੰ ਸ਼ੁੱਧ, ਨਿਰਧਾਰਤ ਗੁਣਵੱਤਾ ਵਾਲੇ ਬੀਜ ਮਿਲਣਗੇ ਤਾਂ ਵਧੇਰੇ ਝਾੜ ਪ੍ਰਾਪਤ ਕਰਕੇ ਆਪਣੀ ਆਰਥਿਕਤਾ ਵਿਚ ਸੁਧਾਰ ਕਰਦਿਆਂ ਕਰਜ਼ੇ ਦੇ ਬੋਝ ਹੇਠੋਂ ਬਾਹਰ ਨਿਕਲੇਗਾ। ਅੱਜ ਕਿਸਾਨ ਬੀਜ ਦੀ ਕੀਮਤ ਨੂੰ ਤਾਂ ਸਹਿਣ ਕਰ ਸਕਦੇ ਹਨ ਪਰ ਘਟੀਆ ਬੀਜ ਕਾਰਨ ਸਾਲ ਭਰ ਦੇ ਹੋਰ ਫ਼ਸਲੀ ਖ਼ਰਚੇ ਤੋਂ ਇਲਾਵਾ ਫ਼ਸਲ ਦੀ ਬਰਬਾਦੀ ਨੂੰ ਸਹਿਣ ਕਰਨਾ ਅਸੰਭਵ ਹੈ।

ਨਵੇਂ ਬੀਜ ਬਿੱਲ ਨੂੰ ਗੰਭੀਰਤਾ ਤੇ ਡੂੰਘਾਈ ਨਾਲ ਵਾਚਣ ਦੀ ਲੋੜ ਹੈ। ਮੌਜੂਦਾ ਚੱਲ ਰਿਹਾ ਬੀਜ ਕਾਨੂੰਨੀ ਢਾਂਚਾ, (ਬੀਜ ਐਕਟ 1966, ਬੀਜ ਰੂਲਜ਼ 1968 ਅਤੇ ਬੀਜ (ਕੰਟਰੋਲ) ਆਰਡਰ 1983) ਇਹ ਕਮਜ਼ੋਰ ਕਾਨੂੰਨ ਕੇਵਲ ਕਾਰਪੋਰੇਟ ਜਾਂ ਬੀਜ ਵਿਕਰੇਤਰਾਵਾਂ ਦੇ ਹੱਕ ਵਿੱਚ ਹੀ ਭੁਗਤਦਾ ਹੈ। ਅਜਿਹਾ ਇਸ ਲਈ ਕਿਉਂਕਿ ਇਸ ਬੀਜ ਕਾਨੂੰਨ ਵਿੱਚ ਸਖ਼ਤ ਸਜ਼ਾਵਾਂ ਜਾਂ ਮੋਟੇ ਜੁਰਮਾਨੇ ਦੀ ਕੋਈ ਵਿਵਸਥਾ ਨਹੀਂ ਕੀਤੀ ਗਈ ਅਤੇ ਪਿਛਲੇ 60 ਸਾਲਾਂ ਤੋਂ ਕਿਸੇ ਅਪਰਾਧੀ ਜਾਂ ਬੀਜ ਐਕਟ ਦੀ ਉਲੰਘਣਾ ਕਰਨ ਵਾਲਿਆਂ ਨੂੰ ਕੋਈ ਸਜ਼ਾ ਜਾਂ ਜੁਰਮਾਨਾ ਨਹੀਂ ਹੋਇਆ ਜਾਪਦਾ, ਜਿਸ ਨਾਲ ਅਪਰਾਧੀਆਂ ਦੇ ਮਨਾਂ ਵਿੱਚ ਮੌਜੂਦਾ ਸੀਡ ਐਕਟ 1966 ਆਦਿ ਦਾ ਭੈਅ ਨਹੀਂ ਹੈ। ਨਵੇਂ ਬੀਜ ਬਿੱਲ 'ਚ ਉਲੰਘਣਾ ਕਰਨ ਵਾਲਿਆਂ ਨੂੰ ਜੋ ਕੈਦ ਤੇ ਮੋਟੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ, ਜੇਕਰ ਇਹ ਕਾਨੂੰਨ ਸਖ਼ਤੀ ਨਾਲ ਲਾਗੂ ਕੀਤੇ ਜਾਣ ਤਾਂ ਇਸ ਨਾਲ ਨਕਲੀ ਅਤੇ ਅਣ-ਅਧਿਕਾਰਤ ਬੀਜਾਂ ਦੀ ਵਿਕਰੀ ਨੂੰ ਠੱਲ੍ਹ ਪੈਣ ਦੇ ਆਸਾਰ ਹਨ।

ਬੀਜ ਬਿੱਲ 'ਚ ਸਰਕਾਰ ਵੱਲੋਂ ਬੀਜਾਂ ਦੇ ਵਿਕਰੀ ਮੁੱਲ ਨੂੰ ਤੈਅ ਕਰਨ ਬਾਰੇ ਵੀ ਗੱਲ ਕੀਤੀ ਗਈ ਹੈ। ਮੇਰੇ ਨਜ਼ਰੀਏ ਅਤੇ ਤਜਰਬੇ ਅਨੁਸਾਰ ਪਹਿਲਾਂ ਚੱਲ ਰਹੇ ਬੀਜ ਕਾਨੂੰਨ ਢਾਂਚੇ ਨਾਲੋਂ ਨਵਾਂ ਬੀਜ ਬਿੱਲ ਕਿਸਾਨਾਂ ਦੇ ਹਿੱਤ ਵਿੱਚ ਹੈ ਕਿਉਂਕਿ ਇਹ ਬੀਜਾਂ ਦੀ ਗੁਣਵੱਤਾ, ਟਰੇਸੇਬਿਲਟੀ ਅਤੇ ਜਵਾਬਦੇਹੀ ਨੂੰ ਯਕੀਨੀ ਬਣਾ ਕੇ ਭਾਰਤ ਦੇ ਬੀਜ ਰੈਗੂਲੇਟਰੀ ਢਾਂਚੇ ਨੂੰ ਆਧੁਨਿਕ ਬਣਾਉਣ ਦੀ ਇਕ ਵੱਡੀ ਕੋਸ਼ਿਸ਼ ਨੂੰ ਦਰਸਾਉਂਦਾਹੋਇਆ ਕਿਸਾਨਾਂ ਲਈ ਲਾਹੇਵੰਦ ਸਾਬਿਤ ਹੋ ਸਕਦਾ ਹੈ।

ਜੇਕਰ ਨਵੇਂ ਬੀਜ ਬਿੱਲ 'ਚ ਘਟੀਆ ਬੀਜਾਂ ਕਾਰਨ ਕਿਸਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਦੀ ਵਿਵਸਥਾ ਦੇ ਨਾਲ-ਨਾਲ ਇਸ ਨੂੰ ਜ਼ਰੂਰੀ ਵਸਤਾਂ ਐਕਟ 1955 ਅਧੀਨ ਲਿਆ ਕੇ ਲਾਗੂ ਕੀਤਾ ਜਾਵੇ ਤਾਂ ਇਹ ਕਿਸਾਨ ਵਧੇਰੇ ਹਿੱਤ ਵਿੱਚ ਅਤੇ ਲਾਹੇਵੰਦ ਹੋਵੇਗਾ।


**(ਸਟੇਟ ਐਵਾਰਡੀ, ਸਾਬਕਾ ਡਿਪਟੀ ਡਾਇਰੈਕਟਰ ਖੇਤੀਬਾੜੀ (ਪੰਜਾਬ)।**

# ਇੱਕ ਨਵੇਂ ਰਾਜਨੀਤਕ ਯੁੱਗ ਵੱਲ ਵਧਿਆ ਬੰਗਲਾਦੇਸ਼

ਆਨੰਦ ਕੁਮਾਰ

ਬੰਗਲਾਦੇਸ਼ ਦੀਆਂ ਆਮ ਚੋਣਾਂ ਉਸ ਦੇ ਰਾਜਨੀਤਕ ਇਤਿਹਾਸ ਦੇ ਸਭ ਤੋਂ ਨਿਰਣਾਇਕ ਮੋੜਾਂ ਵਿੱਚੋਂ ਇੱਕ ਮੰਨੀਆਂ ਜਾਣਗੀਆਂ। ਜੁਲਾਈ 2024 ਦੇ ਵਿਦਿਆਰਥੀ ਅੰਦੋਲਨ, ਜਿਸ ਨੇ ਤਤਕਾਲੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਸੱਤਾ ਛੱਡਣ ਲਈ ਮਜਬੂਰ ਕਰ ਦਿੱਤਾ ਅਤੇ ਲੰਬੇ ਸਮੇਂ ਤੋਂ ਪ੍ਰਭਾਵੀ ਰਹੀ ਉਨ੍ਹਾਂ ਦੀ ਪਾਰਟੀ, ਅਵਾਮੀ ਲੀਗ ਦੀ ਚੜ੍ਹਤ ਦਾ ਅੰਤ ਕੀਤਾ, ਤੋਂ ਬਾਅਦ ਇਹ ਪਹਿਲੀਆਂ ਆਮ ਚੋਣਾਂ ਸਨ। ਇਸ ਚੋਣ ਨੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐੱਨਪੀ) ਨੂੰ ਸਪਸ਼ਟ ਲੋਕ ਫ਼ਤਵਾ ਦਿੱਤਾ ਹੈ। ਪਾਰਟੀ ਦੇ ਪ੍ਰਧਾਨ ਤਾਰਿਕ ਰਹਿਮਾਨ ਦੇ ਪ੍ਰਧਾਨ ਮੰਤਰੀ ਬਣਨ ਨਾਲ ਬੰਗਲਾਦੇਸ਼ ਇੱਕ ਨਵੇਂ ਰਾਜਨੀਤਕ ਯੁੱਗ ਵੱਲ ਵਧ ਰਿਹਾ ਹੈ ਜੋ ਪੀੜ੍ਹੀਗਤ ਬਦਲਾਅ, ਵਿਚਾਰਧਾਰਕ ਪੁਨਰ-ਸੰਤੁਲਨ ਅਤੇ ਖੇਤਰੀ ਕੂਟਨੀਤਕ ਸਮੀਕਰਨਾਂ ਤੋਂ ਪ੍ਰਭਾਵਿਤ ਹੋਵੇਗਾ।ਇਹ ਚੋਣ ਸਿਰਫ਼ ਅੰਤਰਿਮ ਸਰਕਾਰ ਨੂੰ ਬਦਲਣ ਦੀ ਪ੍ਰਕਿਰਿਆ ਨਹੀਂ ਸੀ ਜਿਸ ਦੀ ਅਗਵਾਈ ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਕਰ ਰਹੇ ਸਨ। ਇਹ ਉਸ ਡੂੰਘੇ ਰਾਜਨੀਤਕ ਸੰਕਟ ਤੋਂ ਬਾਅਦ ਦੇਸ਼ ਦੀ ਦਿਸ਼ਾ ਨਿਰਧਾਰਤ ਕਰਨ ਦਾ ਯਤਨ ਸੀ ਜਿਸ ਨੇ 2024 ਵਿੱਚ ਪੂਰੇ ਦੇਸ਼ ਨੂੰ ਹਿਲਾ ਦਿੱਤਾ ਸੀ। ਜੁਲਾਈ 2024 ਦਾ ਅੰਦੋਲਨ ਸ਼ੁਰੂਆਤ ਵਿੱਚ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਦੀ ਨੀਤੀ ਦੇ ਵਿਰੋਧ ਨਾਲ ਸ਼ੁਰੂ ਹੋਇਆ ਸੀ ਪਰ ਜਲਦੀ ਹੀ ਇਹ ਵਿਆਪਕ ਅਸੰਤੋਸ਼ ਦਾ ਰੂਪ ਧਾਰ ਬੈਠਾ। ਸੈਂਕੜੇ ਲੋਕਾਂ ਦੀ ਮੌਤ ਨੇ ਸਰਕਾਰ ਦੀ ਵੈਧਤਾ ਨੂੰ ਗੰਭੀਰ ਰੂਪ ਨਾਲ ਪ੍ਰਭਾਵਿਤ ਕੀਤਾ ਅਤੇ ਆਖ਼ਰਕਾਰ ਸੱਤਾ ਪਰਿਵਰਤਨ ਦਾ ਰਾਹ ਪਕੇਰਾ ਕੀਤਾ। ਅੰਤਰਿਮ ਸਰਕਾਰ ਨੇ ਲੋਕਤੰਤਰੀ ਪੁਨਰ-ਸਥਾਪਨਾ ਅਤੇ ਸੰਸਥਾਗਤ ਸੁਧਾਰਾਂ ਦਾ ਵਾਅਦਾ ਕੀਤਾ ਅਤੇ ਇਸੇ ਸਬੰਧ ਵਿੱਚ 13ਵੀਂ ਸੰਸਦੀ ਚੋਣਾਂ ਅਤੇ ਸੰਵਿਧਾਨਕ ਸੁਧਾਰਾਂ ’ਤੇ ਰਾਇਸ਼ੁਮਾਰੀ ਕਰਵਾਈ ਗਈ। ਇਸ ਦਾ ਨਤੀਜਾ ਸਿਰਫ਼ ਸੱਤਾ ਬਦਲਣਾ ਨਹੀਂ ਸਗੋਂ ਰਾਜਨੀਤਕ ਢਾਂਚੇ ਵਿੱਚ ਵਿਆਪਕ ਬਦਲਾਅ ਦਾ ਸੰਕੇਤ ਵੀ ਹੈ।

ਇਨ੍ਹਾਂ ਚੋਣਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਅਵਾਮੀ ਲੀਗ ਦੀ ਗ਼ੈਰ-ਮੌਜੂਦਗੀ ਰਹੀ। ਵਿਰੋਧ ਪ੍ਰਦਰਸ਼ਨਾਂ ਦੌਰਾਨ ਕਥਿਤ ਅਪਰਾਧਾਂ ਦੇ ਆਧਾਰ ’ਤੇ ਉਸ ਨੂੰ ਚੋਣ ਲੜਨ ਤੋਂ ਰੋਕ ਦਿੱਤਾ ਗਿਆ ਪਰ ਉਸ ਦੀ ਗ਼ੈਰ-ਹਾਜ਼ਰੀ ਨੇ ਦਹਾਕਿਆਂ ਤੋਂ ਚਲੀ ਆ ਰਹੀ ਦੋ ਪਾਰਟੀ ਮੁਕਾਬਲੇਬਾਜ਼ੀ ਨੂੰ ਖ਼ਤਮ ਕਰ ਦਿੱਤਾ ਅਤੇ ਚੋਣਾਂ ਦੀ ਨਿਰਪੱਖਤਾ ’ਤੇ ਸਵਾਲ ਖੜ੍ਹੇ ਕੀਤੇ। ਸੰਨ 1990 ਤੋਂ ਬਾਅਦ ਤੋਂ ਬੰਗਲਾਦੇਸ਼ ਦੀ ਰਾਜਨੀਤੀ ਅਵਾਮੀ ਲੀਗ ਅਤੇ ਬੀਐੱਨਪੀ ਦੇ ਵਿਚਕਾਰ ਘੁੰਮਦੀ ਰਹੀ। ਬੀਐੱਨਪੀ ਦੀ ਜਿੱਤ ਉਸ ਲਈ ਪੁਨਰ-ਉੱਥਾਨ ਅਤੇ ਪ੍ਰੀਖਿਆ, ਦੋਵੇਂ ਹਨ। ਸਾਲਾਂ ਤੱਕ ਵਿਰੋਧੀ ਧਿਰ ਵਿੱਚ ਰਹਿਣ ਅਤੇ ਅੰਦਰੂਨੀ ਚੁਣੌਤੀਆਂ ਨਾਲ ਜੂਝਣ ਤੋਂ ਬਾਅਦ ਪਾਰਟੀ ਨੇ ਨਵੀਂ ਊਰਜਾ ਦੇ ਨਾਲ ਵਾਪਸੀ ਕੀਤੀ ਹੈ। ਤਾਰਿਕ




ਰਹਿਮਾਨ ਦੀ ਅਗਵਾਈ ਇੱਕ ਪੀੜ੍ਹੀਗਤ ਬਦਲਾਅ ਦਾ ਪ੍ਰਤੀਕ ਹੈ। ਇਹ ਬਦਲਾਅ ਸਿਰਫ਼ ਅੰਤਰਿਮ ਪ੍ਰਸ਼ਾਸਨ ਤੋਂ ਸੱਤਾ ਤਬਾਦਲਾ ਨਹੀਂ ਹੈ ਸਗੋਂ ਉਨ੍ਹਾਂ ਦੀ ਮਾਂ ਅਤੇ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਅਤੇ ਸ਼ੇਖ ਹਸੀਨਾ ਦੇ ਯੁੱਗ ਤੋਂ ਅੱਗੇ ਵਧਣ ਦਾ ਸੰਕੇਤ ਵੀ ਹੈ। ਹਾਲਾਂਕਿ ਬੰਗਲਾਦੇਸ਼ ਵਿੱਚ ਵੰਸ਼ਵਾਦੀ ਰਾਜਨੀਤੀ ਦਾ ਪ੍ਰਭਾਵ ਬਣਿਆ ਰਹਿੰਦਾ ਹੈ,ਫਿਰ ਵੀ ਰਹਿਮਾਨ ਨੇ ਆਪਣੀ ਚੋਣ ਮੁਹਿੰਮ ਵਿੱਚ ਸੰਜਮੀ ਅਤੇ ਵਿਵਹਾਰਕ ਰੁਖ਼ ਅਪਣਾਇਆ। ਉਨ੍ਹਾਂ ਨੇ ਕਾਨੂੰਨ-ਵਿਵਸਥਾ, ਆਰਥਿਕ ਸੁਧਾਰਾਂ ਅਤੇ ਨੌਜਵਾਨਾਂ ਲਈ ਰੁਜ਼ਗਾਰ ’ਤੇ ਜ਼ੋਰ ਦਿੱਤਾ। ਭਾਰਤ ਪ੍ਰਤੀ ਉਨ੍ਹਾਂ ਦਾ ਰੁਖ਼ ਨਰਮ ਰਿਹਾ ਜੋ ਭਵਿੱਖ ਦੀਆਂ ਕੂਟਨੀਤਕ ਸੰਭਾਵਨਾਵਾਂ ਦਾ ਸੰਕੇਤ ਦਿੰਦਾ ਹੈ। ਆਪਣੀ ਮਾਂ ਦੇ ਦੇਹਾਂਤ ਕਾਰਨ ਜਿੱਤ ਦੇ ਉਤਸਵ ਨੂੰ ਰੱਦ ਕਰਨ ਦਾ ਉਨ੍ਹਾਂ ਦਾ ਫ਼ੈਸਲਾ ਰਾਜਨੀਤਕ ਪਰਪੱਕਤਾ ਦਾ ਸੰਦੇਸ਼ ਦਿੰਦਾ ਹੈ। ਚੋਣਾਂ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਜਮਾਤ-ਏ-ਇਸਲਾਮੀ ਦਾ ਉੱਭਰ ਕੇ ਸਾਹਮਣੇ ਆਉਣਾ ਹੈ। ਉਹ ਮੁੱਖ ਵਿਰੋਧੀ ਸ਼ਕਤੀ ਦੇ ਤੌਰ ’ਤੇ ਉੱਭਰੀ ਹੈ। ਉਸ ਦਾ ਪ੍ਰਦਰਸ਼ਨ ਇਹ ਦਰਸਾਉਂਦਾ ਹੈ ਕਿ ਬੰਗਲਾਦੇਸ਼ ਦੀ ਰਾਜਨੀਤੀ ਵਿੱਚ ਰਾਜਨੀਤਕ ਇਸਲਾਮ ਦੀ ਮੌਜੂਦਗੀ ਹੁਣ ਵੀ ਪ੍ਰਭਾਵਸ਼ਾਲੀ ਹੈ। ਹਾਲਾਂਕਿ ਉਹ ਸੱਤਾ ਵਿੱਚ ਨਹੀਂ ਪਹੁੰਚੀ ਪਰ ਉਸ ਦੀਆਂ ਸੀਟਾਂ ਵਿੱਚ ਵਾਧਾ ਮਹੱਤਵ ਰੱਖਦਾ ਹੈ। ਇਸ ਦਾ ਉੱਭਰਨਾ ਦੇਸ਼ ਦੇ ਧਰਮ-ਨਿਰਪੱਖ ਤਬਕਿਆਂ ਅਤੇ ਗੁਆਂਢੀ ਦੇਸ਼ਾਂ ਵਿੱਚ ਚਿੰਤਾ ਦਾ ਵਿਸ਼ਾ ਰਹੇਗਾ।

ਸੰਨ 2024 ਦੇ ਅੰਦੋਲਨ ਤੋਂ ਉੱਭਰੀ ਵਿਦਿਆਰਥੀਆਂ ਦੀ ਪਾਰਟੀ ਨੈਸ਼ਨਲ ਸਿਟੀਜ਼ਨ ਪਾਰਟੀ ਉਮੀਦ ਮੁਤਾਬਕ ਸਫਲਤਾ ਹਾਸਲ ਨਹੀਂ ਕਰ ਸਕੀ। ਕ੍ਰਾਂਤੀਕਾਰੀ ਊਰਜਾ ਨੂੰ ਸੰਗਠਿਤ ਰਾਜਨੀਤਕ ਸ਼ਕਤੀ ਵਿਚ ਬਦਲਣਾ ਆਸਾਨ ਨਹੀਂ ਹੁੰਦਾ ਅਤੇ ਇਹੀ ਉਸ ਦੇ ਨਾਲ ਹੋਇਆ। ਜਮਾਤ-ਏ-ਇਸਲਾਮੀ ਨਾਲ ਉਸ ਦਾ ਗੱਠਜੋੜ ਉਸ ਦੇ ਸਮਰਥਕਾਂ ਵਿੱਚ ਸ਼ਸ਼ੋਪੰਜ ਦਾ ਕਾਰਨ ਬਣਿਆ। ਇਹ ਅਨੁਭਵ ਦਰਸਾਉਂਦਾ ਹੈ ਕਿ ਜਨ ਅੰਦੋਲਨ ਤੋਂ ਨਿਕਲੀਆਂ ਤਾਕਤਾਂ ਨੂੰ ਸੰਸਥਾਗਤ ਰਾਜਨੀਤੀ ਵਿੱਚ ਟਿਕੇ ਰਹਿਣ ਲਈ ਮਜ਼ਬੂਤ ਸੰਗਠਨ ਅਤੇ ਸਰੋਤਾਂ ਦੀ ਲੋੜ ਹੁੰਦੀ ਹੈ। ਇਨ੍ਹਾਂ ਚੋਣਾਂ ਨੇ ਸਮਾਜਿਕ ਚੁਣੌਤੀਆਂ ਨੂੰ ਵੀ ਉਜਾਗਰ ਕੀਤਾ। ਮਹਿਲਾਵਾਂ ਦੀ ਰਾਜਨੀਤਕ ਭਾਈਵਾਲੀ ਸੀਮਤ ਰਹੀ ਜਦਕਿ 2024 ਦੇ ਅੰਦੋਲਨ ਵਿੱਚ ਉਨ੍ਹਾਂ ਦੀ ਭੂਮਿਕਾ ਮਹੱਤਵਪੂਰਨ ਸੀ। ਆਰਥਿਕ ਮੁਹਾਜ਼ ’ਤੇ ਨਵੀਂ ਸਰਕਾਰ ਦੇ ਸਾਹਮਣੇ ਗੰਭੀਰ ਚੁਣੌਤੀਆਂ ਹਨ। ਬੰਗਲਾਦੇਸ਼ ਦੀ ਆਰਥਿਕਤਾ ਨਿਰਯਾਤ, ਖ਼ਾਸ ਕਰਕੇ ਲਿਬਾਸ ਉਦਯੋਗ ’ਤੇ ਨਿਰਭਰ ਹੈ। ਰਾਜਨੀਤਕ ਅਸਥਿਰਤਾ ਨੇ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਪ੍ਰਭਾਵਿਤ ਕੀਤਾ ਹੈ। ਜੁਲਾਈ ਰਾਸ਼ਟਰੀ ਚਾਰਟਰ ਦੇ ਅਧੀਨ ਪ੍ਰਸਤਾਵਿਤ ਸੰਵਿਧਾਨਕ ਸੁਧਾਰ ਇਹ ਨਿਰਧਾਰਤ ਕਰਨਗੇ ਕਿ ਕਾਰਜਪਾਲਿਕਾ ਦੀ ਸ਼ਕਤੀ ਸੀਮਤ ਹੋਵੇਗੀ ਜਾਂ ਨਹੀਂ?

ਭਾਰਤ ਲਈ ਬੰਗਲਾਦੇਸ਼ ਸਿਰਫ਼ ਗੁਆਂਢੀ ਨਹੀਂ, ਸਗੋਂ ਰਣਨੀਤਕ ਜੋਟੀਦਾਰ ਹੈ। ਲਗਪਗ 4,000 ਕਿੱਲੋਮੀਟਰ ਲੰਬੀ ਸਾਂਝੀ ਸਰਹੱਦ, ਉੱਤਰ-ਪੂਰਬੀ ਭਾਰਤ ਲਈ ਸੰਪਰਕ ਮਾਰਗ ਅਤੇ ਸੁਰੱਖਿਆ ਸਹਿਯੋਗ ਜਿਹੇ ਮੁੱਦੇ ਦੋਹਾਂ ਦੇਸ਼ਾਂ ਨੂੰ ਜੋੜਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਤਾਰਿਕ ਰਹਿਮਾਨ ਨੂੰ ਵਧਾਈ ਦੇ ਕੇ ਇਹ ਸੰਕੇਤ ਦਿੱਤਾ ਹੈ ਕਿ ਭਾਰਤ ਵਿਵਹਾਰਕ ਨਜ਼ਰੀਆ ਅਪਣਾਏਗਾ। ਹਾਲਾਂਕਿ ਸ਼ੇਖ ਹਸੀਨਾ ਦੀ ਭਾਰਤ ਵਿੱਚ ਮੌਜੂਦਗੀ ਕੂਟਨੀਤਕ ਜਟਿਲਤਾ ਪੈਦਾ ਕਰ ਸਕਦੀ ਹੈ। ਚੀਨ ਵੀ ਇਸ ਬਦਲਾਅ ’ਤੇ ਨਜ਼ਰ ਰੱਖੇਗਾ ਕਿਉਂਕਿ ਉਸ ਦੇ ਨਿਵੇਸ਼ ਅਤੇ ਰਣਨੀਤਕ ਹਿੱਤ ਜੁੜੇ ਹੋਏ ਹਨ। ਪਾਕਿਸਤਾਨ ਨਾਲ ਹਾਲੀਆ ਸੰਪਰਕ ਵੀ ਖੇਤਰੀ ਸਮੀਕਰਨਾਂ ਵਿਚ ਨਵਾਂ ਤੱਤ ਜੋੜਦਾ ਹੈ ਹਾਲਾਂਕਿ ਇਤਿਹਾਸਕ ਸੰਦਰਭ ਡੂੰਘੇ ਰਣਨੀਤਕ ਬਦਲਾਅ ਦੀ ਸੰਭਾਵਨਾ ਨੂੰ ਸੀਮਤ ਕਰਦਾ ਹੈ। ਚੋਣਾਂ ਦੇ ਨਤੀਜੇ ਇਹ ਵੀ ਦਰਸਾਉਂਦੇ ਹਨ ਕਿ ਬੰਗਲਾਦੇਸ਼ ਵਿਚਾਰਧਾਰਕ ਧਰੁਵੀਕਰਨ ਤੋਂ ਥੱਕ ਚੁੱਕਾ ਹੈ ਅਤੇ ਸਥਿਰਤਾ ਤੇ ਆਰਥਿਕ ਪ੍ਰਗਤੀ ਚਾਹੁੰਦਾ ਹੈ। ਹਾਲਾਂਕਿ ਰਾਜਨੀਤਕ ਇਸਲਾਮ ਦੀ ਮੌਜੂਦਗੀ ਵਧੀ ਹੈ ਪਰ ਉਸ ਨੇ ਮੁੱਖਧਾਰਾ ਦੀ ਸੱਤਾ ਨੂੰ ਨਹੀਂ ਬਦਲਿਆ ਹੈ। ਬੀਐੱਨਪੀ ਦੇ ਸਾਹਮਣੇ ਮੌਕੇ ਹਨ ਕਿ ਉਹ ਖ਼ੁਦ ਨੂੰ ਮਿਲੇ ਲੋਕ ਫ਼ਤਵੇ ਦਾ ਇਸਤੇਮਾਲ ਲੋਕਤੰਤਰੀ ਸੰਸਥਾਵਾਂ ਨੂੰ ਮਜ਼ਬੂਤ ਕਰਨ ਅਤੇ ਸਮਾਵੇਸ਼ੀ ਸ਼ਾਸਨ ਦੇਣ ਲਈ ਕਰੇ। ਜੇਕਰ ਸੱਤਾ ਦਾ ਇਸਤੇਮਾਲ ਬਦਲਾਖੋਰੀ ਦੇ ਬਜਾਏ ਸੁਧਾਰ ਲਈ ਕੀਤਾ ਜਾਂਦਾ ਹੈ ਤਾਂ ਬੰਗਲਾਦੇਸ਼ ਇੱਕ ਹੋਰ ਸੰਤੁਲਿਤ ਅਤੇ ਸਥਿਰ ਭਵਿੱਖ ਵੱਲ ਜਾ ਸਕਦਾ ਹੈ। ਬੰਗਲਾਦੇਸ਼ ਦੀ ਜਨਤਾ ਨੇ ਬਦਲਾਅ ਨੂੰ ਚੁਣਿਆ ਹੈ, ਉਥਲ-ਪੁਥਲ ਨੂੰ ਨਹੀਂ। ਇਸ ਰਾਜਨੀਤਕ ਪਰਿਵਰਤਨ ਦੀ ਸਫਲਤਾ ਇਸ ਗੱਲ ’ਤੇ ਨਿਰਭਰ ਕਰੇਗੀ ਕਿ ਨਵੀਂ ਸਰਕਾਰ ਲੋਕਤੰਤਰੀ ਗਰਿਮਾ, ਆਰਥਿਕ ਖ਼ੁਸ਼ਹਾਲੀ ਅਤੇ ਸਮਾਜਿਕ ਸਦਭਾਵਨਾ ਨੂੰ ਕਿਸ ਹੱਦ ਤੱਕ ਯਕੀਨੀ ਬਣਾ ਪਾਉਂਦੀ ਹੈ।

**-(ਲੇਖਕ ਮਨੋਹਰ ਪਾਰੀਕਰ ਰੱਖਿਆ ਅਧਿਐਨ ਅਤੇ ਵਿਸ਼ਲੇਸ਼ਣ ਸੰਸਥਾ ਵਿੱਚ ਸੀਨੀਅਰ ਫੈਲੋ ਹੈ)।**

# ਭਾਜਪਾ ਅੰਦਰ ਉੱਠ ਰਹੀ ਬਗ਼ਾਵਤ: ਮੋਦੀ ਦੀ ਥਾਂ ਯੋਗੀ ਦੀ ਮੰਗ ਕਿਉਂ?



ਅਭੈ ਕੁਮਾਰ ਦੂਬੇ

ਪਹਿਲਾਂ ਜੋ ਗੱਲ ਰਾਜਨੀਤਿਕ ਵਿਸ਼ਲੇਸ਼ਕਾਂ ਦੀਆਂ ਅਟਕਲਾਂ ਤੱਕ ਸੀਮਤ ਸੀ, ਹੁਣ ਇਹ ਖੁੱਲ੍ਹ ਕੇ ਸਾਹਮਣੇ ਆ ਗਈ ਹੈ, ਭਾਜਪਾ ਦੇ ਕੋਰ ਵੋਟਰ ਕਹਿ ਰਹੇ ਹਨ ਕਿ ਮੋਦੀ ਤੋਂ ਹੁਣ ਕੁਝ ਵੀ ਸੰਭਾਲ ਨਹੀਂ ਹੋ ਰਿਹਾ ਤੇ ਉਹ ਬੁਰੀ ਤਰ੍ਹਾਂ ਫਸ ਗਏ ਹਨ। ਮੋਦੀ ਨੂੰ ਅਸਤੀਫ਼ਾ ਦੇ ਕੇ ਆਪਣਾ ਅਹੁਦਾ ਯੋਗੀ ਨੂੰ ਸੌਂਪ ਦੇਣਾ ਚਾਹੀਦਾ ਹੈ, ਮੈਂ ਜਨਵਰੀ ਦੇ ਦੂਜੇ ਅੱਧ ਤੋਂ ਲੈ ਕੇ ਹੁਣ ਤੱਕ ਨਿੱਜੀ ਤੌਰ ’ਤੇ ਦਰਜਨਾਂ ਲੋਕਾਂ ਨੂੰ ਇਹ ਕਹਿੰਦੇ ਹੋਏ ਸੁਣਿਆ ਹੈ। ਇਨ੍ਹਾਂ ਵਿੱਚ ਟੈਕਸੀ ਡਰਾਈਵਰ, ਰੇਲਗੱਡੀਆਂ ’ਚ ਯਾਤਰਾ ਕਰਨ ਵਾਲੇ, ਅਪਾਰਟਮੈਂਟਾਂ ਵਿੱਚ ਪਹਿਰਾ ਦੇਣ ਵਾਲੇ ਗਾਰਡ ਅਤੇ ਲਖਨਊ ਤੇ ਦਿੱਲੀ ਦੇ ਬਾਜ਼ਾਰਾਂ ’ਚ ਖ਼ਰੀਦਦਾਰੀ ਕਰ ਰਹੇ ਵੋਟਰ ਸ਼ਾਮਿਲ ਹਨ। ਇਨ੍ਹਾਂ ’ਚੋਂ ਜ਼ਿਆਦਾਤਰ ਲੋਕ ਮੈਨੂੰ ਟੀ.ਵੀ. ਤੇ ਸੋਸ਼ਲ ਮੀਡੀਆ ’ਤੇ ਆਉਣ ਕਰਕੇ ਪਛਾਣਦੇ ਹਨ। ਜਦੋਂ ਮੈਂ ਪਿਛਲੇ ਮਹੀਨੇ ਇੰਨੇ ਸਾਰੇ ਲੋਕਾਂ ਨੂੰ ਇਸ ਸੁਰ ’ਚ ਗੱਲ ਕਰਦੇ ਸੁਣਿਆ ਤਾਂ ਮੈਂ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਤੇ ਦਿੱਲੀ ’ਚ ਕੰਮ ਕਰਨ ਵਾਲੇ ਆਪਣੇ ਪੱਤਰਕਾਰ ਦੋਸਤਾਂ ਨੂੰ ਬੇਨਤੀ ਕੀਤੀ ਕਿ ਉਹ ਪਤਾ ਲਗਾਉਣ ਕਿ, ਕੀ ਅਜਿਹੀ ਭਾਵਨਾ ਸੱਚਮੁੱਚ ਭਾਜਪਾ ਦੇ ਮੁੱਖ ਵੋਟਰਾਂ ’ਚ ਮੌਜੂਦ ਹੈ। ਉਨ੍ਹਾਂ ਦੋਸਤਾਂ ਨੇ ਦੱਸਿਆ ਕਿ ਸੱਚਮੁੱਚ ਅਜਿਹਾ ਹੀ ਲੱਗ ਰਿਹਾ ਹੈ, ਤਾਂ ਮੈਂ ਸੋਚਿਆ ਕਿ ਇਹ ਗੱਲ ਹੁਣ ਆਪਣੇ ਪਾਠਕਾਂ ਨਾਲ ਸਾਂਝੀ ਕਰਨ ਦਾ ਵੀ ਸਮਾਂ ਆ ਗਿਆ ਹੈ।

ਦੱਸਣਯੋਗ ਹੈ ਕਿ ਭਾਜਪਾ ਦੇ ਮੁੱਖ ਸਮਰਥਨ ਅਧਾਰ- ਬ੍ਰਾਹਮਣ, ਬਾਣੀਏ, ਠਾਕੁਰ, ਭੂਮੀਹਾਰ, ਕਾਯਸਥ ਤੇ ਪਟੇਲ, ਮਤਲਬ ਉੱਚ ਜਾਤੀਆਂ ਜਾਂ ਜਨਰਲ ਵਰਗ ਦੇ ਵੋਟਰ ਹਨ। ਇਨ੍ਹਾਂ ਵੋਟਰਾਂ ਦਾ ਦਿਲੋਂ ਮੰਨਣਾ ਹੈ ਕਿ ਉਨ੍ਹਾਂ ਦੀਆਂ ਵੋਟਾਂ ਹੀ ਮੋਦੀ/ਭਾਜਪਾ ਸਰਕਾਰ ਨੂੰ ਸੱਤਾ ’ਚ ਲਿਆਉਂਦੀਆਂ ਹਨ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ’ਚ ਬਦਲਣ ਦਾ ਇੰਜਣ ਉਨ੍ਹਾਂ ਦੀਆਂ ਵੋਟਾਂ ਨਾਲ ਹੀ ਚੱਲ ਰਿਹਾ ਹੈ। ਭਾਜਪਾ ਨੂੰ ਜੋ ਹੋਰ ਵਰਗਾਂ ਦੇ ਵੋਟ ਮਿਲਦੇ ਹਨ ਉਹ ਘਟਦੇ-ਵਧਦੇ ਰਹਿੰਦੇ ਹਨ, ਪਰ ਭਾਜਪਾ ਜਿੱਤੇ ਜਾਂ ਹਾਰੇ ਜਨਰਲ ਵਰਗ ਦੇ ਲਗਭਗ 80 ਫ਼ੀਸਦੀ ਵੋਟਰ ਪਿਛਲੇ 11 ਸਾਲਾਂ ਤੋਂ ਕਮਲ ਦੇ ਨਿਸ਼ਾਨ ਵਾਲਾ ਬਟਨ ਹੀ ਦਬਾ ਰਹੇ ਹਨ। ਭਾਜਪਾ ਵੋਟਰਾਂ ਦੇ ਇਸ ਪ੍ਰਭਾਵਸ਼ਾਲੀ ਸਮੂਹ ਦੀ ਉੱਚੀ ਤੇ ਸਪੱਸ਼ਟ ਆਵਾਜ਼ ਹੈ: ਮੋਦੀ ਇਕ ਪਾਸੇ ਯੂ.ਜੀ.ਸੀ. ਨਿਯਮਾਵਲੀ (ਇਕੁਇਟੀ) ਸੰਕਟ ਦਾ ਸਾਹਮਣਾ ਕਰ ਰਹੇ ਹਨ, ਦੂਜੇ ਪਾਸੇ ਜਨਰਲ ਨਰਵਾਣੇ ਦੀ ਕਿਤਾਬ ’ਚ ਉਨ੍ਹਾਂ ਦੀ ਕਾਇਰਤਾ ਦਾ ਪਰਦਾਫਾਸ਼ ਹੋਇਆ ਹੈ। ਇਕ ਪਾਸੇ ਟਰੰਪ ਨਾਲ ਵਪਾਰ ਸੌਦੇ ਤੋਂ ਪੈਦਾ ਹੋਣ ਵਾਲੀਆਂ ਸੰਭਾਵੀ ਆਫ਼ਤਾਂ ਤੇ ਦੂਜੇ ਪਾਸੇ ਐਪਸਟੀਨ ਫਾਈਲਾਂ ’ਚ ਹਰਦੀਪ ਪੁਰੀ ਕਾਰਨ ਮੋਦੀ ਸਰਕਾਰ ਫਸੀ ਹੋਈ ਹੈ। ਇਧਰ-ਉਧਰ ਦੀਆਂ ਬਹੁਤ ਗੱਲਾਂ ਹੋਈਆਂ ਹਨ, ਪਰ ਇਨ੍ਹਾਂ ਮੁੱਦਿਆਂ ’ਤੇ ਪ੍ਰਧਾਨ ਮੰਤਰੀ ਦੀ ਆਵਾਜ਼ ਤੱਕ ਨਹੀਂ ਸੁਣੀ ਗਈ। ਮੋਦੀ ਨੇ ਅਜੇ ਤੱਕ ਉਪਰੋਕਤ ਚਾਰ ਸੰਕਟਾਂ ਬਾਰੇ ਇਕ ਸ਼ਬਦ ਨਹੀਂ ਕਿਹਾ।



ਇਸ ਤੋਂ ਪੰਜ ਗੱਲਾਂ ਸਪੱਸ਼ਟ ਹੁੰਦੀਆਂ ਹਨ- ਪਹਿਲੀ ਮੋਦੀ ਦੀ ਇਹ ਦੁਰਦਸ਼ਾ ਖ਼ੁਦ ਉਨ੍ਹਾਂ ਦੀਆਂ ਆਪਣੀਆਂ ਤੇ ਉਨ੍ਹਾਂ ਦੇ ਰਣਨੀਤੀਕਾਰਾਂ ਦੀਆਂ ਗਲਤੀਆਂ ਦਾ ਨਤੀਜਾ ਹੈ। ਯੂ.ਜੀ.ਸੀ. ਨਿਯਮਾਵਲੀ ਇਸ ਲਈ ਜਾਰੀ ਕੀਤੀ ਗਈ ਸੀ, ਕਿਉਂਕਿ ਮੋਦੀ, ਰਾਹੁਲ ਨੂੰ ਉਨ੍ਹਾਂ ਦੀ ਹੀ (ਓਬੀਸੀ, ਦਲਿਤ, ਆਦਿਵਾਸੀ ਤੇ ਸਮਾਜਿਕ ਨਿਆਂ) ਪਿੱਚ ’ਤੇ ਘੇਰਨਾ ਚਾਹੁੰਦੇ ਸਨ, ਪਰ ਕਦਮ ਉਠਾਉਣ ਸਾਰ ਉਹ ਖ਼ੁਦ ਹੀ ਫਸ ਗਏ। ਲੋਕ ਪੁੱਛ ਰਹੇ ਹਨ ਕਿ ਹਰਦੀਪ ਪੁਰੀ ਉਸ ਐਪਸਟੀਨ ਨਾਲ ਕਿਉਂ ਮਿਲ ਰਿਹਾ ਸੀ, ਜੋ 2008 ’ਚ ਜਿਨਸੀ ਅਪਰਾਧਾਂ ਦਾ ਇਕਬਾਲ ਕਰਨ ਤੋਂ ਬਾਅਦ 13 ਮਹੀਨੇ ਪਹਿਲਾਂ ਹੀ ਜੇਲ੍ਹ ਕੱਟ ਚੁੱਕਾ ਸੀ ਤੇ ਇੱਕ ਰਜਿਸਟਰਡ ਸੈਕਸ ਅਪਰਾਧੀ ਸੀ। ਜਦੋਂ ਐਪਸਟੀਨ ਕੋਲ ਓਬਾਮਾ ਪ੍ਰਸ਼ਾਸਨ ’ਚ ਕੋਈ ਅਹੁਦਾ ਨਹੀਂ ਸੀ ਤਾਂ ਉਹ ‘ਮੇਕ ਇਨ ਇੰਡੀਆ’ ਜਾਂ ਪੇਂਡੂ ਭਾਰਤ ’ਚ ਇੰਟਰਨੈੱਟ ਦੇ ਵਿਸਥਾਰ ’ਤੇ ਪੁਰੀ ਨੂੰ ਕੀ ਸਲਾਹ ਦੇ ਸਕਦਾ ਸੀ? ਪੁਰੀ ਐਪਸਟੀਨ ਦੀ ਅਸਲੀਅਤ ਤੋਂ ਕਿਵੇਂ ਅਣਜਾਣ ਸੀ, ਜਦੋਂ ਹਰ ਕੋਈ ਇਹ ਪਹਿਲਾਂ ਤੋਂ ਜਾਣਦਾ ਸੀ? ਫਿਰ ਮੋਦੀ ਨੇ ਪੁਰੀ ਨੂੰ ਆਪਣਾ ਮੰਤਰੀ ਕਿਉਂ ਨਿਯੁਕਤ ਕੀਤਾ? ਪਿਊਸ਼ ਗੋਇਲ ਤੇ ਹੋਰਾਂ ਨੇ ਅਮਰੀਕੀ ਵਪਾਰ ਸਮਝੌਤੇ ਦੇ ਜਸ਼ਨ ਕਿਉਂ ਮਨਾਉਣੇ ਸ਼ੁਰੂ ਕਰ ਦਿੱਤੇ, ਜਿਸ ’ਤੇ ਅਜੇ ਦਸਤਖ਼ਤ ਹੋਣੇ ਵੀ ਬਾਕੀ ਹਨ। ਦੂਜਾ, ਰਾਹੁਲ ਗਾਂਧੀ ਨੇ ਸੰਸਦ ਦੇ ਅੰਦਰ ਤੇ ਬਾਹਰ ਲਗਾਤਾਰ ਜਨਰਲ ਨਰਵਾਣੇ ਦੀ ਕਿਤਾਬ ’ਤੇ ਆਧਾਰਿਤ ਖੁਲਾਸੇ ਕਰਕੇ ਮੋਦੀ ਦੀ ਚੀਨ ਨੀਤੀ ਦਾ ਪਰਦਾਫਾਸ਼ ਕੀਤਾ ਹੈ। ਜੋ ਲੋਕ ਨਰਵਾਣੇ ਦੀ ਗੱਲ ਭੁੱਲ ਗਏ ਸਨ, ਉਹ ਉਨ੍ਹਾਂ ਦੀ ਕਿਤਾਬ ਦਾ ਹਿੰਦੀ ਅਨੁਵਾਦ ਹੋਣ ਬਾਅਦ ਲੱਖਾਂ-ਕਰੋੜਾਂ ਤੱਕ ਪਹੁੰਚ ਗਈ ਹੈ। ਆਮ ਲੋਕਾਂ ਦਾ ਕਹਿਣਾ ਹੈ ਕਿ ਮੋਦੀ ਸਿਰਫ਼ ਪਾਕਿਸਤਾਨ ਵਿਰੁੱਧ ਸ਼ੇਖੀ ਮਾਰ ਸਕਦੇ ਹਨ, ਪਰ ਉਹ ਚੀਨ ਅੱਗੇ ਢਿੱਲੇ ਪੈ ਜਾਂਦੇ ਹਨ। ਜ਼ਿਕਰਯੋਗ ਹੈ ਕਿ ਜਨਰਲ ਨਰਵਾਣੇ ਦੀ ਕਿਤਾਬ ਦੀ ਪ੍ਰਸਤਾਵਨਾ ਜਨਰਲ ਵੀ.ਪੀ. ਮਲਿਕ ਦੁਆਰਾ ਲਿਖੀ ਗਈ ਹੈ, ਜੋ ਕਾਰਗਿਲ ਯੁੱਧ ਲਈ ਮਸ਼ਹੂਰ ਹਨ। ਇਸ ਕਿਤਾਬ ਦੀ ਸਿਫਾਰਸ਼ ਜਨਰਲ ਵੀ.ਕੇ. ਸਿੰਘ ਦੁਆਰਾ ਕੀਤੀ ਗਈ ਹੈ, ਜੋ 10 ਸਾਲ ਤੱਕ ਮੋਦੀ ਦੀ ਸਰਕਾਰ ਵਿਚ ਮੰਤਰੀ ਰਹੇ ਹਨ ਤੇ ਹੁਣ ਮੋਦੀ ਸਰਕਾਰ ਦੁਆਰਾ ਨਿਯੁਕਤ ਰਾਜਪਾਲ ਹਨ। ਕੀ ਮੋਦੀ ਇਸ ਕਿਤਾਬ ਨੂੰ ਲਿਖਣ ਲਈ ਨਰਵਾਣੇ, ਜਨਰਲ ਮਲਿਕ ਤੇ ਜਨਰਲ ਵੀ.ਕੇ. ਸਿੰਘ ਦਾ ਕੋਰਟ-ਮਾਰਸ਼ਲ ਕਰਵਾਉਣਗੇ? ਇਨ੍ਹਾਂ ਸਵਾਲਾਂ ਦੇ ਕੋਈ ਜਵਾਬ ਨਹੀਂ ਮਿਲ ਰਹੇ ਹਨ ਤੇ ਸਰਕਾਰ ਕੋਲ ਹੁਣ ਸੰਸਦ ਵਿੱਚ ਇਸ ਮੁੱਦੇ ’ਤੇ ਚਰਚਾ ਕਰਨ ਦੀ ਹਿੰਮਤ ਨਹੀਂ ਹੈ।

ਤੀਜਾ, ਭਾਜਪਾ ਦੇ ਮੁੱਖ ਵੋਟਰ ਮੋਦੀ ਤੋਂ ਅਸੰਤੁਸ਼ਟ ਹਨ, ਪਰ ਉਹ ਕਿਸੇ ਵੀ ਵਿਰੋਧੀ ਪਾਰਟੀ ਵੱਲ ਜਾਣ ਦੀ ਬਜਾਏ ਭਾਜਪਾ ਦੇ ਅੰਦਰ ਮੋਦੀ ਦੇ ਬਦਲ ਦੀ ਭਾਲ ਕਰ ਰਹੇ ਹਨ। ਚੌਥਾ, ਅਮਿਤ ਸ਼ਾਹ ਨਾਲ ਭਾਜਪਾ ਦਾ ‘ਕੋਰ’ ਵੋਟਰ ਬਹੁਤ ਨਾਰਾਜ਼ ਹੈ। ਇਨ੍ਹਾਂ ਵੋਟਰਾਂ ਅਨੁਸਾਰ ਅਮਿਤ ਸ਼ਾਹ, ਮੁੱਖ ਮੰਤਰੀ ਯੋਗੀ ਨੂੰ ਪ੍ਰੇਸ਼ਾਨ ਕਰਕੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣਾ ਚਾਹੁੰਦੇ ਹਨ ਅਤੇ ਖ਼ੁਦ ਮੋਦੀ ਦੇ ਉੱਤਰਾਧਿਕਾਰੀ ਬਣਨਾ ਚਾਹੁੰਦੇ ਹਨ। ਯੋਗੀ ਤੇ ਅਮਿਤ ਸ਼ਾਹ ਵਿਚਾਲੇ ਤਲਖੀ ਹੁਣ ਰਾਜਨੀਤਿਕ ਅਟਕਲਾਂ ਤੱਕ ਸੀਮਤ ਨਹੀਂ ਰਹਿ ਗਈ ਹੈ। ਪੰਜਵਾਂ, ਇਨ੍ਹਾਂ ਵੋਟਰਾਂ ਨੂੰ ਯੋਗੀ ਵਿੱਚ ਇੱਕ ਬਣਿਆ ਬਣਾਇਆ ਬਦਲ ਦਿਖਾਈ ਦਿੰਦਾ ਹੈ, ਪਰ ਜਲਦਬਾਜ਼ੀ ਵਿਚ ਇਹ ਨਾ ਸਮਝ ਲਿਆ ਜਾਵੇ ਕਿ ਯੋਗੀ ਨੂੰ ਨੇੜ ਭਵਿੱਖ ’ਚ ਮੋਦੀ ਦੀ ਜਗ੍ਹਾ ਬਿਠਾ ਦਿੱਤਾ ਜਾਏਗਾ, ਉਹ ਸਮਾਂ ਆਉਣ ’ਚ ਅਜੇ ਬਹੁਤ ਦੇਰ ਹੈ। ਹਿੰਦੂਤਵ ਦੀ ਸਿਆਸੀ ਲੀਡਰਸ਼ਿਪ ਇਸ ਮੁੱਦੇ ’ਤੇ ਦੁਚਿੱਤੀ ਵਿੱਚ ਹੈ। ਵੋਟਰ ਜੋ ਵੀ ਕਹਿਣ ਜਾਂ ਸੰਕੇਤ ਦੇਣ ਪਰ ਆਰ.ਐੱਸ.ਐੱਸ. (ਸੰਘ) ਦੀ ਪਹਿਲੀ ਪਸੰਦ ਮੋਦੀ ਹੀ ਹਨ, ਯੋਗੀ ਵੀ ਸੰਘ ਦੀ ਪਸੰਦ ਹਨ, ਉਹ ਵੀ ਸੰਘ ਦੇ ਸਮਰਥਨ ਨਾਲ ਹੀ ਇਸ ਅਹੁਦੇ ’ਤੇ ਪਹੁੰਚੇ ਹਨ। ਸੰਘ ਪਰਿਵਾਰ ਨੂੰ ਭਾਜਪਾ ਦੇ ਮੁੱਖ ਵੋਟਰਾਂ ਦਾ ਸੁਨੇਹਾ ਮਿਲ ਚੁੱਕਾ ਹੈ, ਪਰ ਮੇਰਾ ਮੰਨਣਾ ਹੈ ਕਿ ਸੰਘ ਜਲਦਬਾਜ਼ੀ ’ਚ ਕੋਈ ਫ਼ੈਸਲਾ ਨਹੀਂ ਕਰੇਗਾ, ਕਿ ਕੇਂਦਰ ’ਚ ਲੰਬੀ ਉਡੀਕ ਬਾਅਦ ਪ੍ਰਾਪਤ ਕੀਤੀ ਸੱਤਾ ਗੁਆਚ ਜਾਵੇ। ਭਾਜਪਾ ਦੇ ਮੁੱਖ ਵੋਟਰ ਮੋਦੀ-ਯੋਗੀ ਦੀ ਜੋੜੀ ਬਣਾਉਣ ਬਾਰੇ ਸੋਚ ਰਹੇ ਸਨ, ਜੋ 2024 ਦੀਆਂ ਚੋਣਾਂ ਵਿੱਚ ਭੰਗ ਹੋ ਗਈ ਸੀ, ਕਿਉਂਕਿ ਉੱਤਰ ਪ੍ਰਦੇਸ਼ ’ਚ ਮੋਦੀ-ਸ਼ਾਹ ਦੀ ਜੋੜੀ ਨੇ ਯੋਗੀ ਦੁਆਰਾ ਸਿਫਾਰਸ਼ ਕੀਤੇ ਗਏ ਇੱਕ ਵੀ ਉਮੀਦਵਾਰ ਨੂੰ ਲੋਕ ਸਭਾ ਦੀ ਟਿਕਟ ਨਹੀਂ ਸੀ ਦਿੱਤੀ। ਫਿਰ ‘ਅਪਰੇਸ਼ਨ ਸੰਧੂਰ’ ਹੋਇਆ ਤਾਂ ਭਾਜਪਾ ਦੇ ਮੁੱਖ ਵੋਟਰ ਇਸ ਗੱਲ ਤੋਂ ਨਾਰਾਜ਼ ਸਨ ਕਿ ਜੰਗਬੰਦੀ ਦਾ ਐਲਾਨ ਮੋਦੀ ਦੁਆਰਾ ਨਹੀਂ, ਸਗੋਂ ਟਰੰਪ ਦੁਆਰਾ ਕੀਤਾ ਗਿਆ ਅਤੇ ਮੋਦੀ ਚੁੱਪ ਰਹੇ। ਫਿਰ 13 ਜਨਵਰੀ ਨੂੰ ਯੂ.ਜੀ.ਸੀ. ਨਿਯਮਾਵਲੀ ਲਿਆਉਣ ’ਤੇ ਭਾਜਪਾ ਦੀਆਂ ਮੁੱਖ ਸਮਰਥਕ ਉੱਚ ਜਾਤੀਆਂ ਨਾਰਾਜ਼ ਹੋ ਗਈਆਂ ਤੇ ਉਹ ਮੋਦੀ ਦੀ ਥਾਂ ਯੋਗੀ ਨੂੰ ਲਿਆਉਣ ਲਈ ਜ਼ੋਰ ਪਾ ਰਹੀਆਂ ਹਨ।




## .ਗਾਜ਼ਾ ਪੱਟੀ ਵਿੱਚ ਇਜ਼ਰਾਇਲ ਵੱਲੋਂ ਮਨੁੱਖਤਾ ਦਾ ਘਾਣ ਜਾਰੀ

## ਰੂਸ ਅਤੇ ਯੂਕ੍ਰੇਨ ਜੰਗ ਨੂੰ ਵੀ ਅਜੇ ਨਹੀਂ ਲੱਗੀਆਂ ਬਰੇਕਾਂ

ਦੋ ਵਿਸ਼ਵ ਜੰਗਾਂ ਦਾ ਸਾਹਮਣਾ ਕਰ ਚੁੱਕੀ ਇਸ ਦੁਨੀਆ ਦੀਆਂ ਬਰੂੰਹਾਂ 'ਤੇ ਹੁਣ ਤੀਜੀ ਵਿਸ਼ਵ ਜੰਗ ਦਸਤਕ ਦੇਣ ਲੱਗੀ ਹੈ। ਇਹ ਵਿਸ਼ਵ ਜੰਗ ਨਾ ਤਾਂ 'ਜਰ' ਲਈ ਹੋਵੇਗੀ, ਨਾ 'ਜੋਰੂ' ਲਈ ਤੇ ਨਾ ਹੀ 'ਜ਼ਮੀਨ' ਲਈ। ਇਹ ਜੰਗ ਜਾਂ ਤਾਂ 'ਤੇਲ' ਲਈ ਹੋਵੇਗੀ ਜਾਂ ਫਿਰ 'ਪਾਣੀ' ਲਈ। ਇਸ ਸਮੇਂ 'ਤੇਲ' ਅਤੇ 'ਪਾਣੀ' ਵਿਸ਼ਵ ਦੀ 'ਵੱਡੀ ਲੋੜ' ਬਣੇ ਹੋਏ ਹਨ। ਇਹੋ ਕਾਰਨ ਹੈ ਕਿ ਵਿਸ਼ਵ ਦੇ 'ਤੇਲ ਅਤੇ ਪਾਣੀ ਦੇ ਸੋਮਿਆਂ' 'ਤੇ ਕੰਟਰੋਲ ਕਰਨ ਲਈ ਅਮਰੀਕਾ ਸਮੇਤ ਵੱਡੀਆਂ ਵਿਸ਼ਵ ਸ਼ਕਤੀਆਂ ਤਰਲੋਮੱਛੀ ਹੋ ਰਹੀਆਂ ਹਨ ਅਤੇ ਉਹ ਕੋਈ ਨਾ ਕੋਈ ਬਹਾਨਾ ਲਗਾ ਕੇ 'ਤੇਲ ਅਤੇ ਪਾਣੀ' ਦੇ ਕੁਦਰਤੀ ਭੰਡਾਰਾਂ ਵਾਲੇ ਮੁਲਕਾਂ 'ਤੇ ਕਬਜ਼ਾ ਕਰਨ ਦਾ ਯਤਨ ਕਰ ਰਹੀਆਂ ਹਨ। ਅਮਰੀਕਾ ਵੱਲੋਂ ਲੰਘੇ ਦਿਨੀਂ ਵੈਨੇਜ਼ੁਏਲਾ ਉੱਪਰ ਕੀਤਾ ਗਿਆ ਹਮਲਾ ਅਤੇ ਉੱਥੋਂ ਦੇ 'ਤੇਲ ਸੋਮਿਆਂ' 'ਤੇ ਕੀਤਾ ਕਬਜ਼ਾ ਆਪਣੀ ਇਹੋ ਦਾਸਤਾਨ ਤਾਂ ਕਹਿ ਰਿਹਾ ਹੈ। ਇਸ ਤੋਂ ਪਹਿਲਾਂ ਅਮਰੀਕਾ ਵੱਲੋਂ ਪਰਮਾਣੂ ਹਥਿਆਰਾਂ ਦਾ ਬਹਾਨਾ ਲਗਾ ਕੇ ਇਰਾਕ ਨੂੰ ਤਬਾਹ ਕੀਤਾ ਗਿਆ ਅਤੇ ਉਥੇ ਆਪਣੀ ਕਠਪੁਤਲੀ ਸਰਕਾਰ ਬਣਾ ਕੇ ਉਥੋਂ ਦੇ 'ਕੁਦਰਤੀ ਤੇਲ ਸੋਮਿਆਂ' 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ। ਹੁਣ ਉਸ ਦੀ ਅੱਖ ਇਰਾਨ ਦੇ 'ਤੇਲ ਸੋਮਿਆਂ' 'ਤੇ ਹੈ। ਇਰਾਨ ਵਿਰੁੱਧ ਵੀ ਅਮਰੀਕਾ ਵੱਲੋਂ ਪਰਮਾਣੂ ਹਥਿਆਰਾਂ ਵਾਲਾ ਬਹਾਨਾ ਲਗਾਇਆ ਜਾ ਰਿਹਾ ਹੈ। ਅਖੇ ਇਰਾਨ ਆਪਣੇ ਪਰਮਾਣੂ ਹਥਿਆਰ ਬਣਾ ਰਿਹਾ ਹੈ। ਭਲੇ ਮਾਨਸੋ, ਜਦੋਂ ਅਮਰੀਕਾ ਖੁਦ ਪਰਮਾਣੂ ਹਥਿਆਰ ਬਣਾ ਚੁੱਕਿਆ ਹੈ ਅਤੇ ਵੱਡੀ ਪਰਮਾਣੂ ਸ਼ਕਤੀ ਬਣ ਚੁੱਕਿਆ ਹੈ ਤਾਂ ਫਿਰ ਇਰਾਨ ਦੇ ਵੱਲੋਂ ਪਰਮਾਣੂ ਹਥਿਆਰ ਬਣਾਉਣ 'ਤੇ ਏਨਾ ਰੌਲਾ ਕਿਓਂ? ਅਸਲ ਵਿੱਚ ਲੁਕਵੀਂ ਗੱਲ ਤਾਂ ਇਰਾਨ ਦੇ 'ਤੇਲ ਸੋਮਿਆਂ' ਦੀ ਹੈ, ਜਿਸ ਉੱਪਰ ਅਮਰੀਕਾ ਦਾ ਅੱਖ ਹੈ। ਅਮਰੀਕਾ ਦੇ ਰਾਸ਼ਟਰਪਤੀ



ਜਗਮੋਹਨ ਸਿੰਘ 'ਲੱਕੀ'
9463819174

ਡੋਨਾਲਡ ਟਰੰਪ ਵੱਡੇ ਵਪਾਰੀ ਹਨ ਅਤੇ ਉਹ ਹਰ ਦੇਸ਼ ਨਾਲ ਅਮਰੀਕਾ ਦੇ ਸਬੰਧਾਂ ਵਿਚੋਂ ਅਮਰੀਕਾ ਲਈ ਵਪਾਰਕ ਲਾਭ ਭਾਲਦੇ ਹਨ। ਉਹ ਅਮਰੀਕਾ ਨੂੰ ਦੁਨੀਆ ਦਾ ਸਰਦਾਰ ਬਣਾਉਣਾ ਚਾਹੁੰਦੇ ਹਨ ਪਰ ਚੀਨ ਅਤੇ ਰੂਸ ਵੱਲੋਂ ਅਮਰੀਕਾ ਨੂੰ ਸਖ਼ਤ ਚੁਣੌਤੀ ਦਿੱਤੀ ਜਾ ਰਹੀ ਹੈ। ਜਿਸ ਕਾਰਨ ਵਿਸ਼ਵ ਵਿੱਚ ਟਕਰਾਓ ਦਿਨੋਂ ਦਿਨ ਵੱਧ ਰਿਹਾ ਹੈ ਅਤੇ ਤੀਜੀ ਵਿਸ਼ਵ ਜੰਗ ਸ਼ੁਰੂ ਹੋਣ ਦੇ ਆਸਾਰ ਬਣਦੇ ਜਾ ਰਹੇ ਹਨ।

ਇੱਕ ਪਾਸੇ ਅਮਰੀਕਾ ਦੀ ਵਿਚੋਲਗੀ ਵਿੱਚ ਰੂਸ ਅਤੇ ਯੂਕ੍ਰੇਨ ਵਿਚਾਲੇ ਸ਼ਾਂਤੀ ਗੱਲਬਾਤ ਜਾਰੀ ਹੈ, ਪਰ ਦੂਜੇ ਪਾਸੇ ਦੋਵੇਂ ਦੇਸ਼ ਇੱਕ ਦੂਜੇ 'ਤੇ ਹਮਲੇ ਵੀ ਕਰੀ ਜਾ ਰਹੇ ਹਨ। ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਵਿੱਚ ਦੋਵਾਂ ਦੇਸ਼ਾਂ ਦਾ ਵੱਡਾ ਨੁਕਸਾਨ ਹੋ ਚੁੱਕਿਆ ਹੈ ਪਰ ਦੋਵਾਂ ਵਿਚੋਂ ਕੋਈ ਵੀ ਝੁਕਣ ਲਈ ਤਿਆਰ ਨਹੀਂ। ਰੂਸ ਨੂੰ ਜਿੱਥੇ ਆਪਣੇ ਆਪ 'ਤੇ ਵੱਡੀ ਪਰਮਾਣੂ ਸ਼ਕਤੀ ਹੋਣ ਦਾ ਮਾਣ ਹੈ, ਉਥੇ ਯੂਕ੍ਰੇਨ ਨੂੰ ਵੀ ਯੂਰੋਪੀਅਨ ਅਤੇ ਨਾਟੋ ਦੇਸ਼ਾਂ ਦੀ ਸ਼ਹਿ ਪ੍ਰਾਪਤ ਹੈ। ਜਿਸ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਜੰਗ ਰੁਕਣ ਦੀ ਥਾਂ ਦਿਨੋਂ ਦਿਨ ਭੜਕ ਰਹੀ ਹੈ। ਰੂਸ ਅਤੇ ਯੂਕ੍ਰੇਨ ਕੁਦਰਤੀ ਸੁੰਦਰਤਾ ਨਾਲ ਭਰਪੂਰ ਦੇਸ਼ ਹਨ। ਕੁਦਰਤ ਨੇ ਇਹਨਾਂ ਦੇਸ਼ਾਂ ਦੇ ਕਈ ਇਲਾਕਿਆਂ ਨੂੰ ਰੱਜ ਕੇ ਹੁਸਨ ਬਖ਼ਸ਼ਿਆ ਹੈ ਪਰ ਇਨ੍ਹਾਂ ਦੋਵਾਂ ਦੇਸ਼ਾਂ ਵੱਲੋਂ ਕੁਦਰਤ ਦੇ ਸਰੋਤਾਂ ਦੀ ਸੰਭਾਲ ਨਹੀਂ ਕੀਤੀ ਗਈ ਜਿਸ ਕਾਰਨ ਉਥੇ ਰੁਮਕਦੀ ਤਾਜ਼ੀ ਅਤੇ ਠੰਡੀ ਹਵਾ ਵਿੱਚ ਬਾਰੂਦ ਦੀ ਮੁਸ਼ਕ ਰਲ ਗਈ ਹੈ। ਦੋਵਾਂ ਦੇਸ਼ਾਂ ਦੇ ਵੱਖ ਵੱਖ ਸ਼ਹਿਰਾਂ



**ਵਿਸ਼ਵ ਵਿੱਚ ਇਸ ਸਮੇਂ 'ਤੇਲ' ਅਤੇ 'ਪਾਣੀ' ਬਹੁਤ ਮਹੱਤਵਪੂਰਨ ਬਣੇ ਹੋਏ ਹਨ। ਦੋਵਾਂ ਬਿਨਾਂ ਮਨੁੱਖ ਦੀ ਜ਼ਿੰਦਗੀ ਅਧੂਰੀ ਹੈ। ਪਾਣੀ ਤਾਂ ਮਨੁੱਖ ਦੇ ਜਿਉਂਦੇ ਰਹਿਣ ਲਈ ਜ਼ਰੂਰੀ ਵਸਤੂ ਹੈ, ਜਦੋਂ ਕਿ ਜ਼ਿੰਦਗੀ ਨੂੰ ਸਹੀ ਢੰਗ ਨਾਲ ਮਾਨਣ ਲਈ 'ਤੇਲ' ਵੀ ਹੁਣ ਜ਼ਰੂਰੀ ਸ਼ੈਅ ਬਣ ਗਿਆ ਹੈ। ਵਿਸ਼ਵ ਵਿੱਚ ਜਿੱਥੇ ਸ਼ੁੱਧ ਅਤੇ ਸਾਫ਼ ਪਾਣੀ ਦੇ ਕੁਦਰਤੀ ਸੋਮੇ ਮੁੱਕਦੇ ਅਤੇ ਸੁੱਕਦੇ ਜਾ ਰਹੇ ਹਨ, ਉਥੇ ਕੁਦਰਤੀ ਤੇਲ ਦੀ ਘਾਟ ਵੀ ਸਾਹਮਣੇ ਆ ਰਹੀ ਹੈ। ਇਸੇ ਕਾਰਨ ਵਿਸ਼ਵ ਦੇ ਵੱਖ ਵੱਖ ਮੁਲਕਾਂ ਵਿਚਾਲੇ ਕੁਦਰਤੀ ਪਾਣੀ ਅਤੇ ਤੇਲ ਦੇ ਸੋਮਿਆਂ 'ਤੇ ਕਬਜ਼ੇ ਦੀ ਲੜਾਈ ਵੀ ਸ਼ੁਰੂ ਹੋ ਗਈ ਹੈ।**

ਵਿੱਚ ਜਿੱਥੇ ਪਹਿਲਾਂ ਆਲੀਸ਼ਾਨ ਗਗਨਚੁੰਬੀ ਇਮਾਰਤਾਂ ਨਜ਼ਰ ਆਉਂਦੀਆਂ ਸਨ, ਉਥੇ ਹੁਣ ਖੰਡਰ ਨਜ਼ਰ ਆ ਰਹੇ ਹਨ। ਜਨੇਵਾ ਵਿੱਚ ਅਮਰੀਕਾ ਦੀ ਵਿਚੋਲਗੀ ਨਾਲ ਮਾਸਕੋ ਅਤੇ ਕੀਵ ਦੇ ਵਾਰਤਾਕਾਰਾਂ




ਵਿੱਚ ਚੱਲ ਰਹੀ ਤਿੰਨ ਧਿਰੀ ਗੱਲਬਾਤ ਬੇਸਿੱਟਾ ਰਹੀ ਹੈ ਭਾਵੇਂ ਕਿ ਇਸ ਮੀਟਿੰਗ ਵਿੱਚ ਮੌਜੂਦ ਤਿੰਨੇ ਦੇਸ਼ਾਂ ਦੇ ਅਧਿਕਾਰੀਆਂ ਨੇ ਕਰੀਬ ਚਾਰ ਪਹਿਲਾਂ ਯੂਕ੍ਰੇਨ ਉੱਤੇ ਰੂਸ ਦੇ ਹਮਲੇ ਕਰਕੇ ਪੈਦਾ ਹੋਏ ਸਿਆਸੀ ਅਤੇ ਫ਼ੌਜੀ ਵਖਰੇਵੇਂ ਦੂਰ ਕਰਨ ਦਾ ਯਤਨ ਕੀਤਾ ਪਰ ਮੀਟਿੰਗ ਕਿਸੇ ਤਣ ਪੱਤਣ ਨਹੀਂ ਲੱਗ ਸਕੀ। ਜਿਸ ਕਾਰਨ ਰੂਸ ਅਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ ਨੂੰ ਬਰੇਕਾਂ ਲੱਗਣ ਦੇ ਆਸਾਰ ਅਜੇ ਮੱਧਮ ਹਨ। ਅਮਰੀਕਾ ਵੱਲੋਂ ਜਿੱਥੇ ਮੈਕਸੀਕੋ ਅਤੇ ਹੋਰ ਮੁਲਕਾਂ ਨੂੰ ਦਬਕੇ ਮਾਰੇ ਜਾ ਰਹੇ ਹਨ, ਉਥੇ ਉਸ ਵੱਲੋਂ ਹੁਣ ਕੈਰੇਬਿਆਈ ਖ਼ਿੱਤੇ ਦੇ ਪ੍ਰਮੁੱਖ ਦੇਸ਼ ਕਿਊਬਾ ਦੀ ਆਰਥਿਕ ਨਾਕਾਬੰਦੀ ਕੀਤੀ ਜਾ ਰਹੀ ਹੈ। ਕਿਊਬਾ ਵਿਰੁੱਧ 1960ਵਿਆਂ ਤੋਂ ਸ਼ੁਰੂ ਹੋਈ ਅਮਰੀਕੀ ਆਰਥਿਕ ਨਾਕਾਬੰਦੀ ਆਧੁਨਿਕ ਇਤਿਹਾਸ ਵਿੱਚ ਸਭ ਤੋਂ ਲੰਮੇ ਸਮੇਂ ਤੱਕ ਚੱਲਣ ਵਾਲੀਆਂ ਪਾਬੰਦੀਆਂ ਵਿੱਚੋਂ ਇੱਕ ਹੈ। ਕਿਊਬਾ ਇਸ ਸਮੇਂ ਟਰੰਪ ਪ੍ਰਸ਼ਾਸਨ ਦੇ ਆਰਥਿਕ ਹੱਲੇ ਦੀ ਮਾਰ ਹੇਠ ਹੈ। ਦੱਖਣੀ ਅਮਰੀਕਾ 'ਚ ਵੈਨੇਜ਼ੁਏਲਾ ਨੂੰ ਝੁਕਾਉਣ ਤੋਂ ਬਾਅਦ ਟਰੰਪ ਦਾ ਅਗਲਾ ਨਿਸ਼ਾਨਾ ਹੁਣ ਕਿਊਬਾ ਹੈ। ਵੈਨੇਜ਼ੁਏਲਾ ਦੇ ਤੇਲ ਉੱਤੇ ਅਮਰੀਕੀ ਕੰਟਰੋਲ ਸਥਾਪਤ ਹੋਣ ਤੋਂ ਤੁਰੰਤ ਬਾਅਦ ਟਰੰਪ ਪ੍ਰਸ਼ਾਸਨ ਨੇ ਕਿਊਬਾ ਨੂੰ ਹੋ ਰਹੀ ਤੇਲ ਦੀ ਬਰਾਮਦ 'ਤੇ ਰੋਕ ਲਗਾ ਦਿੱਤੀ। ਨਾਲ ਹੀ ਟਰੰਪ ਨੇ ਕਿਊਬਾ ਨੂੰ ਅਸਿੱਧੇ ਤੌਰ 'ਤੇ ਤੇਲ ਵੇਚਣ ਵਾਲੇ ਦੇਸ਼ਾਂ ਨੂੰ ਟੈਰਿਫ ਦੀ ਧਮਕੀ ਦੇ ਕੇ ਕਿਊਬਾ ਦੀ ਪੂਰੀ ਤਰ੍ਹਾਂ ਘੇਰਾਬੰਦੀ ਕਰ ਦਿੱਤੀ। ਟਰੰਪ ਪ੍ਰਸ਼ਾਸਨ ਵੱਲੋਂ ਊਰਜਾ ਸਰੋਤਾਂ ਉੱਤੇ ਨਵੀਆਂ ਆਰਥਿਕ ਪਾਬੰਦੀਆਂ ਲਗਾਉਣ ਨਾਲ ਕਿਊਬਾ ਡੂੰਘੇ ਆਰਥਿਕ ਤੇ ਸਮਾਜਿਕ ਸੰਕਟ ਵਿੱਚ ਘਿਰ ਗਿਆ ਹੈ। ਇਹ ਆਪਣੀਆਂ ਘਰੇਲੂ ਤੇਲ ਲੋੜਾਂ ਦੀ ਪੂਰਤੀ ਲਈ ਵੈਨੇਜ਼ੁਏਲਾ ਅਤੇ ਮੈਕਸਿਕੋ ਤੋਂ ਲਗਭਗ 75 ਫ਼ੀਸਦੀ ਤੇਲ ਮੰਗਵਾਉਂਦਾ ਸੀ। ਘਰੇਲੂ ਤੇਲ ਪੈਦਾਵਾਰ ਨਾਂ-ਮਾਤਰ ਹੈ। ਤੇਲਬੰਦੀ ਤੋਂ ਬਾਅਦ ਕਿਊਬਾ ਦਾ ਅਰਥਚਾਰਾ ਕੁਝ ਕੁ ਦਿਨਾਂ 'ਚ ਬੁਰੀ ਤਰ੍ਹਾਂ ਡਾਵਾਂਡੋਲ ਹੋ ਗਿਆ। ਟਰੰਪ ਪ੍ਰਸ਼ਾਸਨ ਪੱਛਮੀ ਗੋਲਾਕਾਰ ਵਿੱਚ ਰੂਸ-ਚੀਨ ਦੇ ਪ੍ਰਭਾਵ ਨੂੰ ਖ਼ਤਮ ਕਰਕੇ ਅਮਰੀਕੀ ਸਰਦਾਰੀ ਦੀ ਬਹਾਲੀ ਹਿੱਤ ਲਾਤੀਨੀ ਅਮਰੀਕੀ ਮਹਾਂਦੀਪ ਵਿੱਚ ਹੋਰ ਵੱਧ ਹਮਲਾਵਰ ਰੁਖ਼ ਅਖ਼ਤਿਆਰ ਕਰ ਰਿਹਾ ਹੈ। ਅਮਰੀਕਾ ਦੀ 'ਕੌਮੀ ਸੁਰੱਖਿਆ ਰਣਨੀਤੀ' ਵਿੱਚ ਕਿਊਬਾ ਸਮੇਤ ਅਮਰੀਕਾ ਵਿਰੋਧੀ ਸੁਰ ਵਾਲੇ ਲਾਤੀਨੀ ਮੁਲਕਾਂ ਨੂੰ ਗੋਡੇ ਟੇਕਣ ਲਈ ਮਜਬੂਰ ਕਰਨਾ ਉਚੇਚੇ ਤੌਰ 'ਤੇ ਸ਼ਾਮਲ ਹੈ।

'ਗ਼ਾਜ਼ਾ ਪੱਟੀ' ਵਿੱਚ ਇਜ਼ਰਾਇਲ ਵੱਲੋਂ ਮਨੁੱਖਤਾ ਦਾ ਘਾਣ ਅਜੇ ਵੀ ਜਾਰੀ ਹੈ। ਭਾਵੇਂ ਕਿ ਇਜ਼ਰਾਇਲ ਅਤੇ ਫ਼ਲਸਤੀਨ ਵਿਚਾਲੇ ਸ਼ਾਂਤੀ ਸਮਝੌਤਾ ਹੋ ਚੁੱਕਿਆ ਹੈ ਪਰ ਇਜ਼ਰਾਇਲ ਵੱਲੋਂ ਇਸ ਸਮਝੌਤੇ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਵਿਸ਼ਵ ਦੇ ਹੋਰਨਾਂ ਦੇਸ਼ਾਂ ਵਿੱਚ ਵੀ ਤਨਾਓ ਪੈਦਾ ਹੋਣ ਕਾਰਨ ਜੰਗ ਵਰਗੇ ਹਾਲਾਤ ਬਣਦੇ ਜਾ ਰਹੇ ਹਨ। ਭਾਰਤ ਦਾ ਗੁਆਂਢੀ ਦੇਸ਼ ਪਾਕਿਸਤਾਨ ਭਾਰਤ ਵਿੱਚ ਅੱਤਵਾਦ ਨੂੰ ਸ਼ਹਿ ਦੇ ਕੇ ਅਤੇ ਭਾਰਤ ਵਿੱਚ ਅੱਤਵਾਦੀ ਤੇ ਹਿੰਸਕ ਘਟਨਾਵਾਂ ਕਰਵਾ ਕੇ ਭਾਰਤ ਵਿਰੁੱਧ ਲੁਕਵੀਂ ਜੰਗ ਲੜ ਰਿਹਾ ਹੈ। ਦੋਵੇਂ ਦੇਸ਼ ਕਈ ਵਾਰ ਸਿੱਧੀ ਜੰਗ ਲੜਨ ਲਈ ਆਹਮੋ ਸਾਹਮਣੇ ਹੋ ਚੁੱਕੇ ਹਨ। ਜੇ ਕਿਸੇ ਕਾਰਨ ਭਾਰਤ ਤੇ ਪਾਕਿਸਤਾਨ ਵਿਚਾਲੇ ਜੰਗ ਛਿੜ ਗਈ ਤਾਂ ਦੋਵੇਂ ਦੇਸ਼ਾਂ ਦੇ ਪਰਮਾਣੂ ਸੰਪੰਨ ਹੋਣ ਕਾਰਨ ਦੋਵੇਂ ਦੇਸ਼ ਹੀ ਤਬਾਹ ਹੋ ਜਾਣਗੇ। ਇਸੇ ਕਾਰਨ ਦੋਵਾਂ ਦੇਸ਼ਾਂ ਦੇ ਅਮਨ ਪਸੰਦ ਲੋਕ ਸ਼ਾਂਤੀ ਦੀ ਅਪੀਲ ਕਰਦੇ ਰਹਿੰਦੇ ਹਨ।

ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ, ਕਿਉਂਕਿ ਜੰਗ ਤਾਂ ਖੁਦ ਇੱਕ ਮਸਲਾ ਹੁੰਦੀ ਹੈ। ਇਸ ਕਾਰਨ ਕਿਸੇ ਵੀ ਮਸਲੇ ਦਾ ਹੱਲ ਜੰਗ ਨਾਲ ਨਹੀਂ ਹੋ ਸਕਦਾ। ਹਰ ਮਸਲੇ ਅਤੇ ਜੰਗਾਂ ਨੂੰ ਖਤਮ ਕਰਨ ਲਈ ਵੱਖ-ਵੱਖ ਮੁਲਕਾਂ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣਾ ਹੀ ਪੈਣਾ ਹੈ। ਇਸ ਲਈ ਵਿਸ਼ਵ ਦੇ ਸਾਰੇ ਦੇਸ਼ਾਂ ਨੂੰ ਜੰਗ ਦੀਆਂ ਤਿਆਰੀਆਂ ਕਰਨ ਦੀ ਥਾਂ ਆਪਸੀ ਮਸਲੇ ਗੱਲਬਾਤ ਰਾਹੀਂ ਹੱਲ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਵਿਸ਼ਵ ਅਮਨ ਸ਼ਾਂਤੀ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।







# ਸੁਤੰਤਰ ਤੇ ਨਿਰਪੱਖ ਚੋਣਾਂ: ਅਦਾਲਤੀ ਟਿੱਪਣੀਆਂ ਅਤੇ ਸੰਵਿਧਾਨਕ ਜ਼ਿੰਮੇਵਾਰੀ

ਡਾ. ਗਿਆਨ ਪਾਠਕ

ਸੁਪਰੀਮ ਕੋਰਟ ਵੱਲੋਂ ਚੋਣਾਂ ਦੌਰਾਨ ਆਦਰਸ਼ ਚੋਣ ਜ਼ਾਬਤਾ (ਐੱਸ.ਸੀ.ਸੀ.) ਲਾਗੂ ਹੋਣ ਤੋਂ ਬਾਅਦ ਵੋਟਰਾਂ ਨੂੰ ਸੱਤਾਧਾਰੀ ਪਾਰਟੀ ਦੁਆਰਾ ਸਿੱਧੇ 'ਕੈਸ਼ ਟ੍ਰਾਂਸਫਰ' ਦੇ ਅਮਲ ਨੂੰ ਭਾਰਤੀ ਚੋਣ ਕਮਿਸ਼ਨ ਵੱਲੋਂ ਨਜ਼ਰਅੰਦਾਜ਼ ਕਰਨ ਅਤੇ ਵੋਟਿੰਗ ਵਾਲੇ ਦਿਨ ਲਾਭਪਾਤਰੀਆਂ ਨੂੰ ਚੋਣ ਡਿਊਟੀ 'ਤੇ ਤਾਇਨਾਤ ਕਰਨ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰਨਾ ਅਣਉਚਿਤ ਹੈ। ਅਦਾਲਤ ਨੇ ਇੱਕ ਪਟੀਸ਼ਨਰ ਰਾਜਨੀਤਿਕ ਪਾਰਟੀ ਦੀ ਚੋਣਾਂ ਵਿੱਚ ਅਸਫਲਤਾ ਲਈ ਮਜ਼ਾਕੀਆ ਟਿੱਪਣੀ ਕੀਤੀ ਅਤੇ ਦੋਸ਼ਾਂ ਦੇ ਗੁਣ-ਦੋਸ਼ ਦੀ ਜਾਂਚ ਕੀਤੇ ਬਿਨਾਂ ਪਟੀਸ਼ਨ ਨੂੰ ਖਾਰਜ ਕਰਨ ਲਈ ਇੱਕ ਆਧਾਰ ਵੀ ਬਣਾਇਆ।

ਨਾਮਵਰ ਰਾਜਨੀਤਿਕ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੀ ਜਨ ਪਾਰਟੀ (ਜੇ.ਐੱਸ.ਪੀ.) ਦੁਆਰਾ ਦਾਇਰ ਪਟੀਸ਼ਨ 'ਤੇ ਪਿਛਲੇ ਦਿਨੀਂ ਸੁਣਵਾਈ ਕਰਨ ਤੋਂ ਇਨਕਾਰ ਕਰਦਿਆਂ ਭਾਰਤ ਦੇ ਚੀਫ਼ ਜਸਟਿਸ ਸੂਰਿਆਕਾਂਤ ਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਪਟੀਸ਼ਨਰ ਨੂੰ ਪਟਨਾ ਹਾਈ ਕੋਰਟ ਜਾਣ ਦਾ ਨਿਰਦੇਸ਼ ਦਿੱਤਾ। ਪਟੀਸ਼ਨਰ ਨੇ 2025 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਨੂੰ ਰੱਦ ਕਰਕੇ ਸੱਤਾਧਾਰੀ ਸੰਸਥਾ ਦੁਆਰਾ ਚੋਣਾਂ ਜਿੱਤਣ ਲਈ ਅਪਣਾਏ ਭ੍ਰਿਸ਼ਟ ਅਭਿਆਸਾਂ ਨੂੰ ਰੋਕ ਕੇ ਸੁਤੰਤਰ ਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਲਈ ਢੁਕਵੇਂ ਦਿਸ਼ਾ-ਨਿਰਦੇਸ਼ ਬਣਾਉਣ ਤੇ ਸਮੁੱਚੇ ਆਦੇਸ਼ ਦੇਣ ਦੀ ਮੰਗ ਕੀਤੀ ਸੀ।

ਸਭ ਤੋਂ ਪ੍ਰੇਸ਼ਾਨ ਕਰਨ ਵਾਲਾ ਪਹਿਲੂ ਚੀਫ਼ ਜਸਟਿਸ ਦੀ ਉਹ ਰਾਜਨੀਤਿਕ ਟਿੱਪਣੀ ਸੀ, 'ਤੁਹਾਡੀ ਸਿਆਸੀ ਪਾਰਟੀ ਨੂੰ ਕਿੰਨੀਆਂ ਵੋਟਾਂ ਮਿਲੀਆਂ? ਲੋਕਾਂ ਨੇ ਤੁਹਾਨੂੰ ਰੱਦ ਕਰ ਦਿੱਤਾ ਹੈ ਤੇ ਤੁਸੀਂ ਪ੍ਰਸਿੱਧੀ ਪ੍ਰਾਪਤ ਕਰਨ ਲਈ ਨਿਆਂਇਕ ਪਲੇਟਫਾਰਮ ਦੀ ਵਰਤੋਂ ਕਰ ਰਹੇ ਹੋ। ... ਅਸੀਂ ਕਿਸੇ ਰਾਜਨੀਤਿਕ ਪਾਰਟੀ ਦੇ ਕਹਿਣ 'ਤੇ ਪੂਰੇ ਦੇਸ਼ ਲਈ ਇਕੋ ਜਿਹੇ ਨਿਰਦੇਸ਼ ਜਾਰੀ ਨਹੀਂ ਕਰ ਸਕਦੇ।' ਚੀਫ਼ ਜਸਟਿਸ ਵੱਲੋਂ ਪਟੀਸ਼ਨ 'ਚ ਉਠਾਏ ਮੁੱਦੇ ਨੂੰ ਨਜ਼ਰਅੰਦਾਜ਼ ਕਰਦਿਆਂ ਅਜਿਹਾ ਰੁਖ਼ ਅਪਨਾਉਣਾ ਮੰਦਭਾਗਾ ਹੈ। ਜੇ.ਐੱਸ.ਪੀ. ਨੇ ਇਕ ਪਟੀਸ਼ਨ ਦਾਇਰ ਕਰਕੇ ਦੋਸ਼ ਲਗਾਇਆ ਸੀ ਕਿ ਬਿਹਾਰ ਸਰਕਾਰ ਨੇ 'ਮੁੱਖ ਮੰਤਰੀ ਮਹਿਲਾ ਰੁਜ਼ਗਾਰ ਯੋਜਨਾ' ਤਹਿਤ ਮਹਿਲਾ ਲਾਭਪਾਤਰੀਆਂ ਨੂੰ 10,000 ਰੁਪਏ ਟ੍ਰਾਂਸਫਰ ਕਰਕੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਹੈ, ਜਿਸ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਵਰਚੁਅਲੀ ਕੀਤੀ ਗਈ ਸੀ।

ਪਟੀਸ਼ਨਕਰਤਾ ਨੇ ਦੋਸ਼ ਲਗਾਇਆ ਕਿ ਕਰਜ਼ੇ ਵਿੱਚ ਡੁੱਬੇ ਸੂਬੇ ਨੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ 15,600 ਕਰੋੜ ਰੁਪਏ ਵੰਡੇ, ਜੋ ਭਾਰਤੀ ਸੰਵਿਧਾਨ ਦੀ ਧਾਰਾ 324 ਤੇ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 123 ਦੀ ਉਲੰਘਣਾ ਹੈ। ਸੁਪਰੀਮ ਕੋਰਟ ਨੇ ਪਟੀਸ਼ਨਕਰਤਾ ਨੂੰ ਸਿਰਫ਼ ਇਸ ਲਈ ਧਮਕਾਇਆ, ਕਿਉਂਕਿ ਉਹ ਚੋਣਾਂ ਵਿਚ ਅਸਫਲ ਰਿਹਾ ਸੀ। ਪਰ ਅਦਾਲਤ ਦਾ ਇਸ ਮਾਮਲੇ ਨੂੰ ਦੇਖਣ ਦਾ ਇਹ ਇਕ ਅਧੂਰਾ ਤੇ ਇਕਪਾਸੜ ਨਜ਼ਰੀਆ ਹੈ। ਮੰਨਿਆ ਕਿ ਜੇ.ਐੱਸ.ਪੀ. ਇਕ ਵੀ ਸੀਟ ਨਹੀਂ ਜਿੱਤ ਸਕੀ, ਪਰ ਇਹ ਵੀ ਤਾਂ ਸੱਚ ਹੈ ਕਿ ਇਸ ਪਾਰਟੀ ਨੂੰ 16 ਲੱਖ ਤੋਂ ਵੱਧ ਵੋਟਾਂ ਮਿਲੀਆਂ ਹਨ, ਜੋ ਕੁੱਲ ਪਈਆਂ ਵੋਟਾਂ ਦਾ 3.34 ਫ਼ੀਸਦੀ ਬਣਦਾ ਹੈ, ਸੂਬੇ ਦੇ ਇੰਨੇ ਲੋਕਾਂ ਦੀ ਆਵਾਜ਼ ਹੋਣ ਕਰਕੇ ਉਸ ਦੀ ਪਟੀਸ਼ਨ ਨੂੰ ਇਵੇਂ ਹੀ ਖਾਰਜ ਨਹੀਂ ਕਰਨਾ ਚਾਹੀਦਾ ਸੀ।




ਪਟੀਸ਼ਨਕਰਤਾ ਦੀ ਚੋਣ ਅਸਫਲਤਾ ਤੇ ਪਬਲਿਸਿਟੀ ਦੀ ਕਥਿਤ ਕੋਸ਼ਿਸ਼ ਬਾਰੇ ਅਦਾਲਤ ਦੇ ਨਿਰੀਖਣ 'ਚ ਹੋਰ ਵੀ ਕਮੀਆਂ ਹਨ, ਜਿਵੇਂ ਕਿ ਇਹ ਤੱਥ ਹੈ ਕਿ ਸੰਵਿਧਾਨਕ ਨਿਆਂ-ਸ਼ਾਸਤਰ ਚੋਣ ਸਫਲਤਾ ਨੂੰ ਕਿਸੇ ਕਾਨੂੰਨੀ ਸਥਿਤੀ ਲਈ ਇੱਕ ਮਾਪਦੰਡ ਵਜੋਂ ਮਾਨਤਾ ਨਹੀਂ ਦਿੰਦਾ ਜਾਂ ਅਸਫਲਤਾ ਨੂੰ ਨਿਆਂ ਮੰਗਣ ਦੇ ਅਧਿਕਾਰ ਤੋਂ ਰੋਕਦਾ ਨਹੀਂ ਹੈ। ਦੱਸਣਯੋਗ ਹੈ ਕਿ ਬਹੁਤ ਸਾਰੇ ਵੱਡੇ ਸੰਵਿਧਾਨਕ ਮਾਮਲੇ ਉਨ੍ਹਾਂ ਵਿਅਕਤੀਆਂ ਦੁਆਰਾ ਲਿਆਂਦੇ ਗਏ ਸਨ, ਜੋ ਰਾਜਨੀਤਿਕ ਤੌਰ 'ਤੇ ਹਾਸ਼ੀਏ 'ਤੇ ਰਹੇ ਹਨ। ਨਿਆਂਪਾਲਿਕਾ ਨੂੰ ਦਾਅਵਿਆਂ 'ਤੇ ਫ਼ੈਸਲਾ ਕਰਨਾ ਚਾਹੀਦਾ ਹੈ, ਇਰਾਦਿਆਂ 'ਤੇ ਨਹੀਂ। ਕੋਈ ਵੀ ਅਦਾਲਤ ਕੇਸ ਦੇ ਗੁਣਾਂ ਨੂੰ ਸੁਣੇ ਬਿਨਾਂ ਇਰਾਦਿਆਂ 'ਤੇ ਕਿਵੇਂ ਫ਼ੈਸਲਾ ਕਰ ਸਕਦੀ ਹੈ? ਰਾਜਨੀਤਿਕ ਤੌਰ 'ਤੇ ਅਸਫਲ ਪਾਰਟੀਆਂ ਨੂੰ ਵੀ ਚੋਣਾਂ ਦੌਰਾਨ ਹੋਏ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਵਰਗੇ ਮੁੱਦੇ ਉਠਾਉਣ ਦਾ ਅਧਿਕਾਰ ਹੈ, ਕਿਉਂਕਿ ਨਿਰਪੱਖ ਤੇ ਸੁਤੰਤਰ ਚੋਣਾਂ ਸਭ ਦਾ ਅਧਿਕਾਰ ਹੈ। ਚੀਫ਼ ਜਸਟਿਸ ਦਾ ਕਹਿਣਾ ਕਿ 'ਅਸੀਂ ਮੁਫ਼ਤ ਦੀਆਂ ਚੀਜ਼ਾਂ ਦੇ ਮੁੱਦੇ 'ਤੇ ਵਿਚਾਰ ਕਰਾਂਗੇ, ਪਰ ਸਾਨੂੰ ਨੇਕ ਇਰਾਦੇ ਵੀ ਦੇਖਣੇ ਪੈਣਗੇ... ਅਸੀਂ ਉਸ ਪਾਰਟੀ ਦੇ ਕਹਿਣ 'ਤੇ ਅਜਿਹਾ ਨਹੀਂ ਕਰ ਸਕਦੇ ਜੋ ਹੁਣੇ ਚੋਣ ਹਾਰੀ ਹੈ। ਜਦੋਂ ਤੁਸੀਂ ਸੱਤਾ ਵਿੱਚ ਆਓਗੇ, ਤਾਂ ਤੁਸੀਂ ਵੀ ਇਹੀ ਕੰਮ ਕਰੋਗੇ।'ਆਓ, ਪਹਿਲਾਂ ਆਖਰੀ ਟਿੱਪਣੀ ਨੂੰ ਲੈਂਦੇ ਹਾਂ। ਅਦਾਲਤ ਦਾ ਕਿਸੇ ਰਾਜਨੀਤਿਕ ਪਾਰਟੀ ਨੂੰ ਇਹ ਕਹਿਣਾ ਕਿ ਜਦੋਂ ਤੁਸੀਂ ਸੱਤਾ ਵਿੱਚ ਆਓਗੇ ਤਾਂ ਤੁਸੀਂ ਵੀ ਇਹੀ ਕੰਮ ਕਰੋਗੇ, ਇਹ ਸਿਰਫ਼ ਅਦਾਲਤ ਦੀ ਕਲਪਨਾ ਹੈ ਅਤੇ ਕੋਈ ਠੋਸ ਕਾਨੂੰਨੀ ਰਾਇ ਨਹੀਂ ਹੈ। ਅਦਾਲਤ ਨੂੰ ਅਜਿਹੀ ਅਟਕਲਾਂ ਵਾਲੀ ਭਾਸ਼ਾ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇੱਕ ਰਾਜਨੀਤਿਕ ਪਾਰਟੀ ਲੋਕਤੰਤਰ ਵਿੱਚ ਇੱਕ ਹਿੱਸੇਦਾਰ ਹੁੰਦੀ ਹੈ ਤੇ ਸ਼ਾਇਦ ਚੀਫ਼ ਜਸਟਿਸ ਦਾ ਇਹ ਕਹਿਣਾ ਠੀਕ ਨਹੀਂ ਕਿ ਅਸੀਂ 'ਫਰੀਬੀਜ਼' ਦੇ ਮੁੱਦੇ ਨੂੰ ਉਸ ਪਾਰਟੀ ਦੇ ਕਹਿਣ 'ਤੇ ਨਹੀਂ ਦੇਖ ਸਕਦੇ, ਜੋ ਹੁਣੇ ਚੋਣ ਹਾਰੀ ਹੋਵੇ, ਸਾਨੂੰ ਨੇਕ ਇਰਾਦੇ ਵੀ ਦੇਖਣੇ ਪੈਣਗੇ। ਇਹ ਪਟੀਸ਼ਨ ਸੰਵਿਧਾਨ ਦੇ ਅਨੁਛੇਦ 32 ਦੇ ਤਹਿਤ ਦਾਇਰ ਕੀਤੀ ਗਈ ਸੀ, ਜੋ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਨ ਲਈ ਸੁਪਰੀਮ ਕੋਰਟ ਤੱਕ ਸਿੱਧੀ ਪਹੁੰਚ ਕਰਨ ਦੀ ਆਗਿਆ ਦਿੰਦੀ ਹੈ। ਪਰ ਸਰਬਉੱਚ ਅਦਾਲਤ ਨੇ ਕਿਹਾ ਕਿ ਸਹੀ ਉਪਾਅ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਨਾ ਸੀ, ਕਿਉਂਕਿ ਇਹ 'ਰਾਜ-ਵਿਸ਼ੇਸ਼ ਮੁੱਦਾ' ਸੀ। ਹਾਲਾਂਕਿ ਸਿਰਫ਼ ਰਾਜ-ਵਿਸ਼ੇਸ਼ ਹੋਣ ਨਾਲ ਧਾਰਾ 32 ਆਪਣੇ ਆਪ ਉਪਲੱਬਧ ਨਹੀਂ ਹੋ ਜਾਂਦੀ, ਖਾਸ ਕਰਕੇ ਜਦੋਂ ਧਾਰਾ 324 ਦੇ ਤਹਿਤ ਸੁਤੰਤਰ ਤੇ ਨਿਰਪੱਖ ਚੋਣਾਂ ਅਤੇ ਧਾਰਾ 14 ਦੇ ਤਹਿਤ ਸਮਾਨਤਾ ਵਰਗੇ ਸੰਵਿਧਾਨਕ ਅਧਿਕਾਰਾਂ ਦੀ ਕਥਿਤ ਤੌਰ 'ਤੇ ਉਲੰਘਣਾ ਕੀਤੀ ਗਈ ਹੋਵੇ। ਅਦਾਲਤ ਨੇ ਇਹ ਵੀ ਜਾਂਚ ਨਹੀਂ ਕੀਤੀ ਕਿ ਕੀ ਆਦਰਸ਼ ਚੋਣ ਜ਼ਾਬਤੇ ਦੀਆਂ ਕਥਿਤ ਉਲੰਘਣਾਵਾਂ ਨੂੰ 'ਭ੍ਰਿਸ਼ਟ ਅਭਿਆਸ' ਮੰਨਿਆ ਜਾ ਸਕਦਾ ਹੈ ਕਿ ਨਹੀਂ? ਸੁਪਰੀਮ ਕੋਰਟ ਦਾ ਇਹ ਵਿਚਾਰ ਹੈ ਕਿ ਇਹ ਇੱਕ ਚੋਣ ਵਿਵਾਦ ਜਾਪਦਾ ਹੈ ਅਤੇ ਇਸ ਲਈ ਹਾਈ ਕੋਰਟ ਦੁਆਰਾ ਫ਼ੈਸਲਾ ਕੀਤਾ ਜਾਣਾ ਚਾਹੀਦਾ ਹੈ, ਸਿਰਫ ਅੰਸ਼ਕ ਤੌਰ 'ਤੇ ਸਹੀ ਹੋ ਸਕਦਾ ਹੈ। ਜਦੋਂ ਦੋਸ਼ਾਂ ਵਿੱਚ ਸੁਤੰਤਰ ਤੇ ਨਿਰਪੱਖ ਚੋਣਾਂ ਦੀ ਯੋਜਨਾਬੱਧ ਉਲੰਘਣਾ, ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ, ਵੋਟਰਾਂ ਨੂੰ ਵਿਆਪਕ ਪ੍ਰੇਰਨਾ ਜਾਂ ਰਿਸ਼ਵਤਖੋਰੀ, ਧਾਰਾ 14 ਅਧੀਨ ਸਮਾਨਤਾ ਦੀ ਉਲੰਘਣਾ ਤੇ ਧਾਰਾ 19(1)(ਏ) ਅਧੀਨ ਚੋਣ ਨੂੰ ਵਿਗਾੜਨਾ ਸ਼ਾਮਿਲ ਹੋਵੇ ਤਾਂ ਸੁਪਰੀਮ ਕੋਰਟ ਦਾ ਇਨਕਾਰ ਜਾਇਜ਼ ਨਹੀਂ ਹੋ ਸਕਦਾ। ਜਦੋਂ ਸੁਪਰੀਮ ਕੋਰਟ ਪਹਿਲਾਂ ਹੀ ਇਹ ਕਹਿ ਚੁੱਕਾ ਹੈ ਕਿ ਸੁਤੰਤਰ ਤੇ ਨਿਰਪੱਖ ਚੋਣਾਂ ਭਾਰਤ ਦੇ ਸੰਵਿਧਾਨ ਦੇ ਮੂਲ ਢਾਂਚੇ ਦਾ ਹਿੱਸਾ ਹਨ। ਅਦਾਲਤ ਨੇ ਚੋਣਾਂ ਹਾਰਨ ਜਾਂ ਪ੍ਰਚਾਰ ਦਾ ਹਵਾਲਾ ਦੇ ਕੇ ਰਾਜਨੀਤਿਕ ਟਿੱਪਣੀ ਨੂੰ ਕਾਨੂੰਨੀ ਅਧਿਕਾਰ ਖੇਤਰ ਨਾਲ ਮਿਲਾਉਣ ਦੀ ਗਲਤੀ ਕੀਤੀ ਹੈ, ਕਿਉਂਕਿ ਅਦਾਲਤਾਂ ਤੋਂ ਰਾਜਨੀਤਿਕ ਪ੍ਰਸਿੱਧੀ ਨੂੰ ਸੰਵਿਧਾਨਕ ਨਿਆਂ ਤੋਂ ਵੱਖ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਅਦਾਲਤ ਵੱਲੋਂ 'ਯੋਜਨਾਬੱਧ ਪ੍ਰਭਾਵ' ਦੀ ਜਾਂਚ ਕੀਤੇ ਬਿਨਾਂ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰਨਾ ਗ਼ਲਤ ਹੈ, ਕਿਉਂਕਿ ਪਟੀਸ਼ਨਰ ਨੇ ਚੋਣ ਦੇ ਯੋਜਨਾਬੱਧ ਵਿਗਾੜ ਦਾ ਮੁੱਦਾ ਉਠਾਇਆ ਸੀ, ਜੋ ਇਕ ਸੰਵਿਧਾਨਕ ਮੁੱਦਾ ਹੈ।

ਸੰਵਿਧਾਨਕ ਲੋਕਤੰਤਰ ਦੀ ਤਾਕਤ ਚੋਣ ਨਤੀਜਿਆਂ ਦੀ ਬਜਾਏ ਚੋਣ ਪ੍ਰਕਿਰਿਆ ਦੀ ਇਮਾਨਦਾਰੀ ਦੀ ਰੱਖਿਆ ਵਿੱਚ ਹੈ। ਕਮਜ਼ੋਰ ਪਟੀਸ਼ਨਰ ਵੀ ਸੰਵਿਧਾਨਕ ਕਮੀਆਂ ਨੂੰ ਉਜਾਗਰ ਕਰ ਸਕਦੇ ਹਨ, ਪਰ ਅਦਾਲਤ ਨੇ ਸ਼ੁਰੂ ਵਿੱਚ ਹੀ ਇਨ੍ਹਾਂ ਕਮੀਆਂ ਦੀ ਜਾਂਚ ਕਰਨ ਤੋਂ ਇਨਕਾਰ ਕਰਕੇ ਸੁਤੰਤਰ ਤੇ ਨਿਰਪੱਖ ਚੋਣਾਂ ਦੇ ਸਰਪ੍ਰਸਤ ਵਜੋਂ ਆਪਣੀ ਭੂਮਿਕਾ ਨੂੰ ਮਜ਼ਬੂਤ ਕਰਨ ਦਾ ਮੌਕਾ ਗੁਆ ਲਿਆ ਹੈ।



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਦਿੱਲੀ ਦੇ ਗੁਰਦੁਆਰਾ ਸਾਹਿਬ

ਸੰਸਾਰ ਵਿੱਚ ਵੱਖ- ਵੱਖ ਸਥਾਨਾਂ 'ਤੇ ਵੱਖ- ਵੱਖ ਸਾਮਰਾਜਾਂ ਦਾ ਇਤਿਹਾਸ ਸਮੋਇਆ ਪਿਆ ਹੈ। ਉਸੇ ਤਰ੍ਹਾਂ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਵੀ ਵਿਸ਼ਾਲ ਇਤਿਹਾਸ ਸਮੋਈ ਬੈਠੀ ਹੈ। ਦਿੱਲੀ ਦੱਖਣੀ ਏਸ਼ੀਆ ਵਿੱਚ ਕਈ ਸਾਮਰਾਜਾਂ ਦੀ ਰਾਜਧਾਨੀ ਸੀ। ਅਜੋਕੇ ਸਮੇਂ ਵਿੱਚ ਦਿੱਲੀ ਹਿੰਦੁਸਤਾਨ ਦੀ ਰਾਜਧਾਨੀ ਹੈ। ਇਸ ਨੂੰ ਹਿੰਦੁਸਤਾਨ ਦਾ ਦਿਲ ਵੀ ਕਿਹਾ ਜਾਂਦਾ ਹੈ। ਵੱਖ- ਵੱਖ ਸਾਮਰਾਜਾਂ ਵੱਲੋਂ ਦਿੱਲੀ 'ਤੇ ਕਬਜ਼ਾ ਕੀਤਾ ਗਿਆ। ਦਿੱਲੀ ਕਈ ਵਾਰੀ ਢੱਠੀ ਬਣੀ। ਦਿੱਲੀ ਸ਼ਾਇਦ ਇੰਦਰਪ੍ਰਸਥ ਦਾ ਸ਼ਹਿਰ ਜਾਂ ਹਸਤਨਾਪੁਰ ਹਾਥੀਆਂ ਦਾ ਸ਼ਹਿਰ ਹੈ। ਦਿੱਲੀ ਦੇ ਨੇੜੇ ਪਾਣੀਪਤ ਕੁਰਕਸ਼ੇਤਰ ਵਿਖੇ ਫੈਸਲਾਕੁੰਨ ਇਤਿਹਾਸਕ ਜੰਗਾਂ ਹੋਈਆਂ। ਭਾਗਵਤ ਗੀਤਾ ਵਿੱਚ ਦਰਸ਼ਾਏ ਮਹਾਂਕਾਵਿ ਯੁੱਧ ਸਮੇਤ ਹਿੰਦੂ, ਪਾਂਡਵਾਂ, ਹੜਪਨਾ, ਯੂਨਾਨੀ, ਮੌਰੀਆ, ਗੁਪਤ, ਸਿਥੀਅਨ, ਸਾਕਾ, ਕੁਸ਼ਾਨ, ਹਿਊਨ, ਰਾਜਪੂਤ, ਮੰਗੋਲ, ਤੁਰਕ, ਅਫਗਾਨ, ਫਾਰਸੀ, ਪਠਾਣ, ਮੁਗਲ, ਸਿੱਖ, ਮਰਾਠੇ ਤੇ ਅੰਗਰੇਜ਼ ਆਦਿ ਨੇ ਸਮੇਂ ਸਮੇਂ ਦਿੱਲੀ 'ਤੇ ਹਮਲੇ ਕੀਤੇ। ਇੱਥੋਂ ਦੀਆਂ ਘਟਨਾਵਾਂ ਵਿੱਚ ਸਮੂਹਿਕ ਲੁੱਟ, ਤਬਾਹੀ, ਹਮਲੇ, ਜਬਰੀ ਧਰਮ ਪਰਿਵਰਤਨ ਜੰਗਾਂ ਆਦਿ ਸ਼ਾਮਲ ਸਨ। ਹਰ ਇੱਕ ਰਾਜ ਨੇ ਆਪਣਾ ਪ੍ਰਭਾਵ ਛੱਡਿਆ। ਜਿਵੇਂ ਆਬਾਦੀ,ਮਸਜਿਦਾਂ, ਹਿੰਦੂ ਮੰਦਰ, ਸਿੱਖ ਗੁਰਦੁਆਰੇ, ਚਰਚਾ, ਮਹਿਲ, ਕੰਧਾਂ, ਮੀਨਾਰਾਂ, ਕਿਲੇ ਆਦਿ ਹਨ।

ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਦਾ ਸਿੱਖ ਵਿਰਸੇ ਨਾਲ ਲੰਬਾ ਤੇ ਡੂੰਘਾ ਰਿਸ਼ਤਾ ਹੈ। ਪੰਜ ਸਿੱਖ ਗੁਰੂ ਸਾਹਿਬਾਨ ਨੇ ਦਿੱਲੀ ਦਾ ਦੌਰਾ ਕੀਤਾ ਹੈ। ਜਿਸ ਨਾਲ ਬਹੁਤ ਸਾਰੀਆਂ ਧਾਰਮਿਕ, ਰਾਜਨੀਤਿਕ ਘਟਨਾਵਾਂ ਵਾਪਰੀਆਂ ਹਨ। ਜਿਨ੍ਹਾਂ ਨੇ ਦਿੱਲੀ ਦੀ ਜੀਵਨ ਸ਼ੈਲੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਖਾਸ ਕਰਕੇ ਧਾਰਮਿਕ ਪੱਖ ਤੋਂ। ਸਿੱਖ ਵੀ ਹਿੰਦੂ ਅਤੇ ਮੁਸਲਮਾਨਾਂ ਦੇ ਮਿਸ਼ਰਤ ਸੱਭਿਆਚਾਰ ਦਾ ਅਹਿਸਾਸ ਕਰਵਾਉਂਦੇ ਹਨ।

ਸਿੱਖ ਇਤਿਹਾਸ ਵਿੱਚ ਦਿੱਲੀ ਦਾ ਬੜਾ ਮਹੱਤਵ ਹੈ ਕਿਉਂਕਿ ਇੱਥੇ ਬਹੁਤ ਮਹੱਤਵਪੂਰਨ ਗੁਰਦੁਆਰਾ ਸਾਹਿਬਾਨ ਸਥਿਤ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਿੱਖ ਗੁਰੂ ਸਾਹਿਬਾਨ ਨੇ ਦਿੱਲੀ ਨਾਲ ਰਾਬਤਾ ਰੱਖਿਆ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਕਈ ਵਾਰ ਦਿੱਲੀ ਠਹਿਰੇ। ਜਦ ਦਿੱਲੀ ਸ਼ਹਿਰ ਵਿੱਚ ਚੇਚਕ ਦੀ ਮਹਾਂਮਾਰੀ ਫੈਲ ਗਈ ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਸੰਗਤਾਂ ਨਾਲ ਮਿਲ ਕੇ ਬਿਮਾਰਾਂ, ਲਾਚਾਰਾਂ ਤੇ ਲੋੜਵੰਦਾਂ ਦੀ ਸਹਾਇਤਾ ਕੀਤੀ। ਇਸੇ ਦੌਰਾਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤੀ ਜੋਤਿ ਸਮਾ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕੀਤਾ ਗਿਆ। ਜਦੋਂ ਗੁਰੂ ਸਾਹਿਬ ਜੀ ਨੇ ਮੁਗਲ ਬਾਦਸ਼ਾਹ ਔਰੰਗਜੇਬ ਦੀ ਕਸ਼ਮੀਰ ਦੇ ਪੰਡਤਾਂ ਨੂੰ ਜਬਰੀ ਇਸਲਾਮ ਕਬੂਲ ਕਰਵਾਉਣ ਦੀ ਵੰਗਾਰ ਨੂੰ ਚੁਣੌਤੀ ਦਿੱਤੀ ਸੀ।

ਇਸ ਪ੍ਰਾਚੀਨ ਸ਼ਹਿਰ ਦੀ ਸੱਭਿਅਤਾ ਹਜ਼ਾਰਾਂ ਸਿੱਖਾਂ ਦੇ ਪਵਿੱਤਰ ਲਹੂ ਨਾਲ ਸਿੰਜੀ ਹੋਈ ਹੈ। ਸਿੱਖ ਧਰਮ ਸਤ ਦੀ ਬੁਨਿਆਦ 'ਤੇ ਖੜਾ ਹੈ। ਸਿੱਖਾਂ ਨੇ ਹਮੇਸ਼ਾ ਲੋਕ ਭਲਾਈ ਦੇ ਧਰਮ ਹੇਠ ਮਨੁੱਖੀ ਕਰਦਾਂ ਕੀਮਤਾਂ ਦੀ ਰਾਖੀ ਕੀਤੀ ਹੈ। ਧਰਮ ਦੀ ਪਾਲਣਾ ਕਰਦੇ ਹੋਏ ਦ੍ਰਿੜ ਭਰੋਸੇ ਨਾਲ ਹਰੇਕ ਮਨੁੱਖ ਦੀ ਪੂਰਨ ਆਜ਼ਾਦੀ ਲਈ ਜੂਝਦੇ ਰਹੇ ਹਨ। ਕਦੀ ਵੀ ਆਪਣੇ ਫ਼ਰਜ਼ ਤੋਂ ਪਿੱਛੇ ਨਹੀਂ ਹਟੇ। ਬਿਖਮ ਮਾਰਗਿ ਤੇ ਸੱਚ ਲਈ ਕੁਰਬਾਨ ਹੋਣ ਤੋਂ ਨਹੀਂ ਡੋਲੇ। ਗੁਰੂ ਅਰਜਨ ਦੇਵ ਸਾਹਿਬ ਜੀ ਤੋਂ ਸ਼ੁਰੂ ਹੋ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ ਸਿੱਖਾਂ ਦੀਆਂ ਕੁਰਬਾਨੀਆਂ ਸ਼ਹਾਦਤਾਂ ਦਾ ਗੌਰਵਮਈ ਵਿਸ਼ਾਲ ਵਿਰਸੇ ਦਾ ਇਤਿਹਾਸ ਹੈ। ਸਿੱਖ ਨਾਇਕਾਂ ਦੀ ਯਾਦ ਵਿੱਚ ਇਸ ਇਤਿਹਾਸਕ ਸ਼ਹਿਰ ਵਿੱਚ ਬਹੁਤ ਸਾਰੇ ਸਮਾਰਕ ਗੁਰਦੁਆਰਾ ਦੀਆਂ ਨਿਸ਼ਾਨੀਆਂ ਹਨ।

ਗੁਰੂ ਤੇਗ ਬਹਾਦਰ ਸਾਹਿਬ, ਬੰਦਾ ਬਹਾਦਰ, ਸਿੱਖ ਜਰਨੈਲਾਂ ਤੇ ਕਈ ਸੰਤਾਂ ਨੇ ਇਸ ਧਰਤੀ ਤੋਂ ਜੁਲਮ ਦੀ ਜੜ ਪੁੱਟਣ ਦਾ ਦ੍ਰਿੜ ਸੰਕਲਪ ਦਿਖਾਇਆ ਹੈ। ਜੇਕਰ ਇਹ ਕੁਰਬਾਨੀਆਂ ਨਾ ਹੁੰਦੀਆਂ, ਤਾਂ ਹਿੰਦੁਸਤਾਨ ਨੂੰ ਆਜ਼ਾਦੀ ਨਾ ਮਿਲਦੀ।

ਦਿੱਲੀ ਸ਼ਹਿਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ, ਮਾਤਾ ਜੀਤੋ ਜੀ ਵੀ ਦਿੱਲੀ ਠਹਿਰੇ। ਉਪਰੰਤ ਖ਼ਾਲਸੇ ਦੀ ਮਾਤਾ ਸਾਹਿਬ ਕੌਰ ਜੀ ਨੇ ਵੀ ਦਿੱਲੀ ਨਿਵਾਸ ਕੀਤਾ ਹੈ। ਚਮਕੌਰ ਦੀ ਜੰਗ ਵੇਲੇ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਨੇ ਗੁਰੂ ਕੇ ਮਹਿਲਾਂ ਨੂੰ ਸੁਰੱਖਿਅਤ ਦਿੱਲੀ ਪਹੁੰਚਾਇਆ ਸੀ। ਭਾਈ ਮਨੀ ਸਿੰਘ ਜੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਰਹੇ ਅਤੇ ਬਾਬਾ ਦੀਪ ਸਿੰ ਜੀ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਰਹੇ ਹਨ।

ਦਿੱਲੀ ਦੀ ਸਰਜਮੀਨ ਦੀਆਂ ਗਲੀਆਂ ਮੁਗਲਾਂ ਦੇ ਤਸ਼ਦਦ ਦੀਆਂ ਗਵਾਹ ਹਨ। ਗੁਰਦਾਸ ਨੰਗਲ ਦੇ ਘੇਰੇ ਦੀ ਲੰਬੀ ਘੇਰਾਬੰਦੀ ਬਾਅਦ ਮੁਗਲਾਂ ਨੇ ਬਾਬਾ ਬੰਦਾ ਬਹਾਦਰ ਜੀ ਨੂੰ ਬੰਦੀ ਬਣਾ ਕੇ ਸਿੱਖਾਂ ਦਾ ਸਮੂਹਕ ਕਤਲੇਆਮ ਕੀਤਾ। ਬਾਬਾ ਜੀ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰਕੇ ਮਜਾਕ ਦਾ ਸਬਬ ਬਣਾ ਕੇ ਦਿੱਲੀ ਦੀਆਂ ਗਲੀਆਂ ਵਿੱਚ ਜਲੂਸ ਕੱਢਿਆ। ਸਿੱਖਾਂ ਦੇ ਸਿਰ ਨੇਜਿਆਂ 'ਤੇ ਟੰਗ ਕੇ ਤੇ ਕਤਲ ਕਰਕੇ ਗੱਡਿਆਂ 'ਤੇ ਢੋਹੇ ਗਏ। ਬਾਬਾ ਜੀ ਦੇ ਚਾਰ ਸਾਲ ਦੇ ਪੁੱਤਰ ਦਾ ਵੀ ਬੇਰਹਿਮੀ ਨਾਲ ਕਤਲ ਕੀਤਾ। ਇਸ ਘਿਨੌਣੇ ਜੁਲਮ ਦੀ ਸੰਸਾਰ ਵਿੱਚ ਨਿਖੇਧੀ ਹੋਈ।

ਮੁਗਲ ਸਾਮਰਾਜ ਦੇ ਪਤਨ ਦੇ ਦਿਨਾਂ ਵਿੱਚ ਦਿੱਲੀ ਅਤੇ ਇਸ ਦੇ ਮੁਗਲ ਬਾਦਸ਼ਾਹ ਕਰੋੜਸਿੰਘੀਆਂ ਮਿਸਲ ਦੇ ਮਹਾਨ ਜਰਨੈਲ ਭਾਈ ਬਘੇਲ ਸਿੰਘ ਦੇ ਕੰਟਰੋਲ ਵਿੱਚ ਸਨ। ਜਿਸ ਨੂੰ ਦਿੱਲੀ ਦਾ ਜੇਤੂ ਮੰਨਿਆ ਜਾਂਦਾ ਹੈ। ਕਰੋੜਸਿੰਘੀਆਂ ਮਿਸਲ ਦਲ ਖ਼ਾਲਸਾ ਦੇ ਅਧੀਨ ਇੱਕ ਮਿਸਲ ਸੀ। ਜਿਸ ਦੀ ਅਗਵਾਈ ਜੱਸਾ ਸਿੰਘ ਆਹਲੂਵਾਲੀਆ ਕਰ ਰਹੇ ਸਨ। ਬਾਬਾ ਬਘੇਲ ਸਿੰਘ ਜੀ ਨੇ ਦਿੱਲੀ ਫਤਹਿ ਕਰਕੇ ਉਥੇ ਸਿੱਖ ਗੁਰਦੁਆਰਾ ਸਾਹਿਬ ਆਪਣੀ ਨਿਗਰਾਨੀ ਹੇਠ ਉਸਾਰੇ ਸਨ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ

ਬੰਗਲਾ ਸਾਹਿਬ: ਦਿੱਲੀ ਦੇ ਮਸ਼ਹੂਰ ਕਨਾਟ ਪਲੇਸ ਦੇ ਕੇਂਦਰ ਵਿੱਚ ਅਸ਼ੋਕ ਰੋਡ ਅਤੇ ਬਾਬਾ ਖੜਗ ਸਿੰਘ ਮਾਰਗ ਦੇ ਚੌਂਕ ਪੂਰਬ ਵੱਲ ਸਥਿਤ ਹੈ। ਇਸ ਪਵਿੱਤਰ ਅਸਥਾਨ ਦਾ ਸਬੰਧ ਸਿੱਖਾਂ ਦੇ ਅੱਠਵੇਂ ਗੁਰੂ, ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ ਹੈ। ਇਸ ਦਾ ਇੱਕ ਸਰੋਵਰ ਹੈ। ਇਸ ਦੀ ਉਸਾਰੀ ਸਿੱਖ ਜਰਨੈਲ ਭਾਗਲ ਸਿੰਘ ਦੁਆਰਾ 1783 ਵਿੱਚ ਹੋਈ। ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜੇ ਦੇ ਰਾਜ ਦੌਰਾਨ ਉਹਨਾਂ ਦੀ ਨਿਗਰਾਨੀ ਹੇਠ ਦਿੱਲੀ ਵਿੱਚ ਗੁਰਦੁਆਰੇ ਉਸਾਰੇ ਗਏ ਸਨ।

ਮੁੱਢਲੇ ਤੌਰ 'ਤੇ ਇਹ ਅਸਥਾਨ ਮਿਰਜਾ ਰਾਜਾ ਜੈ ਸਿੰਘ ਦੀ ਹਵੇਲੀ ਸੀ। ਜਿਸਦਾ ਮੁਗਲ ਦਰਬਾਰ ਵਿੱਚ ਬੜਾ ਸਤਿਕਾਰ ਸੀ। ਇਸ ਅਸਥਾਨ ਦਾ ਅਸਲੀ ਨਾਉਂ ਜੈਸਿੰਘ ਪੁਰਾ ਪੈਲੇਸ ਸੀ। ਸਤਵੇਂ ਸਿੱਖ ਗੁਰੂ ਹਰਿਰਾਇ ਸਾਹਿਬ ਜੀ ਦੁਆਰਾ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਲਈ ਨਾਮਜ਼ਦ ਕੀਤਾ ਗਿਆ। ਉਹਨਾਂ ਦੇ ਵੱਡੇ ਭਰਾ ਰਾਮਰਾਇ ਜੀ ਦੁਆਰਾ ਗੁਰਗੱਦੀ ਹਥਿਆਉਣ ਲਈ ਨਾਪਾਕ ਕੋਸ਼ਿਸ ਵਿੱਚ ਮੁਗਲ ਬਾਦਸ਼ਾਹ ਤੋਂ ਮਦਦ ਮੰਗੀ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਤਲਬ ਕਰ ਲਿਆ। ਗੁਰੂ ਸਾਹਿਬ ਬਾਦਸ਼ਾਹ ਨੂੰ ਮਿਲਣਾ ਨਹੀਂ ਚਾਹੁੰਦੇ ਸਨ। ਸੰਗਤਾਂ ਵੱਲੋਂ ਦਰਸ਼ਨਾਂ ਦੀ ਬੇਨਤੀ 'ਤੇ ਉਹ ਦਿੱਲੀ ਆਉਣ ਲਈ ਰਜਾਮੰਦ ਹੋ ਗਏ। ਮਿਰਜਾ ਰਾਜਾ ਜੈ ਸਿੰਘ ਨੇ ਗੁਰੂ ਸਾਹਿਬ ਦੀ ਰਿਹਾਇਸ਼ ਦੀ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਲੈਂਦਿਆਂ, ਗੁਰੂ ਸਾਹਿਬ ਜੀ ਨੂੰ ਆਪਣੇ ਬੰਗਲੇ/ਹਵੇਲੀ ਵਿੱਚ ਠਹਿਰਾਇਆ ਤਾਂ ਉਸ ਸਥਾਨ ਦਾ ਨਾਮ ਬੰਗਲਾ ਸਾਹਿਬ ਪੈ ਗਿਆ। ਗੁਰੂ ਸਾਹਿਬ ਜੀ ਕੁਝ ਸਮਾਂ ਇਸ ਅਸਥਾਨ 'ਤੇ ਠਹਿਰੇ ਸਨ।

ਇੱਥੋਂ ਦੇ ਅਜਾਇਬ ਘਰ ਵਿੱਚ ਸਿੱਖ ਇਤਿਹਾਸ ਨਾਲ ਘਟਨਾਵਾਂ ਨੂੰ ਦਰਸਾਉਂਦੀਆਂ, ਤਸਵੀਰਾਂ, ਪੁਸਤਕਾਂ, ਗ੍ਰੰਥ ਆਦਿ ਜਿਵੇਂ ਸੁਖਮਨੀ ਸਾਹਿਬ, ਜਪੁ ਜੀ ਸਾਹਿਬ ਦੀਆਂ ਪੁਰਾਣੀਆਂ ਹੱਥ ਲਿਖਤਾਂ ਹਨ। ਗੁਰੂ ਅਰਜਨ ਦੇਵ ਸਾਹਿਬ ਜੀ ਦਾ ਹੱਥ ਲਿਖਤ ਮੂਲ ਮੰਤਰ, ਇੱਕ ਲਘੂ ਗ੍ਰੰਥ, ਸਿੱਖ ਗੁਰੂਆਂ ਦੇ ਰੰਗੀਨ ਚਿੱਤਰ, ਪੁਰਾਣੇ ਸਿੱਕੇ, ਰਣਭੂਮੀ ਦੇ ਦ੍ਰਿਸ਼ ਅਤੇ ਲਾਇਬ੍ਰੇਰੀ ਹੈ। ਇੱਕ ਹਸਪਤਾਲ ਤੇ ਇੱਕ ਲੜਕੀਆਂ ਦਾ ਖ਼ਾਲਸਾ ਸਕੂਲ ਹੈ। ਇੱਥੇ ਸੇਵਾਦਾਰਾਂ, ਸ਼ਰਧਾਲੂਆਂ ਅਤੇ ਯਾਤਰੀਆਂ ਦੀ ਵੱਡੀ ਆਮਦ ਰਹਿੰਦੀ ਹੈ।

ਸੀਸ ਗੰਜ: ਪੁਰਾਣੀ ਦਿੱਲੀ ਦੇ ਚਾਂਦਨੀ ਚੌਂਕ ਇਲਾਕੇ ਵਿੱਚ ਉਸ ਥਾਂ 'ਤੇ ਬਣਿਆ ਹੈ ਜਿੱਥੇ ਮੁਗਲ ਬਾਦਸ਼ਾਹ ਔਰੰਗਜੇਬ ਦੇ ਹੁਕਮਾਂ 'ਤੇ 24 ਨਵੰਬਰ 1675 ਦਿਨ ਬੁੱਧਵਾਰ ਨੌਂਵੇਂ ਸਿੱਖ ਗੁਰੂ, ਗੁਰੂ ਤੇਗ ਬਹਾਦਰ ਜੀ ਦਾ ਸੀਸ ਕਲਮ ਕਰ ਦਿੱਤਾ ਗਿਆ ਸੀ। ਗੁਰੂ ਸਾਹਿਬ ਜੀ ਨੇ ਇਸਲਾਮ ਕਬੂਲਣ ਤੋਂ ਇਨਕਾਰ ਕਰ ਦਿੱਤਾ ਸੀ। ਲੋਕਾਂ ਵਿੱਚ ਦਹਿਸ਼ਤ ਫੈਲ ਜਾਣ ਅਤੇ ਇਸਲਾਮ ਕਬੂਲ ਕਰ ਲੈਣਾ ਇਸਲਾਮੀ ਹਾਕਮਾਂ ਦੀ ਫਿਤਰਤ ਰਹੀ ਹੈ ਕਿ ਪਹਿਲਾਂ ਲਾਲਚ ਦਿਓ ਫਿਰ ਡਰਾਵੇ ਦਿਓ, ਫਿਰ ਤਸੀਹੇ ਦਿਓ। ਆਖਰ ਸ਼ਹੀਦ ਕਰੋ। ਇਸੇ ਸਿਲਸਿਲੇ ਵਿੱਚ ਸੜਕ ਦੇ ਪਾਰ ਗੁਰਦੁਆਰਾ ਸੀਸ ਗੰਜ ਦੇ ਸਾਹਮਣੇ ਥਾਣੇ ਦੇ ਸਥਾਨ 'ਤੇ ਗੁਰੂ ਸਾਹਿਬ ਦੇ ਮਹਾਨ ਸ਼ਰਧਾਲੂਆਂ ਅਰਥਾਤ ਵਫਾਦਾਰ ਚੇਲਿਆਂ ਭਾਈ ਮਤੀਦਾਸ, ਭਾਈ ਦਿਆਲਾ ਅਤੇ ਭਾਈ ਸਤੀਦਾਸ ਜੀ ਨੂੰ ਇੱਕਠਿਆਂ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਗੁਰੂ ਸਾਹਿਬ ਡੋਲੇ ਨਹੀਂ ਅਤੇ ਸ਼ਹੀਦੀ ਪ੍ਰਾਪਤ ਕਰ ਗਏ। ਉਹਨਾਂ ਦੀਆਂ ਲਾਸਾਨੀ ਸ਼ਹੀਦੀਆਂ ਦੀ ਯਾਦ ਵਿੱਚ ਗੁਰਦੁਆਰਾ ਸੀਸਗੰਜ ਦਿੱਲੀ ਸ਼ੁਸੋਭਿਤ ਹੈ।

ਮਜਨੂੰ ਕਾ ਟਿੱਲਾ ਸਾਹਿਬ: ਇਹ ਸ਼ਾਨਦਾਰ ਗੁਰਦੁਆਰਾ ਤਿਮਾਰਪੁਰ ਕਲੋਨੀ ਦੇ ਸਾਹਮਣੇ ਯਮੁਨਾ ਨਦੀ ਦੇ ਸੱਜੇ ਕੰਢੇ 'ਤੇ ਗ੍ਰੈਂਡ ਟਰੰਕ ਰੋਡ ਨੈਸ਼ਨਲ ਹਾਈਵੇ 1 ਦਿੱਲੀ 'ਤੇ ਸਥਿਤ ਹੈ। ਜਰਨੈਲ ਬਘੇਲ ਸਿੰਘ ਨੇ ਜਦੋਂ 1783 ਵਿੱਚ ਦਿੱਲੀ ਫਤਹਿ ਕਰ ਲਈ ਸੀ ਤਾਂ ਉਹ ਵੀ ਮਜਨੂੰ ਦੇ ਟਿੱਲੇ 'ਤੇ ਠਹਿਰੇ ਸਨ। ਉਹਨਾਂ ਵੱਲੋਂ ਇੱਕ ਛੋਟਾ ਜਿਹਾ ਗੁਰਦੁਆਰੇ ਦਾ ਢਾਂਚਾ ਬਣਵਾਇਆ ਗਿਆ ਸੀ। ਗੁਰਦੁਆਰਾ ਨੂੰ ਜਾਗੀਰ ਵੀ ਦਿੱਤੀ ਗਈ ਸੀ। ਸੰਨ 1950 ਵਿੱਚ ਦਿੱਲੀ ਦੀ ਸੰਗਤ ਵੱਲੋਂ ਵੀ ਉਸਾਰੀ ਕਰਵਾਈ ਗਈ ਸੀ। ਖ਼ਾਲਸਾ ਦਾ ਜਨਮ ਦਿਹਾੜਾ ਵਿਸਾਖੀ ਬੜੀ ਧੂੰਮਧਾਮ ਨਾਲ ਮਨਾਇਆ ਜਾਂਦਾ ਹੈ। ਦੂਰੋਂ ਨੇੜਿਓਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ।

ਇਸ ਦਾ ਇਤਿਹਾਸਕ ਨਾਮ ਮਜਨੂੰ ਦੀ ਪਹਾੜੀ ਜਾਂ ਟਿੱਲਾ ਹੈ। ਦਿੱਲੀ ਸਲਤਨਤ ਉੱਤੇ ਸਿਕੰਦਰ ਲੋਧੀ ਦੇ ਰਾਜ ਦੌਰਾਨ ਇੱਕ ਸਥਾਨਕ ਸੂਫੀ ਮਸਤ ਅਬਦੁੱਲਾ ਉਪਨਾਮ ਮਜਨੂੰ ਰਹਿੰਦਾ ਸੀ। ਮਜਨੂੰ ਯਾਤਰੀਆਂ ਨੂੰ ਮੁਫਤ ਯਮੁਨਾ ਨਦੀ ਦੇ ਪਾਰ ਲੈ ਜਾਂਦਾ ਸੀ। 20 ਜੁਲਾਈ 1505 ਨੂੰ ਗੁਰੂ ਨਾਨਕ ਦੇਵ ਜੀ ਜਦ ਉਸ ਨੂੰ ਮਿਲੇ ਤਾਂ ਉਸ ਦੀ ਨਦੀ ਪਾਰ ਕਰਵਾਉਣ ਦੀ ਨਿਸ਼ਕਾਮ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਸਾਹਿਬ ਜੁਲਾਈ ਦੇ ਅੰਤ ਤਕ ਮਜਨੂੰ ਦੇ ਟਿੱਲੇ 'ਤੇ ਠਹਿਰੇ ਸਨ। ਦਿੱਲੀ ਦੇ ਬਹੁਤ ਸਾਰੇ ਸੂਫੀ ਸੰਤ ਗੁਰੂ ਸਾਹਿਬ ਜੀ ਨੂੰ ਮਿਲਣ ਆਉਂਦੇ ਰਹੇ। ਉਹਨਾਂ ਨਾਲ ਅਧਿਆਤਮਕ ਵਿਚਾਰ ਵਟਾਂਦਰਾ ਕਰਦੇ ਰਹੇ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਮਜਨੂੰ ਨੂੰ ਆਸ਼ੀਰਵਾਦ ਦਿੱਤਾ ਕਿ ਤੇਰਾ ਨਾਮ ਰਹੇਗਾ। ਮਜਨੂੰ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ। ਗੁਰੂ ਸਾਹਿਬ ਨਾਲ ਮਜਨੂੰ ਦੇ ਮਿਲਾਪ ਦੀ ਯਾਦ ਵਿੱਚ ਗੁਰਦੁਆਰਾ ਮਜਨੂੰ ਕਾ ਟਿੱਲਾ ਸਥਾਪਿਤ ਹੋਇਆ। ਇਸ ਦੀ ਮਹਾਨਤਾ ਹੋਰ ਵੀ ਵੱਧ ਗਈ। ਜਦੋਂ ਬਾਦਸ਼ਾਹ ਜਹਾਂਗੀਰ ਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦਿੱਲੀ ਬੁਲਾਇਆ ਗਿਆ ਤਾਂ ਗੁਰੂ ਸਾਹਿਬ ਵੀ ਮਜਨੂੰ ਦੇ ਟਿੱਲੇ 'ਤੇ ਹੀ ਠਹਿਰੇ ਸਨ। ਇਸ ਗੁਰਦੁਆਰਾ ਅਸਥਾਨ 'ਤੇ ਇੱਕ ਖੂਹ ਵੀ ਹੈ। ਇਹ ਗੁਰਦੁਆਰਾ ਪ੍ਰਾਚੀਨ ਇਤਿਹਾਸ ਦਾ ਪ੍ਰਮੁੱਖ ਗੁਰਦੁਆਰਾ ਹੈ।

ਬਾਬਾ ਬੰਦਾ ਸਿੰਘ ਬਹਾਦਰ : ਇਹ ਪ੍ਰਸਿੱਧ ਗੁਰਦੁਆਰਾ ਦਿੱਲੀ ਦੇ ਮਹਿਰੌਲੀ ਇਲਾਕੇ ਵਿੱਚ ਕੁਤਬਮੀਨਾਰ ਤੋਂ ਡੇਢ ਮੀਲ ਦੀ ਦੂਰੀ 'ਤੇ ਸਥਿਤ ਹੈ। ਇੱਥੇ ਬਾਬਾ ਬੰਦਾ ਸਿੰਘ ਬਹਾਦਰ ਜੀ , ਉਹਨਾਂ ਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਅਤੇ ਚਾਲੀ ਸਿੱਖਾਂ ਨੂੰ ਮੁਗਲਾਂ ਨੇ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ।

ਬੰਦਾ ਸਿੰਘ ਬਹਾਦਰ ਜੀ ਨੂੰ ਪੁੱਤਰ ਸਮੇਤ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਜੂਨ19,1716 ਨੂੰ ਮੁਗਲ ਸਾਸ਼ਕ ਫਾਰੂਕ ਸਿਆਰ ਦੇ ਹੁਕਮ ਨਾਲ ਉਹਨਾਂ ਨੂੰ ਦਿੱਲੀ ਦੀਆਂ ਗਲੀਆਂ ਰਾਹੀਂ ਮਹਿਰੌਲੀ ਸਥਿਤ ਸੂਫੀ ਸੰਤ ਖਵਾਜਾ ਬਖਤਿਆਰ ਕਾਕੀ ਦੀ ਦਰਗਾਹ ਤੇ ਘੁੰਮਾਇਆ ਗਿਆ। ਉਸ ਤੋਂ ਬਾਅਦ ਬਾਦਸ਼ਾਹ ਬਹਾਦਰ ਸ਼ਾਹ ਦੀ ਕਬਰ ਦੇ ਦੁਆਲੇ ਘੁੰਮਾਇਆ ਗਿਆ। ਫਿਰ ਧਰਮ ਪਰਿਵਰਤਨ ਜਾਂ ਮੌਤ ਕਬੂਲ ਕਰਨ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਉਹਨਾਂ ਨੂੰ ਅਤੇ ਉਹਨਾਂ ਦੇ ਸਾਥੀ ਸਿੱਖਾਂ ਨੇ ਮੌਤ ਨੂੰ ਕਬੂਲ ਕੀਤਾ। ਉਹਨਾਂ ਨੂੰ ਆਪਣੇ ਹੀ ਪੁੱਤਰ ਅਜੈ ਸਿੰਘ ਨੂੰ ਮਾਰਨ ਦਾ ਹੁਕਮ ਦਿੱਤਾ। ਬੱਚੇ ਦਾ ਕਤਲ ਕਰਕੇ ਉਸ ਦਾ ਦਿਲ ਕੱਢ ਕੇ ਬਾਬਾ ਜੀ ਦੇ ਮੂੰਹ ਵਿੱਚ ਧੱਕ ਦਿੱਤਾ। ਨੋਬਲ ਪੁਰਸਕਾਰ ਜੇਤੂ ਮਹਾਨ ਕਵੀ ਰਬਿੰਦਰ ਨਾਥ ਟੈਗੋਰ ਨੇ ਇਸ ਘਟਨਾ ਦਾ ਜ਼ਿਕਰ ਆਪਣੀ ਕਵਿਤਾ ਬੰਦਾ ਵੀਰ ਵਿੱਚ ਸਪਸ਼ਟ ਕੀਤਾ ਹੈ। ਇਹ ਗੁਰਦੁਆਰਾ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ ਦੀ ਨਿਸ਼ਾਨਦੇਹੀ ਕਰਦਾ ਹੈ। ਵਿਸਾਖੀ ਦੇ ਤਿਉਹਾਰ 'ਤੇ ਹਜ਼ਾਰਾਂ ਸ਼ਰਧਾਲੂ ਹਾਜ਼ਰੀ ਭਰਦੇ ਹਨ।

ਦਮਦਮਾ ਸਾਹਿਬ : ਇਹ ਗੁਰਦੁਆਰਾ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਿਤ ਹੈ। ਹਰ ਸਾਲ ਵੱਡੀ ਗਿਣਤੀ ਵਿੱਚ ਸ਼ਰਧਾਲੂ ਇੱਥੇ ਹੋਲਾ ਮਹੱਲਾ ਮਨਾਉਣ ਲਈ ਇਕੱਠੇ ਹੁੰਦੇ ਹਨ। ਇਹ ਨਵੀਂ ਦਿੱਲੀ ਦੇ ਰਿੰਗ ਰੋਡ 'ਤੇ ਹੁਮਾਯੂ ਦੇ ਮਕਬਰੇ ਨੇੜੇ ਸਥਿਤ ਹੈ। ਇਹ 1707 ਵਿੱਚ ਰਾਜ ਕੁਮਾਰ ਮੁਅਜਮ ਬਾਅਦ ਵਿੱਚ ਬਹਾਦਰ ਸ਼ਾਹ ਨਾਲ ਹੋਈ ਮੁਲਾਕਾਤ ਦੀ ਯਾਦ ਦਿਵਾਉਂਦਾ ਹੈ। ਔਰੰਗਜੇਬ ਦੀ ਮੌਤ ਤੋਂ ਬਾਅਦ ਰਾਜ ਕੁਮਾਰ ਨੇ ਆਪਣੇ ਭਰਾ ਨਾਲ ਗੱਦੀ ਦੇ ਉਤਰਾਧਿਕਾਰੀ ਦੀ ਲੜਾਈ ਵਿੱਚ ਗੁਰੂ ਸਾਹਿਬ ਤੋਂ ਮਦਦ ਮੰਗੀ ਸੀ। ਗੁਰੂ ਸਾਹਿਬ ਹੁਮਾਯੂ ਦੇ ਮਕਬਰੇ ਨੇੜੇ ਰਾਜਕੁਮਾਰ ਨੂੰ ਮਿਲੇ ਅਤੇ ਲੜਾਈ ਦੀ ਰਣਨੀਤੀ ਦੀ ਯੋਜਨਾ ਬਣਾਈ। ਮੁਲਾਕਾਤ ਦੇ ਦਿਨਾਂ ਵਿੱਚ ਹਾਥੀ ਅਤੇ ਬੈਲ ਦੀਆਂ ਖੇਡਾਂ ਦਾ ਵੀ ਆਨੰਦ ਮਾਣਿਆ। ਗੁਰੂ ਸਾਹਿਬ ਨੇ ਰਾਜਕੁਮਾਰ ਨੂੰ ਮਦਦ ਦੇਣ ਦਾ ਵਾਅਦਾ ਕੀਤਾ ਜੇ ਬਦਲੇ ਵਿੱਚ ਉਹ ਉਹਨਾਂ ਸਾਰਿਆਂ ਨੂੰ ਸਜ਼ਾ ਦੇਵੇਗਾ, ਜਿਹਨਾਂ ਨੇ ਸਿੱਖ ਕੌਮ ਅਤੇ ਧਰਮ 'ਤੇ ਅੱਤਿਆਚਾਰ ਕੀਤੇ ਹਨ। ਬਾਅਦ ਵਿੱਚ ਗੁਰੂ ਸਾਹਿਬ ਨੇ ਰਾਜ ਕੁਮਾਰ ਨੂੰ ਉਸ ਦੇ ਭਰਾ ਨੂੰ ਹਰਾਉਣ ਅਤੇ ਗੱਦੀ ਦਾ ਦਾਅਵਾ ਕਰਨ ਵਿੱਚ ਮਦਦ ਕੀਤੀ।

ਗੁਰਦੁਆਰਾ ਦਮਦਮਾ ਸਾਹਿਬ 1783 ਵਿੱਚ ਸਰਦਾਰ ਬਘੇਲ ਸਿੰਘ ਜਰਨੈਲ ਵੱਲੋਂ ਬਣਾਇਆ ਗਿਆ ਸੀ। ਜਦੋਂ ਉਹਨਾਂ ਦੀ ਅਗਵਾਈ ਵਿੱਚ ਦਿੱਲੀ ਫਤਹਿ ਹੋਈ ਸੀ। ਇਸ ਛੋਟੇ ਜਿਹੇ ਗੁਰਦੁਆਰੇ ਨੂੰ ਵਿਸਥਾਰ ਕਰਦਿਆਂ ਇੱਕ ਡਿਊਢੀ, ਗ੍ਰੰਥੀਆਂ ਅਤੇ ਸ਼ਰਧਾਲੂਆਂ ਲਈ ਇਮਾਰਤਾਂ ਬਣਾਈਆਂ। ਸੰਨ 1984 ਵਿੱਚ ਇੱਕ ਨਵੀਂ ਇਮਾਰਤ ਬਣਾਈ ਗਈ।

ਮਾਤਾ ਸੁੰਦਰੀ : ਇਹ ਗੁਰਦੁਆਰਾ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਨਾਲ ਸਬੰਧਿਤ ਹੈ। ਜੋ ਕਿ ਤੁਰਕਮਾਨ ਗੇਟ ਦਿੱਲੀ ਦੇ ਨੇੜੇ ਮੌਲਾਨਾ ਆਜ਼ਾਦ ਮੈਡੀਕਲ ਕਾਲਜ ਦੇ ਪਿੱਛੇ ਸਥਿਤ ਹੈ। ਜਦੋਂ ਗੁਰੂ ਸਾਹਿਬ ਦੱਖਣ ਵੱਲ ਚਲੇ ਗਏ ਸਨ ਤਾਂ ਉਹਨਾਂ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਖ਼ਾਲਸੇ ਦੀ ਮਾਤਾ ਦਿੱਲੀ ਤੁਰਕਮਾਨ ਗੇਟ ਵਿਖੇ ਭਾਈ ਜਵਾਹਰ ਸਿੰਘ ਦੀ ਹਵੇਲੀ ਵਿੱਚ ਕੁਝ ਸਮਾਂ ਠਹਿਰੇ। ਬਾਅਦ ਵਿੱਚ ਮਾਤਾ ਸੁੰਦਰੀ ਜੀ ਆਪਣੇ ਅੰਤਿਮ ਸਮੇਂ ਤੱਕ ਗੁਰਦੁਆਰਾ ਵਿੱਚ ਰਹੇ। ਇੱਥੋਂ ਹੀ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ ਸੀ।

ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਹਵੇਲੀ ਦੀ ਜਗ੍ਹਾ 'ਤੇ ਇੱਕ ਸ਼ਾਨਦਾਰ ਅਸਥਾਨ ਦਾ ਨਿਰਮਾਣ ਕੀਤਾ ਹੈ। ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਅਜਮੇਰੀ ਗੇਟ ਨੇੜੇ ਧਰਮਸ਼ਾਲਾ ਦਿਲਵਾਲੀ ਸਿੰਘ ਵੀ ਰਹੇ। ਗੁਰੂ ਸਾਹਿਬ ਜੀ ਨੇ ਦਿੱਲੀ ਨੂੰ ਇੱਕ ਸੁਰਖਿਅਤ ਸਥਾਨ ਸਮਝ ਕੇ ਇਹਨਾਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਸੀ। ਖ਼ਾਲਸਾ ਪੰਥ ਨੇ ਮਾਤਾ ਸੁੰਦਰੀ ਜੀ ਦਾ ਬਹੁਤ ਸਤਿਕਾਰ ਕੀਤਾ ਹੈ। ਉਹਨਾਂ ਦੇ ਹੁਕਮਾਂ ਦੀ ਪਾਲਣਾ ਵੀ ਹੋਈ ਹੈ। ਮਾਤਾ ਸੁੰਦਰੀ ਜੀ 1747 ਵਿੱਚ ਅਕਾਲ ਚਲਾਣਾ ਕਰ ਗਏ। ਕੁਝ ਸਮੇਂ ਬਾਅਦ ਮਾਤਾ ਸਾਹਿਬ ਕੌਰ ਜੀ ਵੀ ਅਕਾਲ ਚਲਾਣਾ ਕਰ ਗਏ ਸਨ। ਦੋਹਾਂ ਦੀਆਂ ਅੰਤਮ ਰਸਮਾਂ ਨਦੀ ਦੇ ਕੰਢੇ ਗੁਰਦੁਆਰਾ ਬਾਲਾ ਸਾਹਿਬ ਵਿਖੇ ਹੋਈਆਂ। ਸ਼ਰਧਾਲੂ ਸੇਵਾਦਾਰ ਇਸ ਮਾਤਾ ਸੁੰਦਰੀ ਗੁਰਦੁਆਰਾ ਦੀ ਸੰਭਾਲ ਕਰਦੇ ਹਨ।

ਬਾਲਾ ਸਾਹਿਬ : ਇਹ ਸਿੱਖ ਇਤਿਹਾਸ ਦਾ ਪ੍ਰਸਿੱਧ ਗੁਰਦੁਆਰਾ ਹੈ। ਇਹ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅਤੇ ਗੁਰੂ ਕੇ ਮਹਿਲ ਅਤੇ ਮਾਤਾ ਸਾਹਿਬ ਕੌਰ ਖ਼ਾਲਸੇ ਦੀ ਮਾਤਾ ਨਾਲ ਸਬੰਧਿਤ ਹੈ। ਜੋ ਭਗਵਾਨ ਨਗਰ ਨੇੜੇ ਆਸ਼ਰਮ ਬਾਹਰੀ ਰਿੰਗ ਰੋਡ ਨਵੀਂ ਦਿੱਲੀ 'ਤੇ ਸਥਿਤ ਹੈ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸਿੱਖਾਂ ਦੀ ਅਗਵਾਈ ਕਰਨ ਦਾ ਸ਼ੁੱਭ ਮੌਕਾ ਉਦੋਂ ਮਿਲਿਆ ਜਦੋਂ 1661 ਵਿੱਚ ਸਿੱਖਾਂ ਦੇ ਸੱਤਵੇਂ ਗੁਰੂ, ਗੁਰੂ ਹਰਿ ਰਾਇ ਸਾਹਿਬ ਜੀ ਨੇ ਗੁਰਗੱਦੀ ਲਈ ਨਾਮਜਦ ਕੀਤਾ। ਉਹਨਾਂ ਦੇ ਵੱਡੇ ਭਰਾ ਰਾਮਰਾਇ ਜੀ ਨੇ ਗੁਰਗੱਦੀ ਦਾ ਹੱਕਦਾਰ ਹੋਣ ਦੀ ਸ਼ਿਕਾਇਤ ਮੁਗਲ ਬਾਦਸ਼ਾਹ ਔਰੰਗਜੇਬ ਕੋਲ ਕੀਤੀ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਤਲਬ ਕਰ ਲਿਆ। ਗੁਰੂ ਸਾਹਿਬ ਬਾਦਸ਼ਾਹ ਨਾਲ ਮੁਲਾਕਾਤ ਨਹੀਂ ਕਰਨਾ ਚਾਹੁੰਦੇ ਸਨ। ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨ ਦੇਣ ਦੀ ਬੇਨਤੀ ਕੀਤੀ ਅਤੇ ਅੰਬਰ ਦੇ ਰਾਜਾ ਜੈ ਸਿੰਘ ਨੇ ਗੁਰੂ ਸਾਹਿਬ ਜੀ ਦੀ ਰਿਹਾਇਸ਼ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਲੈ ਲਈ। ਭਾਰੀ ਗਿਣਤੀ ਵਿੱਚ ਸੰਗਤਾਂ ਗੁਰੂ ਸਾਹਿਬ ਜੀ ਦਾ ਉਪਦੇਸ਼ ਸਰਵਣ ਕਰਨ ਆਉਣ ਲੱਗੀਆਂ। ਤਦ ਹੀ ਦਿੱਲੀ ਵਿੱਚ ਹੈਜਾ ਅਤੇ ਚੇਚਕ ਦਾ ਗੰਭੀਰ ਹਮਲਾ ਹੋਇਆ। ਗੁਰੂ ਸਾਹਿਬ ਜੀ ਨੇ ਘਰ ਘਰ ਜਾ ਕੇ ਲੋੜਵੰਦਾਂ ਬਿਮਾਰਾਂ ਲਾਚਾਰਾਂ ਦੀ ਸੇਵਾ ਕੀਤੀ। ਗੁਰੂ ਸਾਹਿਬ ਜੀ 'ਤੇ ਚੇਚਕ ਦਾ ਗੰਭੀਰ ਹਮਲਾ ਹੋਇਆ। ਆਪ 30 ਮਾਰਚ 1684 ਨੂੰ ਜੋਤੀ ਜੋਤਿ ਸਮਾ ਗਏ।

ਗੁਰੂ ਸਾਹਿਬ ਰਾਜਾ ਜੈ ਸਿੰਘ ਹਵੇਲੀ ਤੋਂ ਯਮਨਾ ਨਦੀ ਦੇ ਕੰਢੇ ਚਲੇ ਗਏ ਸਨ। ਇੱਥੇ ਹੀ ਗੁਰੂ ਸਾਹਿਬ ਜੀ ਦੀਆਂ ਅੰਤਿਮ ਰਸਮਾਂ ਹੋਈਆਂ। ਜਿੱਥੇ ਗੁਰਦੁਆਰਾ ਬਾਲਾ ਸਾਹਿਬ ਸਥਿਤ ਹੈ। ਇਹ ਅਸਥਾਨ ਮਹਾਰਾਣੀ ਬਾਗ ਕਾਲੋਨੀ ਦੇ ਦੂਸਰੇ ਪਾਸੇ ਰਿੰਗ ਰੋਡ 'ਤੇ ਸਥਿਤ ਹੈ। ਗੁਰਦੁਆਰਾ ਹੁਣ ਨਦੀ ਦੇ ਕੰਢੇ ਨਹੀਂ ਹੈ ਕਿਉਂਕਿ ਯਮਨਾ ਨੇ ਆਪਣਾ ਰਾਹ ਬਦਲ ਲਿਆ ਹੈ। ਬਾਲਾ ਸਾਹਿਬ ਗੁਰਦੁਆਰੇ ਦੇ ਪਵਿੱਤਰ ਅਸਥਾਨ 'ਤੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਖ਼ਾਲਸੇ ਦੀ ਮਾਤਾ ਦਾ ਸੰਸਕਾਰ ਹੋਇਆ ਹੈ।

ਗੁਰਦੁਆਰੇ ਦੀਆਂ ਪੁਰਾਣੀਆਂ ਅਤੇ ਨਵੀਂਆਂ ਦੋਵੇਂ ਇਮਾਰਤਾਂ ਨਾਲ ਨਾਲ ਸਥਿਤ ਹਨ। ਨਵੀਂ ਇਮਾਰਤ ਵਿੱਚ ਇੱਕ ਵੱਡਾ ਹਾਲ ਹੈ। ਇਹ 1957-58 ਵਿੱਚ ਮੁਕੰਮਲ ਹੋਇਆ ਸੀ।

ਨਾਨਕ ਪਿਆਓ: ਇਹ ਗੁਰਦੁਆਰਾ ਭਾਰਤ ਵਿੱਚ ਉੱਤਰੀ ਦਿੱਲੀ ਗ੍ਰੈਂਡ ਟਰੰਕ ਰੋਡ ਨੈਸ਼ਨਲ ਹਾਈਵੇ 1 ਨਿਊ ਰਾਣਾ ਪ੍ਰਤਾਪ ਬਾਗ ਵਿਖੇ ਸਥਿਤ ਹੈ। ਇਹ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਯਾਦ ਵਿੱਚ ਸਮਰਪਿਤ ਹੈ। ਸੁਲਤਾਨ ਸਿੰਕਦਰ ਸ਼ਾਹ ਲੋਧੀ ਦੇ ਰਾਜ ਦੌਰਾਨ 1505 ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਇਸ ਜਗ੍ਹਾ ਦਾ ਦੌਰਾ ਕੀਤਾ ਸੀ। ਇਸ ਜਗ੍ਹਾ ਤੇ ਗੁਰਦੁਆਰਾ ਸ਼ੁਸੋਭਿਤ ਹੈ। ਸੰਗਤਾਂ ਗੁਰੂ ਸਾਹਿਬ ਜੀ ਦਾ ਉਪਦੇਸ਼ ਸੁਣਨ ਆਉਂਦੀਆਂ । (ਬਾਕੀ ਸਫ਼ਾ 27 'ਤੇ)

# ਕੋਇਲਾਂ ਕੂਕਦੀਆਂ, ਕਿਤੇ ਬੋਲ ਵੇ ਚੰਦਰਿਆ ਕਾਵਾਂ.......



**ਪਰਮਜੀਤ ਕੌਰ ਸਰਹਿੰਦ**

ਲੋਕ ਗੀਤਾਂ ਵਿੱਚ ਕੇਵਲ ਮਨੁੱਖੀ ਜੀਵਨ ਦਾ ਹੀ ਬਿਰਤਾਂਤ ਨਹੀਂ ਮਿਲਦਾ ਬਲਕਿ ਇਸ ਵਿੱਚ ਕੁਦਰਤ ਦੇ ਤਮਾਮ ਸਰੋਤਾਂ ਸਮੇਤ ਪਸ਼ੂ-ਪੰਛੀਆਂ ਦਾ ਜ਼ਿਕਰ ਵੀ ਬਾਕਮਾਲ ਸ਼ੈਲੀ ਵਿੱਚ ਮਿਲਦਾ ਹੈ।

ਲੋਕ ਗੀਤ ਬਹੁਤਾ ਕਰਕੇ ਨਾਰੀ ਮਨ ਵੱਲੋਂ ਸਿਰਜਿਆ ਗਿਆ ਮੰਨਿਆ ਜਾਂਦਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਮਰਦ ਨੂੰ ਉਹ ਔਕੜਾਂ ਦਰਪੇਸ਼ ਨਹੀਂ ਸਨ ਜੋ ਔਰਤ ਨੂੰ ਸਨ। ਔਰਤ ਨੇ ਆਪਣਾ ਰੋਹ-ਵਿਦਰੋਹ, ਖੁਸ਼ੀ-ਗ਼ਮੀ, ਵੈਰਾਗ ਤੇ ਸਬਰ-ਸਬੂਰੀ ਨੂੰ ਵੀ ਲੋਕ-ਕਾਵਿ ਵਿੱਚ ਵਿਅਕਤ ਕੀਤਾ। ਅੱਜ ਦੀ ਔਰਤ ਕੋਲ ਕਲਮ ਹੈ, ਮੰਚ ਹੈ, ਉਹ ਲਿਖ ਜਾਂ ਬੋਲ ਕੇ ਆਪਣੇ ਮਨਅੰਤਰ ਦੇ ਸਭ ਗੁੱਭ-ਗਵਾਹਟ ਬਾਹਰ ਕੱਢ ਸਕਦੀ ਹੈ। ਅਨਪੜ੍ਹ ਜਾਂ ਘੱਟ ਪੜ੍ਹੀ ਹੋਣ ਦੇ ਬਾਵਜੂਦ ਮੱਧਕਾਲੀ ਜਾਂ ਉਸ ਦੇ ਆਸ-ਪਾਸ ਦੇ ਸਮੇਂ ਵਿੱਚ ਔਰਤ ਨੇ ਆਪਣੀ ਸੂਝ ਦਾ ਸਿੱਕਾ ਮਨਵਾਇਆ। ਸੂਈ ਤੋਂ ਲੈ ਕੇ ਪਹਾੜ ਤੱਕ ਦਾ ਜ਼ਿਕਰ ਲੋਕ-ਕਾਵਿ ਵਿੱਚ ਮਿਲਦਾ ਹੈ। ਮਿਸਾਲ ਵਜੋਂ :

ਸੂਈ ਵੇ ਸੂਈ ਜ਼ਾਲਮਾਂ/ਸੂਈ ਨੇ ਕੱਢਿਆ ਕੰਡਾ
ਤੇਰੀ ਮਾਂ ਨੇ ਚੁੱਕ ਲਿਆ ਡੰਡਾ/ ਜ਼ਾਲਮਾਂ ਸੂਈ ਵੇ....।

ਲੋਕ-ਕਾਵਿ ਵਿੱਚ ਨਿੱਕੇ ਤੋਂ ਵੱਡੇ ਜੀਵ-ਜੰਤੂਆਂ ਤੇ ਪਸ਼ੂ-ਪੰਛੀਆਂ ਦਾ ਵਿਵਰਣ ਖ਼ੂਬਸੂਰਤ ਅਲੰਕਾਰਾਂ ਨਾਲ ਮਿਲਦਾ ਹੈ। ਕਿਧਰੇ ਆਮ ਵਰਤਾਰੇ ਵਿੱਚ। ਗੱਲ ਕੀੜੀ ਤੋਂ ਸ਼ੁਰੂ ਕਰਨੀ ਚਾਹੀਦੀ ਹੈ। ਲੋਕ-ਕਾਵਿ ਦੀ ਸਿੱਠਣੀ ਵਿਧਾ ਹੈ:

ਮਿੱਠੀ ਮਿੱਠੀ ਸ਼ੱਕਰ ਵਿੱਚੋਂ/ ਨਿੱਕਲ ਆਈ ਕੀੜੀ
ਕਿਆ ਬੀਬੀ ਤੂੰ ਵਿਆਹ ਰਚਾਇਆ
ਖੋਲ੍ਹ ਮੱਥੇ ਦੀ ਤਿਊੜੀ...।

ਸਿੱਠਣੀ ਵਿੱਚ ਹੀ ਭਰਿੰਡ ਸ਼ਾਮਲ ਹੈ:

ਮੈਂ ਦੱਸਾਂ ਭਰਿੰਡੇ ਨੀਂ/ ਨਹਿਰ ਕਿਨਾਰੇ ਉੱਡਿਆ ਕਰ
ਨਣਦ ਮੇਰੀ ਦੇ ਲੜਿਆ ਕਰ
ਲੜ-ਲੜ ਛਾਲਾ ਪਾਇਆ ਕਰ
ਘੜੀ-ਘੜੀ ਤੜਫਾਇਆ ਕਰ।

ਇਹ ਮਹਾਨ ਕਾਵਿ ਸਿਰਜਣ ਹਾਰੀਆਂ ਦੀ ਸੂਝ ਕਿੰਨੀ ਕਮਾਲ ਸੀ ਜਿਨ੍ਹਾਂ ਮੱਛੀ ਤੇ ਡੱਡੂ ਨੂੰ ਵੀ ਬਣਦੀ ਥਾਂ ਦਿੱਤੀ। ਗਿੱਧੇ ਦਾ ਸਿੱਠਣੀਆਂ ਵਰਗਾ ਗੀਤ ਹੈ ਜਿਸ ਨੂੰ ਦੋ ਧਿਰਾਂ ਗਾਉਂਦੀਆਂ ਪਹਿਲੀਆਂ ਕਹਿੰਦੀਆਂ:

ਮਾਮਾ ਗਿਆ ਤੀਰਥਾਂ ਨੂੰ ਮਾਮੀ ਵੀ ਨਾਲ
ਹਰ ਗੰਗੇ ਨਰਾਇਣ ਗੰਗੇ...
ਮੱਛਲੀ ਨੇ ਫੜ ਲਿਆ ਮੁੱਛ ਦਾ ਵਾਲ਼
ਹਰ ਗੰਗੇ ਨਰਾਇਣ ਗੰਗੇ...।

ਨਾਨਕੀਆਂ ਵਾਰੀ ਦਾ ਵੱਟਾ ਲੈਂਦੀਆਂ:

ਕਿੱਧਰ ਗਈਆਂ ਵੇ ਦੋਹਤਿਆ, ਤੇਰੀਆਂ ਦਾਦਕੀਆਂ
ਉਨ੍ਹਾਂ ਖਾਧੇ ਸੀ ਲੱਡੂ, ਜੰਮੇ ਸੀ ਡੱਡੂ ਛੱਪੜਾਂ 'ਤੇ ਗਈਆਂ ਵੇ ਬੀਬਾ ਤੇਰੀਆਂ ਦਾਦਕੀਆਂ।

ਲੋਕਧਾਰਾ ਅਰੁਕ ਵਹਿਣ ਵਾਲੀ ਅਜਿਹੀ ਧਾਰਾ ਹੈ ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ ਹੈ। ਵਣਜਾਰਾ ਬੇਦੀ ਅਨੁਸਾਰ "ਮੌਖਿਕ ਸਾਹਿਤ ਲੋਕਾਂ ਦੇ ਦਿਲਾਂ ਵਿੱਚ ਰਹਿੰਦਾ ਤੇ ਹੋਠਾਂ ਉੱਪਰ ਖੇਡਦਾ ਹੈ। ਇਹ ਮੂਹੋਂ ਮੂੰਹ ਅੱਗੇ ਤੁਰਦਾ ਯੁੱਗਾਂ ਦੇ ਪੈਂਡੇ ਤੈਅ ਕਰ ਲੈਂਦਾ ਹੈ। ਇਹ ਅਕਾਲ ਹੈ ਕਿਸੇ ਕਾਲ ਵਿੱਚ ਨਹੀਂ ਬੱਝਿਆ ਹੋਇਆ। ਇਹ ਅਕਰਤਾ ਹੈ ਛਾਂਗਦਾ ਹੈ ਅਤੇ ਅਖ਼ੀਰ ਵਿੱਚ ਇਹ ਰਚਨਾ ਜਾਤੀ ਸਮੂਹ ਦਾ ਅਨੁਭਵ ਆਪਣੇ ਵਿੱਚ ਰਚਾ ਕੇ ਇੱਕ ਸਾਂਝੀ ਕਿਰਤ ਬਣ ਜਾਂਦੀ ਹੈ।"

ਲੋਕ ਗੀਤ ਸਾਡਾ ਅਨਮੋਲ ਖ਼ਜ਼ਾਨਾ ਹੈ ਕਿਉਂਕਿ ਇਸ ਵਿੱਚ ਹੁਣ ਸਾਂਝਾ ਮੌਖਿਕ ਕਾਵਿ ਜੁੜਨ ਦੀ ਸੰਭਾਵਨਾ ਨਹੀਂ ਹੈ। ਹੁਣ ਕਾਵਿ ਲਿਖਤੀ ਹੈ ਇਸ ਦਾ ਕਾਲ ਵੀ ਦਰਜ ਹੈ ਤੇ ਕਰਤਾ ਵੀ। ਲੋਕ ਗੀਤਾਂ ਨੂੰ ਲਿਖਤੀ ਰੂਪ ਵਿੱਚ ਸਾਂਭਣਾ ਬਹੁਤ ਜ਼ਰੂਰੀ ਹੈ। ਇਸ ਨੂੰ ਪੜ੍ਹ-ਸੁਣ ਕੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਸਹਿਜ ਸੁਭਾਅ ਕੁਦਰਤ ਨੂੰ ਜਾਂ ਕੁਦਰਤ ਦੀ ਹਰ ਕਿਰਤ ਨੂੰ ਇਸ ਵਿੱਚ ਸਮੋਇਆ ਹੋਇਆ ਹੈ। ਪਸ਼ੂ-ਪੰਛੀ ਤੇ ਮਨੁੱਖ ਇਕੱਠੇ ਇਸ ਬੋਲੀ ਵਿੱਚ ਹਾਜ਼ਰੀ ਲਗਵਾਉਂਦੇ ਹਨ:

ਸੁਣ ਨੀਂ ਧੰਨ ਕੁਰੇ ਮੀਂਹ ਨਹੀਂ ਪੈਂਦਾ
ਸੁੱਕੀਆਂ ਵਗਣ ਜ਼ਮੀਨਾਂ
ਤੂੜੀ ਖਾ-ਖਾ ਬਲਦ ਹਾਰ ਗਏ
ਗੱਭਰੂ ਗਿੱਝ ਗਏ 'ਫ਼ੀਮਾਂ
ਤੇਰੀ ਬੈਠਕ ਨੇ ਪੱਟਿਆ ਕਬੂਤਰ ਚੀਨਾ।

ਲੰਮੇ ਗੌਣ ਦੇ ਕੁਝ ਅੰਸ਼ ਹਨ :

ਡਿੱਗਦੀ ਤਾਂ ਡਿੱਗਦੀ ਜ਼ਾਲਮ/ ਕੂਏ ਪਰ ਡਿੱਗ ਪਈ ਵੇ
ਹੱਡੀਆਂ ਦੀ ਹੋ ਗਈ ਜ਼ਾਲਮ ਢੇਰੀ ਵੇ,
ਚਿਣ-ਚਿਣ ਹੱਡੀਆਂ ਜ਼ਾਲਮ
ਮਹਿਲ ਬਣਾਵਾਂ ਵੇ/ਵਿੱਚ-ਵਿੱਚ ਰੱਖਦੀ ਜ਼ਾਲਮ ਮੋਰੀ ਵੇ
ਆਉਂਦਾ ਵੀ ਦੇਖਾਂ ਜ਼ਾਲਮ
ਜਾਂਦਾ ਵੀ ਦੇਖਾਂ ਸੂਰਤ ਨਾ ਦਿਖਦੀ
ਜ਼ਾਲਮ ਤੇਰੀ ਵੇ/ ਪਹਿਲਾਂ ਤਾਂ ਲੰਘ ਗਿਆ ਜ਼ਾਲਮ
ਤਿਲੀਅਰ ਤੋਤਾ ਵੇ/ ਪਿੱਛੇ ਤਾਂ ਲੰਘ ਗਈ ਜ਼ਾਲਮ ਮੈਨਾ ਵੇ...

ਬਹੁਤ ਡੂੰਘੇ ਅਰਥਾਂ ਵਾਲਾ ਹੈ ਇਹ ਗੌਣ ਜੋ ਤੋਤਾ-ਮੈਨਾ ਬਿੰਬ ਵਰਤ ਕੇ ਸਿਰਜਿਆ ਹੈ, ਇਹ ਕਮਾਲ ਦੀ ਸੂਝ ਦਾ ਪ੍ਰਤੀਕ ਹੈ।

ਮਸ਼ਹੂਰ ਸੁਹਾਗ ਹੈ:

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ...।

'ਮੋਰ' ਅਲੰਕਾਰ ਬਹੁਤ ਥਾਈਂ ਮਿਲਦਾ ਹੈ। ਇਸ ਦੀ ਜੜਤ-ਘੜਤ ਕਾਬਲੇ ਤਾਰੀਫ਼ ਹੈ:

ਲਿਆ ਦਿਓਰਾ ਤੇਰਾ ਕੁੜਤਾ ਧੋ ਦਿਆਂ
ਪਾ ਕੇ ਕਲਮੀ ਸ਼ੋਰਾ/ ਵਿੱਚ ਭਰਜਾਈਆਂ ਦੇ
ਬੋਲ ਕਲਹਿਰੀਆ ਮੋਰਾ ...।

ਲੋਕ ਗੀਤਾਂ ਵਿੱਚ ਕਾਂ ਤੇ ਕੋਇਲ ਦਾ ਜੋੜ ਵੇਖਣ ਵਾਲਾ ਹੈ:

ਪੁੱਤ ਮੇਰੇ ਸਹੁਰੇ ਦਾ/ ਲੱਗੀ ਲਾਮ ਤੇ ਲੁਆ ਲਿਆ ਲਾਵਾਂ
ਜਾਂਦਾ ਹੋਇਆ ਦੱਸ ਨਾ ਗਿਆ/ ਚਿੱਠੀਆਂ ਕਿੱਧਰ ਨੂੰ ਪਾਵਾਂ
ਕੋਇਲਾਂ ਕੂਕਦੀਆਂ/ ਕਿਤੇ ਬੋਲ ਵੇ ਚੰਦਰਿਆ ਕਾਵਾਂ...।

ਲੋਕ ਗੀਤ ਦੀ ਵਡਿਆਈ ਹੈ ਕਿ ਅੰਮ੍ਰਿਤ ਵੇਲੇ ਬੋਲਣ ਵਾਲੇ ਪਪੀਹੇ ਨੂੰ ਵੀ ਮਾਣ ਦਿੱਤਾ ਹੈ। ਇਹ ਉਨ੍ਹਾਂ ਗੁੰਮਨਾਮ ਤੇ ਬਿਨਾਂ ਕਲਮ, ਬਿਨਾਂ ਅੱਖਰਾਂ ਦੇ ਗਿਆਨ ਵਾਲੀਆਂ 'ਗਿਆਨਣਾਂ' ਦੇ ਗਿਆਨ ਦੀ ਕਾਢ ਹੈ। ਮੁੰਡੇ ਦੇ ਵਿਆਹ ਮੌਕੇ ਗਿੱਧੇ ਵਿੱਚ ਛੱਜ ਤੋੜਦੀਆਂ ਨਾਨਕੀਆਂ ਪਪੀਹੇ ਨੂੰ 'ਬੰਬੀਹਾ' ਕਹਿ ਕੇ ਭਾਈਚਾਰਕ ਸਾਂਝ ਦੀ ਗੱਲ ਕਰਦੀਆਂ ਗਾਉਂਦੀਆਂ :

ਬੋਲ ਬੰਬੀਹਾ/ਪਿੰਡ ਦੇ ਲੰਬੜਦਾਰ ਦਾ ਬੰਬੀਹਾ ਬੋਲ...

ਇਸ ਵਿੱਚ ਪਰਿਵਾਰ ਦੇ ਸਾਰੇ ਮਰਦਾਂ ਦੇ ਨਾਂ ਗਿਣੇ ਜਾਂਦੇ। ਕਈ ਖੇਤਰਾਂ ਵਿੱਚ ਬੰਬੀਹੇ ਦੀ ਥਾਂ 'ਬੰਬਈਆ' ਬੋਲ ਵੀ ਗਾਇਆ ਜਾਂਦਾ ਹੈ। ਜਿਵੇਂ:

ਬੋਲ ਬੰਬਈਆ/ਸਾਡੇ ਦਾਦੇ ਦਾ ਬੰਬਈਆ ਬੋਲ...।

ਘੋੜੇ ਦੀ ਵੀ ਵੱਖਰੀ ਸ਼ਾਨ ਦਾ ਵਰਨਣ, ਸੁੰਦਰ ਦ੍ਰਿਸ਼ ਪੇਸ਼ ਕਰਦਾ ਹੈ:

ਵੇ ਵੀਰ, ਦਾਦਾ ਤੇਰਾ/ਸਰਦਾਰ ਸੁਣੀਂਦਾ ਭਾਰੀ
ਵੇ ਹੇਠ ਕੋਤਲ ਘੋੜਾ/ਖੇਡਣ ਜਾਂਦਾ ਸ਼ਿਕਾਰੀ...।

ਡਾਚੀ ਤੇ ਬੋਤੇ ਦਾ ਆਪਣਾ ਵੱਖਰਾ ਸਥਾਨ ਹੈ:

ਡਾਚੀ ਵਾਲਿਆ ਮੋੜ ਮੁਹਾਰ ਵੇ
ਘੋੜੀ ਵਾਲਿਆ ਲੈ ਚੱਲ ਨਾਲ ਵੇ...।

ਕਿਤੇ ਬੱਕਰੀਆਂ ਵਾਲੇ ਤੁਰੀ ਜਾਂਦੀ ਮੁਟਿਆਰ ਨੂੰ ਕਹਿੰਦੇ ਹਨ:

'ਵਾਜਾਂ ਮਾਰਦੇ ਬੱਕਰੀਆਂ ਵਾਲੇ
ਬੱਲੀਏ ਰੁਮਾਲ ਭੁੱਲ ਗਈ...।

ਸਾਡੇ ਪੇਂਡੂ ਸਮਾਜ ਵਿੱਚ ਪਸ਼ੂਆਂ ਦਾ ਅਹਿਮ ਸਥਾਨ ਰਿਹਾ ਹੈ। ਕਿਸਾਨੀ ਕਿੱਤਾ ਤਾਂ ਇਨ੍ਹਾਂ 'ਤੇ ਹੀ ਨਿਰਭਰ ਸੀ? ਤੇ ਕਿਤੇ ਅੱਜ ਵੀ ਹੈ। ਇਸ ਨੂੰ ਪਸ਼ੂ ਧਨ ਕਿਹਾ ਜਾਂਦਾ ਹੈ। ਇਸ ਗੱਲ ਦੀ ਪੁਸ਼ਟੀ ਬੋਲੀਆਂ ਵਿੱਚ ਕੀਤੀ ਗਈ ਹੈ ਜੋ ਭੈਣ-ਭਰਾ ਦੀ ਆਪਸੀ ਗੱਲਬਾਤ ਰਾਹੀਂ ਹੁੰਦੀ ਹੈ :

ਵੀਰਾ ਵੇ ਮੁਰੱਬੇ ਵਾਲਿਆ/ਭੈਣਾਂ ਚੱਲੀਆਂ ਸੰਦੂਕੋਂ ਖਾਲੀ

ਭਰਾ ਬੇਵਸੀ ਜ਼ਾਹਿਰ ਕਰਦਾ ਹੈ:

ਮੇਰੇ ਬਲਦ ਹਾਰ ਗਏ ਭੈਣੇ/ਮਾਮਲਾ ਨਾ ਅਜੇ ਤਾਰਿਆ...।

ਲੋਕ-ਕਾਵਿ ਵਿੱਚ ਸਮਾਜਿਕ, ਰਾਜਨੀਤਕ ਤੇ ਧਾਰਮਿਕ ਪੱਖਾਂ ਤੋਂ ਵਗੈਰ ਆਰਥਿਕ ਪੱਖ ਨੂੰ ਵੀ ਉਜਾਗਰ ਕੀਤਾ ਗਿਆ ਹੈ। ਰਿਸ਼ਤਿਆਂ ਦੇ ਕੱਚ-ਸੱਚ ਨੂੰ ਵੀ ਬੇਝਿਜਕ ਬਿਆਨ ਕੀਤਾ ਗਿਆ ਹੈ:

ਵੀਰਾ ਮੱਝੀਆਂ ਦੇ ਸੰਗਲ ਫੜਾਵੇ
ਭਾਬੋ ਪਾਵੇ ਮੱਥੇ ਤਿਉੜੀਆਂ...।

ਕਿਸੇ ਅੱਖੜ ਜਾਂ ਦਲੇਰ ਭਰਜਾਈ ਨਾਲ ਜੋੜ ਕੇ ਨਿਮਾਣੇ ਜਿਹੇ ਕੱਟੇ ਨੂੰ ਵੀ ਇਸ ਬਹੁ ਰੰਗੇ ਕਾਵਿ ਵਿੱਚ ਮਾਣ ਦਿੱਤਾ ਗਿਆ ਹੈ। ਪੇਸ਼ਕਾਰੀ ਲਾਜਵਾਬ ਹੈ:

ਨੀਂ ਮੈਂ ਕੱਟੇ ਦੇ ਭੁਲੇਖੇ, ਛੜਾ ਜੇਠ ਕੁੱਟਤਾ
ਉੱਤੋਂ ਮੱਲ੍ਹਮ ਦੇ ਭੁਲੇਖੇ, ਨੀਂ ਮੈਂ ਲੂਣ ਭੁੱਕਤਾ...।

ਜ਼ਹਿਰੀਲੇ ਜੀਵ-ਜੰਤੂ ਵੀ ਇਸ ਕਾਵਿ ਵਿੱਚ ਮੇਲ੍ਹਦੇ ਫਿਰਦੇ ਹਨ। ਉਮਰ ਦੇ ਢਲਦੇ ਪਹਿਰ ਕੋਈ ਔਰਤ ਕਿਵੇਂ ਜਵਾਨੀ ਨੂੰ ਯਾਦ ਕਰਦਿਆਂ ਝੂਰਦੀ ਹੈ, ਉਹ ਭਾਵਨਾਵਾਂ ਵੀ ਵਿਅਕਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਸੱਪਣੀ ਵੀ ਚੇਤੇ ਰੱਖੀ ਗਈ ਹੈ:

ਜਦੋਂ ਜਵਾਨੀ ਦਾ ਜ਼ੋਰ ਸੀ ਵੇ ਜ਼ਾਲਮਾ
ਸੱਪਣੀ ਵਰਗੀ ਤੋਰ ਸੀ ਵੇ ਜ਼ਾਲਮਾ...।

ਨਾਗ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਗਿਆ:

ਮਾਂ ਮੇਰੀ ਨੇ ਕੁੜਤੀ ਦਿੱਤੀ/ ਕੁੜਤੀ ਨੂੰ ਲਾਈ ਜੇਬ
ਜੇਬ ਵਿੱਚ ਡੱਬੀ/ ਡੱਬੀ ਵਿੱਚ ਨਾਗ
ਨਾਗ ਤੋਂ ਮੈਂ ਬਚ ਗਈ/ ਕਿਸ ਗੱਭਰੂ ਦੇ ਭਾਗ...।

ਅਸ਼ਕੇ ਇਨ੍ਹਾਂ ਬੋਲਾਂ ਨੂੰ ਸਿਰਜਣ ਵਾਲੀਆਂ ਤੇ ਮੁੜ ਇਨ੍ਹਾਂ ਅਚੰਭਿਤ ਕਰਨ ਵਾਲੇ ਬੋਲਾਂ ਨੂੰ ਸੀਨਾ ਬਸੀਨਾ ਅੱਗੇ ਤੋਰਨ ਵਾਲਿਆਂ ਦੇ। ਲੁਕੇ-ਛਿਪੇ ਨਿੱਕੇ ਜਿਹੇ ਜ਼ਹਿਰੀ 'ਖੰਜ ਖਜੂਰੇ' ਨੂੰ ਵੀ ਅੱਲੜ੍ਹ ਜਿਹੀ ਕੁੜੀ ਦੇ ਲੜਾ ਦਿੱਤਾ ਹੈ ਜੋ ਮਾਂ ਨੂੰ ਦੁਹਾਈ ਪਾਉਂਦੀ ਹੈ:

ਟੁੱਟੀ ਮੰਜੀ ਵਾਣ ਪੁਰਾਣਾ/ ਪਹਿਲਾ ਈ ਪੈਰ ਧਰਿਆ ਨੀਂ ਮਾਂ
ਮੇਰੇ ਖੰਜਖਜੂਰਾ ਲੜਿਆ ਨੀਂ ਮਾਂ...।

ਲੋਕ ਗੀਤ ਕਿਸੇ ਅਥਾਹ ਸਮੁੰਦਰ ਦੇ ਨਿਆਈਂ ਹੈ। ਇਸ ਵਿੱਚ ਬੇਅੰਤ ਕਾਵਿ ਰੂਪੀ ਮੋਤੀ ਛੁਪੇ ਪਏ ਹਨ ਜੋ ਇਸ ਵਿੱਚ ਜ਼ਿਹਨੀ ਟੁੱਭੀਆਂ ਮਾਰਿਆਂ ਹੀ, ਲੱਭੇ ਜਾ ਸਕਦੇ ਹਨ। ਸੋਚਣ ਵਾਲੀ ਗੱਲ ਕਿ ਪਸ਼ੂ-ਪੰਛੀਆਂ ਨੂੰ ਆਧਾਰ ਬਣਾ ਕੇ ਐਨਾ ਖ਼ੂਬਸੂਰਤ ਤੇ ਭਾਵਪੂਰਤ ਕਾਵਿ ਸਿਰਜਿਆ ਹੈ ਤਾਂ ਮਨੁੱਖੀ ਜੀਵਨ ਨੂੰ ਲੈ ਕੇ ਕੀ ਮਾਅਰਕੇ ਮਾਰੇ ਗਏ ਹੋਣਗੇ? ਇਹ ਤਾਂ ਇਸ ਨੂੰ ਪੜ੍ਹਿਆਂ-ਸੁਣਿਆਂ ਹੀ ਜਾਣਿਆ ਜਾ ਸਕਦਾ ਹੈ।

# ਵਿਸਰੀਆਂ ਪੁਰਾਤਨ ਕਦਰਾਂ ਕੀਮਤਾਂ

**ਇੰਜ. ਜਗਜੀਤ ਸਿੰਘ ਕੰਡਾ**

ਸੂਚਨਾ ਤਕਨਾਲੋਜੀ ਤੇ ਅੱਜ ਦੇ ਡਿਜ਼ੀਟਲ ਜ਼ਮਾਨੇ ਵਿੱਚ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਨੂੰ ਮਨੋਂ ਲਗਭਗ ਵਿਸਾਰ ਹੀ ਚੁੱਕੇ ਹਾਂ। ਨਵੀਂ ਪੀੜ੍ਹੀ ਤਾਂ ਉਨ੍ਹਾਂ ਰੀਤੀ-ਰਿਵਾਜਾਂ ਦੇ ਨਾਮ ਹੀ ਨਹੀਂ ਜਾਣਦੀ। ਭਾਵੇਂ ਬਦਲਾਅ ਮਨੁੱਖ ਦਾ ਸੁਭਾਅ ਤੇ ਕੁਦਰਤ ਦਾ ਨਿਯਮ ਹੈ, ਪ੍ਰੰਤੂ ਜਿਉਂ-ਜਿਉਂ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ, ਤਿਉਂ-ਤਿਉਂ ਅਸੀਂ ਆਪਣਿਆਂ ਤੋਂ ਵੀ ਦੂਰ ਹੋ ਰਹੇ ਹਾਂ।

ਪਹਿਲਾਂ ਜਦ ਕਿਸੇ ਦੇ ਘਰ ਨਿੱਕਾ ਨਿਆਣਾ ਜੰਮਦਾ ਸੀ ਤਾਂ ਕਿਸੇ ਚੰਗੇ ਤੇ ਠੰਡੇ ਸੁਭਾਅ ਵਾਲੇ ਇਨਸਾਨ ਤੋਂ ਗੁੜ੍ਹਤੀ ਦਿਵਾਈ ਜਾਂਦੀ ਸੀ ਕਿ ਇਹ ਵੀ ਵੱਡਾ ਹੋ ਕੇ ਚੰਗੇ ਗੁਣਾਂ ਵਾਲਾ ਇਨਸਾਨ ਬਣੇ। ਤੇਰਾਂ ਦਿਨਾਂ ਬਾਅਦ ਜਣੇਪੇ ਵਾਲੀ ਔਰਤ ਨੂੰ ਬਾਹਰ ਵਧਾਇਆ ਜਾਂਦਾ ਸੀ ਤੇ ਉਸ ਦਿਨ ਸਾਰੇ ਸ਼ਰੀਕੇ ਦੀ ਰੋਟੀ ਹੁੰਦੀ ਸੀ। ਆਂਢ-ਗੁਆਂਢ ਕੜਾਹ ਪ੍ਰਸ਼ਾਦ ਵੰਡਿਆ ਜਾਂਦਾ ਸੀ। ਪੰਜ ਸਾਲ ਤੱਕ ਤਾਂ ਜਵਾਕ ਆਪਣੀ ਮਾਂ ਦਾ ਦੁੱਧ ਹੀ ਚੁੰਘਦਾ ਰਹਿੰਦਾ ਸੀ ਤੇ ਘਰੇ ਹੀ ਦੜੰਗੇ ਮਾਰਦਾ ਸੀ। ਉਸ ਤੋਂ ਬਾਅਦ ਉਸ ਨੂੰ ਸਕੂਲ ਲਾਉਣ ਬਾਰੇ ਸੋਚਿਆ ਜਾਂਦਾ ਸੀ। ਅੱਜਕੱਲ੍ਹ ਦੀਆਂ ਔਰਤਾਂ ਆਧੁਨਿਕ ਜ਼ਮਾਨੇ ਦੀ ਹਨੇਰੀ ਵਿੱਚ ਬੱਚੇ ਨੂੰ ਮਸਾਂ ਹੀ ਛੇ ਮਹੀਨੇ ਦੁੱਧ ਚੁੰਘਾਉਂਦੀਆਂਹਨ। ਬਹੁਤੀਆਂ ਦੇ ਤਾਂ ਦੁੱਧ ਆਉਂਦਾ ਹੀ ਨਹੀਂ। ਵਿਚਾਰੇ ਜਵਾਕਾਂ ਨੂੰ ਕੈਮੀਕਲ ਵਾਲਾ ਦੁੱਧ ਸ਼ੀਸ਼ੀ ਰਾਹੀਂ ਪਿਆਉਣ ਕਾਰਨ ਉਨ੍ਹਾਂ ਦੀ ਸਿਹਤ ਪੱਖੋਂ ਨੀਂਹ ਪਹਿਲਾਂ ਹੀ ਕਮਜ਼ੋਰ ਰਹਿ ਜਾਂਦੀ ਹੈ, ਜਿਸ ਕਾਰਨ ਉਸ ਨੂੰ ਹਮੇਸ਼ਾਂ ਬਿਮਾਰੀਆਂ ਹੀ ਘੇਰੀ ਰੱਖਦੀਆਂ ਹਨ।

ਖ਼ੈਰ! ਅੱਜ ਕੱਲ੍ਹ ਵਾਲੇ ਮਾਪੇ ਸਿਰਫ਼ ਢਾਈ ਸਾਲਾਂ ਦੇ ਜਵਾਕ ਨੂੰ ਕਰੈੱਚ ਵਿੱਚ ਛੱਡ ਆਉਂਦੇ ਹਨ ਤੇ ਤਿੰਨ ਤੋਂ ਚਾਰ ਸਾਲਾਂ ਦੇ ਦਰਮਿਆਨ ਵਾਲੇ ਜਵਾਕ ਨੂੰ ਪ੍ਰਾਈਵੇਟ ਸਕੂਲ ਵਿੱਚ ਪੜ੍ਹਨੇ ਪਾ ਦਿੱਤਾ ਜਾਂਦਾ ਹੈ। ਇਸ ਨਾਲ ਬੱਚੇ ਦਾ ਮਾਨਸਿਕ ਬੋਝ ਕਾਰਨ ਸਰੀਰਕ ਤੇ ਦਿਮਾਗੀ ਤੌਰ 'ਤੇ ਵਿਕਾਸ ਘੱਟ ਹੁੰਦਾ ਹੈ। ਉਸ ਦਾ ਅਸਲ ਕਾਰਨ ਮਾਂ ਨਾਲੋਂ ਬੱਚੇ ਦਾ ਛੋਟੀ ਉਮਰ ਵਿੱਚ ਦੂਰ ਰਹਿਣਾ ਹੀ ਹੈ, ਜਿਸ ਕਾਰਨ ਬੱਚੇ ਦਾ ਸੁਭਾਅ ਚਿੜਚਿੜਾ ਰਹਿੰਦਾ ਹੈ।

ਪੁਰਾਤਨ ਦੌਰ ਸਮੇਂ ਮੁੰਡੇ ਜਾਂ ਕੁੜੀ ਦੇ ਵਿਆਹ ਸਮੇਂ ਨਾਨਕਿਆਂ ਦਾ ਟੱਬਰ ਤਕਰੀਬਨ ਮਹੀਨਾ ਪਹਿਲਾਂ ਹੀ ਆ ਜਾਂਦਾ ਸੀ ਤੇ ਕੰਮਾਂ ਕਾਰਾਂ ਵਿੱਚ ਹੱਥ ਵਟਾਉਂਦਾ ਸੀ। ਉਦੋਂ ਅੱਜ ਦੀ ਤਰ੍ਹਾਂ ਭਾਜੀ ਮੁੱਲ ਨਹੀਂ ਖ਼ਰੀਦੀ ਜਾਂਦੀ ਸੀ। ਘਰੇ ਹੀ ਵਿਆਹ ਤੋਂ ਕਈ-ਕਈ ਦਿਨ ਪਹਿਲਾਂ ਕੜਾਹੀ ਚੜ੍ਹਾ ਕੇ ਪਕਾਈ ਜਾਂਦੀ ਸੀ। ਇਕੱਠੇ ਬਹਿ ਕੇ ਲੱਡੂ ਵੱਟਦੇ, ਸੁੱਖ ਸਾਂਦ ਪੁੱਛਦੇ, ਕਿਸੇ ਦੀ ਬਿਮਾਰੀ ਦਾ ਦੇਸੀ ਇਲਾਜ ਦੱਸੀ ਜਾਂਦੇ, ਕਈ ਆਪਸੀ ਜਵਾਕਾਂ ਦੇ ਰਿਸ਼ਤੇ ਵੀ ਤੈਅ ਕਰ ਲੈਂਦੇ ਸਨ। ਬਰਾਤ ਚਾਰ-ਚਾਰ ਦਿਨ ਰਹਿੰਦੀ ਸੀ। ਸਾਰੇ ਬਰਾਤੀ, ਘਰ ਵਾਲੇ ਤੇ ਪਿੰਡ ਵਾਲੇ ਆਪਸ ਵਿੱਚ ਰਿਸ਼ਤੇਦਾਰੀਆਂ ਕੱਢ ਕੇ ਗੂੜ੍ਹੀਆਂ ਸਾਂਝਾਂ ਪਾ ਲੈਂਦੇ ਤੇ ਤਾਕੀਦ ਕਰਦੇ ਕਿ ਭਾਈ ਜਦੋਂ ਕਦੇ ਉੱਧਰ ਨੂੰ ਆਏ ਤਾਂ ਸਾਡੇ ਘਰ ਜ਼ਰੂਰ ਰਾਤ ਰਹਿ ਕੇ ਜਾਇਓ।

ਆਵਾਜਾਈ ਦੇ ਸਾਧਨ ਬਹੁਤ ਘੱਟ ਹੋਣ ਦੇ ਬਾਵਜੂਦ ਲੋਕਾਂ ਦਾ ਦੂਰ ਤੱਕ ਦੀਆਂ ਰਿਸ਼ਤੇਦਾਰੀਆਂ ਵਿੱਚ ਵਰਤ-ਵਰਤਾਵਾ ਬਹੁਤ ਹੀ ਨੇੜੇ ਦਾ ਹੁੰਦਾ ਸੀ। ਅੱਜ ਦੇ ਮੋਬਾਈਲ ਯੁੱਗ ਵਿੱਚ ਤਾਂ ਬਹੁਤ ਹੀ ਨੇੜੇ ਦੇ ਰਿਸ਼ਤੇਦਾਰ ਭਾਵੇਂ ਇੱਕ ਹੀ ਸ਼ਹਿਰ ਵਿੱਚ ਰਹਿੰਦੇ ਹੋਣ, ਪਰ ਇੱਕ ਦੂਜੇ ਦੇ ਘਰ ਰਾਤ ਰਹਿਣ ਦੀ ਗੱਲ ਦੂਰ ਰਹੀ, ਕਿਸੇ ਨੂੰ ਬਿਨਾਂ ਕੰਮ ਤੋਂ ਫੋਨ ਵੀ ਨਹੀਂ ਕਰਦੇ। ਇਸ ਮੋਬਾਈਲ ਨੇ ਸਾਨੂੰ ਜਿੱਥੇ ਵਿਦੇਸ਼ਾਂ ਵਿੱਚ ਵੱਸਦੇ ਧੀਆਂ-ਪੁੱਤਾਂ ਨਾਲ ਵੀਡੀਓ ਕਾਲ ਕਰਨ ਦੀ ਸਹੂਲਤ ਨੇ ਸੁੱਖ ਦਿੱਤਾ ਹੈ, ਉੱਥੇ ਬਾਕੀ ਰਿਸ਼ਤਿਆਂ ਵਿੱਚ ਨੇੜੇ ਹੋਣ ਦੇ ਬਾਵਜੂਦ ਦੂਰੀਆਂ ਨੂੰ ਬਹੁਤ ਵਧਾਇਆ ਹੈ। ਭਾਵ ਉਹ ਕਿਹੜਾ ਫੋਨ ਕਰਦੇ ਹਨ, ਅਸੀਂ ਹਰ ਵਾਰੀ ਹੀ ਕਿਉਂ ਕਰੀਏ, ਸਾਨੂੰ ਕਿਹੜਾ ਚੱਟੀ ਪਈ ਏ, ਆਦਿ ਗੱਲਾਂ ਨਾਲ ਅਸੀਂ ਆਪਣਿਆਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਪਹਿਲਾਂ ਅਜਿਹਾ ਕਲਚਰ ਨਹੀਂ ਸੀ। ਸਾਰੇ ਇੱਕ ਦੂਜੇ ਨਾਲ ਦਿਲੋਂ ਵਰਤਦੇ ਸਨ। ਪਿੰਡੋਂ ਆਏ ਲਾਗੀ ਨੂੰ ਵੀ ਬਹੁਤ ਮਾਣ ਸਤਿਕਾਰ ਦਿੱਤਾ ਜਾਂਦਾ ਸੀ। ਰਿਸ਼ਤੇਦਾਰ ਨੂੰ ਤਾਂ ਅਗਲੇ ਹੱਥੀਂ ਛਾਵਾਂ ਕਰਦੇ ਸਨ।

ਉਦੋਂ ਜੇਕਰ ਕੋਈ ਕਿਸੇ ਦੀ ਬਰਾਤ ਜਾਂਦਾ। ਉਸ ਪਿੰਡ ਜੇਕਰ ਪਿੰਡ ਦੀ ਕੋਈ ਕੁੜੀ ਵਿਆਹੀ ਹੁੰਦੀ ਤਾਂ ਜੰਨ ਗਏ ਉਸ ਨੂੰ ਪੱਤਲ ਦੇਣ ਜਾਂਦੇ ਸੀ। ਪੱਤਲ ਦੇ ਨਾਲ ਸ਼ਗਨ ਵੀ ਦਿੱਤਾ ਜਾਂਦਾ ਸੀ ਤੇ ਉਹ ਕੁੜੀ ਫੁੱਲੀ ਨਾ ਸਮਾਉਂਦੀ ਕਿ ਮੇਰੇ ਪੇਕਿਆਂ ਦੇ ਪਿੰਡੋਂ ਪੱਤਲ ਦੇਣ ਆਏ ਹਨ। ਅੱਜ ਵਾਲੇ ਤਾਂ ਬਰਾਤ ਗਏ ਸਕੀਆਂ ਭੈਣਾਂ ਨੂੰ ਨਹੀਂ ਪੁੱਛਦੇ, ਬਲਕਿ ਉਨ੍ਹਾਂ ਨੂੰ ਵੀ ਸ਼ਰੀਕ ਸਮਝਦੇ ਹਨ। ਅੱਜਕੱਲ੍ਹ ਦੇ ਮਹਿੰਗੇ ਮੈਰਿਜ ਪੈਲੇਸਾਂ ਵਾਲੇ ਵਿਆਹ ਵੀ ਬਸ ਚਾਰ ਕੁ ਘੰਟਿਆਂ ਦੇ ਹੀ ਰਹਿ ਗਏ ਹਨ। ਕਈ ਰਿਸ਼ਤੇਦਾਰ ਤਾਂ ਐਨ ਮੌਕੇ 'ਤੇ ਹੀ ਆਉਂਦੇ ਹਨ, ਸ਼ਗਨ ਦਿੱਤਾ ਤੇ ਰੋਟੀ ਖਾਧੀ, ਬਸ ਘਰ ਨੂੰ ਚਾਲੇ ਪਾ ਦਿੱਤੇ। ਹੁਣ ਕਾਹਦੇ ਵਿਆਹ ਤੇ ਕਿਹੜੇ ਮੰਗਣੇ ਰਹਿ ਗਏ। ਪਹਿਲਾਂ ਵਾਲੀ ਰੋਪਨਾ ਤਾਂ ਅੱਜਕੱਲ੍ਹ ਦੀ ਨਵੀਂ ਪੀੜ੍ਹੀ ਨੂੰ ਯਾਦ ਹੀ ਨਹੀਂ। ਬਸ ਹੁਣ ਤਾਂ ਵੈਡਿੰਗ ਤੇ ਪ੍ਰੀ-ਵੈਡਿੰਗ ਹੀ ਚੇਤੇ ਰਹਿੰਦਾ ਹੈ। ਉਦੋਂ ਤਾਂ ਕੁੜੀ ਨੂੰ ਸਿਰਫ਼ ਵਿਚੋਲਾ ਹੀ ਦੇਖ ਕੇ ਸ਼ਗਨ ਕਰ ਆਉਂਦਾ ਸੀ। ਮੁੰਡੇ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ ਕਿ ਵਿਆਹ ਤੋਂ ਪਹਿਲਾਂ ਕੁੜੀ ਦਾ ਮੂੰਹ ਦੇਖ ਲਵੇ। ਅੱਜਕੱਲ੍ਹ ਤਾਂ ਫਿਲਮੀ ਸਟਾਈਲ ਵਿੱਚ ਪ੍ਰੀ-ਵੈਡਿੰਗ ਹੁੰਦੀ ਹੈ, ਇਉਂ ਲੱਗਦਾ ਹੈ ਪਤਾ ਨਹੀਂ ਜੋੜੀ ਕਦੋਂ ਕੁ ਦੀ ਆਪਸ ਵਿੱਚ ਇੱਕ ਦੂਜੇ ਨੂੰ ਜਾਣਦੀ ਹੈ। ਮੌਜੂਦਾ ਦੌਰ ਵਿੱਚ ਬਹੁਤੇ ਲੋਕਾਂ ਕੋਲ ਕਿਸੇ ਦੇ ਦਾਹ ਸੰਸਕਾਰ 'ਤੇ ਜਾਣ ਦਾ ਸਮਾਂ ਨਹੀਂ ਰਹਿ ਗਿਆ। ਉੱਥੇ ਮੌਜੂਦ ਕਿਸੇ ਨੇੜਲੇ ਸੱਜਣ ਮਿੱਤਰ ਨੂੰ ਫੋਨ 'ਤੇ ਪੁੱਛਦੇ ਰਹਿੰਦੇ ਹਨ ਕਿ ਘਰੋਂ ਚੱਲ ਪਏ ਜਾਂ ਚੱਲਣ ਲੱਗੇ, ਮੈਨੂੰ ਮਿਸਡ ਕਾਲ ਮਾਰ ਦਈਂ, ਮੈਂ ਸਿੱਧਾ ਸ਼ਮਸ਼ਾਨਘਾਟ ਵਿੱਚ ਆ ਜਾਊਂ। ਉੱਥੇ ਪਹੁੰਚ ਕੇ ਵੀ ਮੋਬਾਈਲ ਹੱਥ ਵਿੱਚ ਰੱਖਦਾ ਹੈ ਕਿ ਕਿਸੇ ਦਾ ਫੋਨ ਸੁਣਨੋਂ ਨਾ ਰਹਿ ਜਾਵਾਂ। ਮ੍ਰਿਤਕ ਦੇ ਸਰੀਰ ਨੂੰ ਅਜੇ ਚਿਖਾ 'ਤੇ ਰੱਖਿਆ ਹੀ ਹੁੰਦਾ ਹੈ, ਤੁਰੰਤ ਉੱਥੋਂ ਵੀ ਛੇਤੀ-ਛੇਤੀ ਭੱਜ ਪੈਂਦਾ ਹੈ। ਕਿਤੇ ਪੈਸੇ ਕਮਾਉਣੋਂ ਰਹਿ ਨਾ ਜਾਵਾਂ, ਕੋਈ ਗਾਹਕ ਮੁੜ ਨਾ ਜਾਵੇ। ਮ੍ਰਿਤਕ ਦੇ ਪਰਿਵਾਰ ਵਾਲੇ ਵੀ ਉਸ ਦੀਆਂ ਅੰਤਿਮ ਰਸਮਾਂ ਪਹਿਲਾਂ ਦੀ ਤਰ੍ਹਾਂ ਅੱਠ ਜਾਂ ਦਸ ਦਿਨਾਂ ਵਿੱਚ ਨਿਬੇੜਨ ਦੀ ਥਾਂ ਹੁਣ ਤੀਜੇ ਦਿਨ ਫੁੱਲ ਚੁਗਣ ਤੋਂ ਬਾਅਦ ਹੀ ਭੋਗ ਪਾ ਕੇ ਸੁਰਖਰੂ ਹੋ ਜਾਂਦੇ ਹਨ ਤੇ ਹਵਾਲਾ ਇਹ ਦਿੰਦੇ ਹਨ ਕਿ ਭਾਈ ਇਹ ਤਾਂ ਘਰ ਦਾ 'ਕੱਲਾ-'ਕੱਲਾ ਕਮਾਊ ਹੈ। ਜੇ ਇਹ ਇੰਨੇ ਦਿਨ ਸੱਥਰ 'ਤੇ ਬੈਠਾ ਰਿਹਾ ਤਾਂ ਰੋਟੀ ਕਿੱਥੋਂ ਖਾਵਾਂਗੇ? ਇਸ ਦੇ ਅਸਲ ਕਾਰਨ ਸੰਯੁਕਤ ਪਰਿਵਾਰਾਂ ਦਾ ਤਿੜਕਣਾ ਹੈ। ਪਹਿਲਾਂ ਵਾਲੇ ਸਮਿਆਂ ਵਿੱਚ ਜਿਨ੍ਹਾਂ ਦੇ ਘਰ ਮਾਲਕ ਦੇ ਵਾਪਰੇ ਭਾਣੇ ਕਾਰਨ ਸੋਗ ਪੈ ਜਾਂਦਾ ਸੀ, ਉਨ੍ਹਾਂ ਦੇ ਆਂਢੀ ਗੁਆਂਢੀ ਭੋਗ ਤੱਕ ਨਾ ਤਾਂ ਉਨ੍ਹਾਂ ਨੂੰ ਚੁੱਲ੍ਹੇ ਵਿੱਚ ਅੱਗ ਪਾਉਣ ਦਿੰਦੇ ਸਨ ਤੇ ਨਾ ਹੀ ਦਿਨ ਰਾਤ ਉਨ੍ਹਾਂ ਦੇ ਘਰ ਨੂੰ ਸੁੰਨਾ ਛੱਡਦੇ ਸਨ। ਭਾਵ ਭੋਗ ਤੱਕ ਰਿਸ਼ਤੇਦਾਰ ਤੇ ਗੁਆਂਢੀ ਰਾਤਾਂ ਕਟਾਉਂਦੇ ਸਨ। ਪੁਰਾਤਨ ਵਿਰਸੇ ਨੂੰ ਭੁੱਲ ਕੇ ਤੇ ਨੈਤਿਕਤਾ ਨੂੰ ਵਿਸਾਰ ਕੇ ਅਸੀਂ ਪੱਛਮ ਦੀ ਸੱਭਿਅਤਾ ਨੂੰ ਅਪਣਾ ਕੇ ਆਧੁਨਿਕਤਾ ਦੇ ਡੂੰਘੇ ਸਮੁੰਦਰ ਵਿੱਚ ਡੁੱਬਦੇ ਜਾ ਰਹੇ ਹਾਂ, ਜਿਸ ਕਾਰਨ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਵੱਸ ਵਿੱਚ ਹੀ ਨਹੀਂ ਰਹਿਣਗੀਆਂ।

(ਬਾਕੀ ਸਫ਼ਾ 27 'ਤੇ)




# ਮਾਨਸਿਕ ਤੰਦਰੁਸਤੀ ਲਈ ਸੰਤੁਲਿਤ ਤੇ ਪੌਸ਼ਟਿਕ ਖੁਰਾਕ ਜ਼ਰੂਰੀ

ਸ਼ਿਵਾਨੀ ਠਾਕੁਰ

ਓਦਾਂ ਭਾਵੇਂ ਅਸੀਂ ਕੁਝ ਵੀ ਆਖੀਏ, ਪਰ ਖਾਣਾ ਸਾਡੀ ਭੁੱਖ ਨੂੰ ਸੰਤੁਸ਼ਟ ਕਰਨ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਰਦਾ ਹੈ। ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਸਾਡੀਆਂ ਭਾਵਨਾਵਾਂ, ਵਿਚਾਰਾਂ ਅਤੇ ਰੋਜ਼ਾਨਾ ਮੁਕਾਬਲਾ ਕਰਨ ਦੀਆਂ ਵਿਧੀਆਂ ਨੂੰ ਸੂਖ਼ਮ ਤੌਰ 'ਤੇ ਪ੍ਰਭਾਵਿਤ ਕਰਦੀਆਂ ਹਨ। ਸਰੀਰ ਦੇ ਸਭ ਤੋਂ ਸਰਗਰਮ ਅੰਗਾਂ ਵਿੱਚੋਂ ਇੱਕ, ਦਿਮਾਗ਼ ਨੂੰ ਆਪਣੇ ਬਿਹਤਰੀਨ ਪ੍ਰਦਰਸ਼ਨ ਕਰਨ ਲਈ ਢੁਕਵੇਂ ਪੋਸ਼ਣ ਦੀ ਲੋੜ ਹੁੰਦੀ ਹੈ। ਸਾਡੀ ਮਾਨਸਿਕ ਸਿਹਤ ਨੂੰ ਸੁਧਾਰਨ ਤੋਂ ਲੈ ਕੇ ਸਾਡੀ ਇਕਾਗਰਤਾ ਅਤੇ ਯਾਦਦਾਸ਼ਤ ਨੂੰ ਬਿਹਤਰ ਬਣਾਉਣ ਤੱਕ ਪੋਸ਼ਣ ਦਾ ਸਾਡੀ ਮਾਨਸਿਕ ਅਤੇ ਭਾਵਨਾਤਮਕ ਸਿਹਤ 'ਤੇ ਵੱਡਾ ਪ੍ਰਭਾਵ ਪੈਂਦਾ ਹੈ।

ਭੋਜਨ ਰਾਹੀਂ ਸਰੀਰ ਦੇ ਵਿਕਾਸ, ਜੀਵਨ ਸ਼ਕਤੀ ਅਤੇ ਆਮ ਕੰਮਕਾਜ ਕਰਦੇ ਰਹਿਣ ਲਈ ਮਨੁੱਖ ਵਾਸਤੇ ਲੋੜੀਂਦੇ ਪੌਸ਼ਟਿਕ ਤੱਤਾਂ ਨੂੰ ਪੋਸ਼ਣ ਆਖਦੇ ਹਨ। ਬਿਮਾਰੀਆਂ ਤੋਂ ਸਾਡੇ ਸਰੀਰ ਦੇ ਬਚਾਅ, ਬਿਮਾਰ ਹੋਣ ਦੀ ਸੂਰਤ ਵਿੱਚ ਇਲਾਜ ਅਤੇ ਸਰੀਰ ਦੇ ਵਧਣ ਫੁੱਲਣ ਲਈ ਲੋੜੀਂਦੇ ਪੌਸ਼ਟਿਕ ਤੱਤ ਸੰਤੁਲਿਤ ਭੋਜਨ ਦੀ ਹਰ ਬੁਰਕੀ ਵਿੱਚ ਹੁੰਦੇ ਹਨ।

ਜਦੋਂ ਸਾਡੀਆਂ ਪੌਸ਼ਟਿਕ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ ਤਾਂ ਅਸੀਂ ਭਾਵਨਾਤਮਕ ਤੌਰ 'ਤੇ ਸੰਤੁਲਿਤ ਮਹਿਸੂਸ ਕਰਦੇ ਹਾਂ। ਬੱਚਿਆਂ ਦੇ ਸਰੀਰ ਦਾ ਵਿਕਾਸ, ਬਿਮਾਰੀਆਂ ਦੀ ਰੋਕਥਾਮ ਅਤੇ ਬਿਮਾਰੀਆਂ ਨਾਲ ਲੜਨ ਦੀ ਸਾਡੀ ਸਮਰੱਥਾ ਸਾਡੇ ਵੱਲੋਂ ਖਾਧੇ ਜਾ ਰਹੇ ਪੌਸ਼ਟਿਕ ਭੋਜਨ 'ਤੇ ਨਿਰਭਰ ਕਰਦੀ ਹੈ। ਸੰਤੁਲਿਤ ਭੋਜਨ ਸਾਡੇ ਸਰੀਰ ਲਈ ਲੋੜੀਂਦੀ ਊਰਜਾ ਪ੍ਰਦਾਨ ਕਰਦਾ ਹੈ। ਇਸ ਨਾਲ ਮਾਨਸਿਕ ਸਪੱਸ਼ਟਤਾ ਅਤੇ ਭਾਵਨਾਤਮਕ ਸਥਿਰਤਾ 'ਚ ਵਾਧਾ ਹੁੰਦਾ ਹੈ। ਸੰਤੁਲਿਤ ਖੁਰਾਕ ਖਾਣ ਦੇ ਦੋ ਫ਼ਾਇਦੇ ਹਨ। ਇਹ ਆਮ ਸਿਹਤ ਨੂੰ ਕਾਇਮ ਰੱਖਦੀ ਹੈ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਦੀ ਹੈ।

ਮਾਨਸਿਕ ਸਿਹਤ ਦਾ ਪੋਸ਼ਣ ਨਾਲ ਸਿੱਧਾ ਸਬੰਧ ਹੈ। ਇਸ ਗੱਲ 'ਤੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਕਿ ਖੁਰਾਕ ਭਾਵਨਾਵਾਂ ਅਤੇ ਦਿਮਾਗ਼ ਦੇ ਕਾਰਜ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਵਿਟਾਮਿਨ, ਖਣਿਜ, ਸਿਹਤਮੰਦ ਚਰਬੀ, ਪ੍ਰੋਟੀਨ ਅਤੇ ਹੋਰ ਪੌਸ਼ਟਿਕ ਤੱਤ ਦਿਮਾਗ਼ ਦੀ ਸਮਰੱਥਾ ਨੂੰ ਵਧਾਉਂਦੇ ਹਨ, ਮੂਡ ਨੂੰ ਕੰਟਰੋਲ ਕਰਨ ਵਿੱਚ ਸਹਾਇਤਾ ਕਰਦੇ ਹਨ ਅਤੇ ਕੁਝ ਮਾਨਸਿਕ ਸਿਹਤ ਸਥਿਤੀਆਂ ਦੇ ਜੋਖ਼ਮ ਨੂੰ ਵੀ ਘਟਾ ਸਕਦੇ ਹਨ।

ਮਾਨਸਿਕ ਸਿਹਤ ਲਈ ਪੋਸ਼ਣ ਨੂੰ ਤਰਜੀਹ ਦੇਣ ਦੇ ਹੇਠ ਲਿਖੇ ਫ਼ਾਇਦੇ ਹੁੰਦੇ ਹਨ:

ਤਣਾਅ, ਚਿੰਤਾ ਅਤੇ ਉਦਾਸੀ ਨੂੰ ਘੱਟ ਕਰਨਾ।ਯਾਦਦਾਸ਼ਤ ਅਤੇ ਇਕਾਗਰਤਾ ਦਾ ਵਧਣਾ।ਮੁਸ਼ਕਿਲ ਹਾਲਾਤ ਵਿੱਚ ਵੀ ਵਧੀ ਹੋਈ ਭਾਵਨਾਤਮਕ ਤਾਕਤ ਸਹਾਰੇ ਮਜ਼ਬੂਤ ਰਹਿਣਾ।ਆਮ ਮਨੋਵਿਗਿਆਨਕ ਅਤੇ ਭਾਵਨਾਤਮਕ ਸਿਹਤ ਵਿੱਚ ਸੁਧਾਰ।ਭੋਜਨ ਦੀ ਸੋਚ ਸਮਝ ਕੇ ਕੀਤੀ ਚੋਣ ਰਾਹੀਂ ਅਸੀਂ ਨਾ ਸਿਰਫ਼ ਆਪਣੇ ਸਰੀਰ ਨੂੰ ਸਗੋਂ ਆਪਣੇ ਮਨ ਨੂੰ ਵੀ ਤੰਦਰੁਸਤ ਰੱਖ ਸਕਦੇ ਹਾਂ।



**ਮਾਨਸਿਕ ਤੰਦਰੁਸਤੀ ਲਈ ਸਲਾਹ**

ਆਪਣੇ ਭੋਜਨ ਵਿੱਚ ਦਿਮਾਗ਼ ਦੀ ਸਮਰੱਥਾ ਨੂੰ ਵਧਾਉਣ ਵਾਲੇ ਖਾਧ ਪਦਾਰਥ ਸ਼ਾਮਲ ਕਰੋ ਜਿਵੇਂ ਕਿ ਫਲ, ਬਦਾਮ, ਅਖਰੋਟ, ਬੀਜ, ਮੋਟੇ ਅਨਾਜ ਜਾਂ ਪੱਤੇਦਾਰ ਸਬਜ਼ੀਆਂ। ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਵਿੱਚ ਮਾਮੂਲੀ ਤਬਦੀਲੀਆਂ ਤੁਹਾਡੇ ਮੂਡ ਅਤੇ ਮਾਨਸਿਕ ਤੰਦਰੁਸਤੀ ਨੂੰ ਕਾਫ਼ੀ ਪ੍ਰਭਾਵਿਤ ਕਰ ਸਕਦੀਆਂ ਹਨ।

**ਸਿੱਟਾ**

ਭੋਜਨ ਸਿਰਫ਼ ਭੋਜਨ ਨਹੀਂ ਹੈ। ਇਹ ਮਨ ਲਈ ਜਾਣਕਾਰੀ ਵਜੋਂ ਕੰਮ ਕਰਦਾ ਹੈ। ਸਾਡੇ ਦੁਆਰਾ ਲਿਆ ਗਿਆ ਹਰ ਸਿਹਤਮੰਦ ਫ਼ੈਸਲਾ ਸਾਡੇ ਮਨ ਨੂੰ ਇੱਕ ਰਚਨਾਤਮਕ ਸੰਦੇਸ਼ ਦਿੰਦਾ ਹੈ। ਇਸ ਨੂੰ ਲਚਕੀਲਾ, ਕੇਂਦਰਿਤ ਅਤੇ ਭਾਵਨਾਤਮਕ ਤੌਰ 'ਤੇ ਸਥਿਰ ਰਹਿਣ ਵਿੱਚ ਸਹਾਇਤਾ ਕਰਦਾ ਹੈ। ਇੱਕ ਵਾਰ ਖਾਧਾ ਗਿਆ ਇੱਕ ਸੰਤੁਲਿਤ ਪਕਵਾਨ ਵੀ ਕਾਰਗਰ ਸਾਬਿਤ ਹੁੰਦਾ ਹੈ। ਦਰਅਸਲ, ਇੱਕ ਤੰਦਰੁਸਤ ਮਨ ਸੰਤੁਲਿਤ ਤੇ ਪੌਸ਼ਟਿਕ ਖੁਰਾਕ ਨਾਲ ਹੀ ਬਣਦਾ ਹੈ।

# ਹਾਰਟ ਅਟੈਕ ਜਾਂ ਸਟ੍ਰੋਕ ਦੇ ਖਤਰੇ ਨੂੰ ਵਧਾਉਂਦੈ ਗੁੱਸਾ



ਸ਼ਾਇਦ ਹੀ ਕੋਈ ਅਜਿਹਾ ਹੋਵੇਗਾ, ਜਿਸ ਨੇ ਕਦੇ ਗੁੱਸਾ ਨਾ ਕੀਤਾ ਹੋਵੇ। ਅਸੀਂ ਸਾਰੇ ਕਦੇ ਨਾ ਕਦੇ ਕਿਸੇ ਨਾ ਕਿਸੇ ਗੱਲ 'ਤੇ ਗੁੱਸੇ ਜ਼ਰੂਰ ਹੁੰਦੇ ਹਾਂ। ਆਮ ਤੌਰ 'ਤੇ ਇਹੀ ਮੰਨਿਆ ਜਾਂਦਾ ਹੈ ਕਿ ਇਹ ਇਕ ਅਹਿਸਾਸ ਹੈ, ਜਿਸ ਨੂੰ ਪ੍ਰਗਟ ਕਰਨਾ ਆਮ ਗੱਲ ਹੈ।

ਪਰ ਜੇਕਰ ਤੁਸੀਂ ਵੀ ਅਜਿਹਾ ਹੀ ਮੰਨਦੇ ਹੋ ਅਤੇ ਛੋਟੀਆਂ-ਛੋਟੀਆਂ ਗੱਲਾਂ 'ਤੇ ਗੁੱਸਾ ਕਰਦੇ ਹੋ, ਤਾਂ ਸਾਵਧਾਨ ਹੋ ਜਾਓ। ਇੱਕ ਖੋਜ ਵਿੱਚ ਇਹ ਸਾਹਮਣੇ ਆਇਆ ਹੈ ਕਿ ਗੁੱਸਾ ਕਰਨਾ ਤੁਹਾਡੀ ਸਿਹਤ ਲਈ ਕਾਫ਼ੀ ਨੁਕਸਾਨਦੇਹ ਹੋ ਸਕਦਾ ਹੈ। ਆਓ ਜਾਣਦੇ ਹਾਂ ਕਿ ਗੁੱਸਾ ਤੁਹਾਡੇ ਦਿਲ 'ਤੇ ਕਿਵੇਂ ਅਸਰ ਪਾਉਂਦਾ ਹੈ?

**ਖੋਜ ਵਿੱਚ ਕੀ ਪਤਾ ਲੱਗਿਆ?**

ਇਸ ਖੋਜ ਵਿੱਚ ਵਿਗਿਆਨੀਆਂ ਨੇ ਪਾਇਆ ਕਿ ਜੇਕਰ ਤੁਸੀਂ ਸਿਰਫ਼ 8 ਮਿੰਟ ਲਈ ਵੀ ਗੁੱਸਾ ਕਰਦੇ ਹੋ, ਤਾਂ ਅਗਲੇ 40 ਮਿੰਟਾਂ ਤੱਕ ਇਸ ਦਾ ਬੁਰਾ ਅਸਰ ਤੁਹਾਡੀਆਂ ਖ਼ੂਨ ਦੀਆਂ ਨਸਾਂ 'ਤੇ ਰਹਿੰਦਾ ਹੈ। ਇਹ ਅਸਰ ਕੁਝ ਅਜਿਹਾ ਹੁੰਦਾ ਹੈ ਕਿ ਇਸ ਨਾਲ ਨਸਾਂ ਦੇ ਫੈਲਣ ਅਤੇ ਸੁੰਗੜਨ ਦੀ ਸਮਰੱਥਾ ਅੱਧੀ ਰਹਿ ਜਾਂਦੀ ਹੈ, ਜੋ ਹਾਰਟ ਅਟੈਕ ਜਾਂ ਸਟ੍ਰੋਕ ਦੇ ਖ਼ਤਰੇ ਨੂੰ ਵਧਾਉਂਦੀ ਹੈ।

**280 ਲੋਕਾਂ 'ਤੇ ਕੀਤੀ ਗਈ ਸਟੱਡੀ**

ਇਸ ਸਟੱਡੀ ਵਿੱਚ 280 ਅਜਿਹੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਨੂੰ ਨਾ ਤਾਂ ਦਿਲ ਦੀ ਕੋਈ ਬਿਮਾਰੀ ਸੀ ਅਤੇ ਨਾ ਹੀ ਡਾਇਬੀਟੀਜ਼ ਵਰਗੀ ਕੋਈ ਸਮੱਸਿਆ। ਉਨ੍ਹਾਂ ਲੋਕਾਂ ਨੂੰ ਵੱਖ-ਵੱਖ ਗਰੁੱਪਾਂ ਵਿੱਚ ਵੰਡਿਆ ਗਿਆ ਅਤੇ ਵੱਖ-ਵੱਖ ਕੰਮ ਕਰਨ ਲਈ ਕਿਹਾ ਗਿਆ। ਕੁਝ ਲੋਕਾਂ ਨੂੰ ਪੁਰਾਣੀਆਂ ਗੁੱਸਾ ਦਿਵਾਉਣ ਵਾਲੀਆਂ ਗੱਲਾਂ ਯਾਦ ਕਰਨ ਲਈ ਕਿਹਾ ਗਿਆ। ਕੁਝ ਲੋਕਾਂ ਨੂੰ ਉਦਾਸੀ ਜਾਂ ਚਿੰਤਾ ਵਾਲੀਆਂ ਗੱਲਾਂ ਸੋਚਣ ਲਈ ਕਿਹਾ ਗਿਆ। ਜਦਕਿ, ਇੱਕ ਗਰੁੱਪ ਨੂੰ ਬਿਲਕੁਲ ਸ਼ਾਂਤ ਰਹਿਣ ਅਤੇ ਸਿਰਫ਼ ਗਿਣਤੀ ਗਿਣਨ ਲਈ ਕਿਹਾ ਗਿਆ।

ਬਾਅਦ ਵਿੱਚ ਸਾਹਮਣੇ ਆਏ ਇਸ ਦੇ ਨਤੀਜੇ ਕਾਫ਼ੀ ਹੈਰਾਨ ਕਰਨ ਵਾਲੇ ਸਨ। ਨਤੀਜਿਆਂ ਵਿੱਚ ਇਹ ਪਤਾ ਲੱਗਾ ਕਿ ਜੋ ਲੋਕ ਗੁੱਸਾ ਕਰ ਰਹੇ ਸਨ, ਉਨ੍ਹਾਂ ਦੀਆਂ ਨਸਾਂ ਵਿੱਚ ਖ਼ੂਨ ਦਾ ਪ੍ਰਵਾਹ ਠੀਕ ਤਰ੍ਹਾਂ ਨਹੀਂ ਹੋ ਰਿਹਾ ਸੀ। ਜਦਕਿ ਉਦਾਸੀ ਜਾਂ ਚਿੰਤਾ ਮਹਿਸੂਸ ਕਰਨ ਵਾਲੇ ਲੋਕਾਂ ਦੀਆਂ ਨਸਾਂ 'ਤੇ ਅਜਿਹਾ ਬੁਰਾ ਅਸਰ ਨਹੀਂ ਪਿਆ।

**ਕੀ ਹੁੰਦਾ ਹੈ ਜਦੋਂ ਅਸੀਂ ਗੁੱਸਾ ਕਰਦੇ ਹਾਂ?**

ਗੁੱਸਾ ਸਰੀਰ 'ਤੇ ਬੁਰਾ ਅਸਰ ਇਸ ਲਈ ਕਰਦਾ ਹੈ, ਕਿਉਂਕਿ ਗੁੱਸਾ ਕਰਨ 'ਤੇ ਸਾਡੇ ਸਰੀਰ ਵਿੱਚ 'ਕੋਰਟੀਸੋਲ' ਅਤੇ 'ਐਡਰੇਨਾਲੀਨ' ਵਰਗੇ ਸਟ੍ਰੈੱਸ ਹਾਰਮੋਨ ਤੇਜ਼ੀ ਨਾਲ ਨਿਕਲਣ ਲੱਗਦੇ ਹਨ। ਇਹ ਹਾਰਮੋਨ ਖ਼ੂਨ ਦੀਆਂ ਨਸਾਂ ਦੀ ਅੰਦਰੂਨੀ ਪਰਤ ਨੂੰ ਸੁੰਗੜਾ ਦਿੰਦੇ ਹਨ, ਜਿਸ ਨਾਲ ਖ਼ੂਨ ਵਹਿਣ ਦਾ ਰਸਤਾ ਤੰਗ ਹੋ ਜਾਂਦਾ ਹੈ, ਬਲੱਡ ਪ੍ਰੈਸ਼ਰ ਵਧਦਾ ਹੈ ਅਤੇ ਦਿਲ 'ਤੇ ਜ਼ਿਆਦਾ ਜ਼ੋਰ ਪੈਂਦਾ ਹੈ।

**ਜ਼ਿਆਦਾ ਖ਼ਤਰਾ ਕਦੋਂ ਹੁੰਦਾ ਹੈ?**

ਜੇਕਰ ਤੁਸੀਂ ਕਦੇ-ਕਦਾਈਂ ਗੁੱਸਾ ਕਰਦੇ ਹੋ, ਤਾਂ ਇਸ ਨਾਲ ਬਹੁਤ ਜ਼ਿਆਦਾ ਨੁਕਸਾਨ ਨਹੀਂ ਹੁੰਦਾ। ਖ਼ਤਰਾ ਉਦੋਂ ਜ਼ਿਆਦਾ ਵੱਧ ਜਾਂਦਾ ਹੈ, ਜਦੋਂ ਤੁਹਾਨੂੰ ਵਾਰ-ਵਾਰ ਗੁੱਸਾ ਕਰਨ ਦੀ ਆਦਤ ਹੁੰਦੀ ਹੈ। ਇਸ ਨਾਲ ਤੁਹਾਡੀਆਂ ਨਸਾਂ ਨੂੰ ਠੀਕ ਹੋਣ ਦਾ ਸਮਾਂ ਨਹੀਂ ਮਿਲਦਾ ਅਤੇ ਲੰਬੇ ਸਮੇਂ ਬਾਅਦ ਇਹ ਬਲਾਕੇਜ ਅਤੇ ਦਿਲ ਦੀਆਂ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ।

**ਆਪਣੇ ਗੁੱਸੇ ਨੂੰ ਕਿਵੇਂ ਕੰਟਰੋਲ ਕਰੀਏ?**

ਤੁਰੰਤ ਜਵਾਬ ਨਾ ਦਿਓ: ਜਦੋਂ ਗੁੱਸਾ ਆਵੇ, ਤਾਂ ਤੁਰੰਤ ਜਵਾਬ ਦੇਣ ਤੋਂ ਬਚੋ। ਡੂੰਘਾ ਸਾਹ ਲਓ ਅਤੇ 10 ਤੱਕ ਗਿਣਤੀ ਗਿਣੋ।

ਸਰੀਰਕ ਤੌਰ 'ਤੇ ਸਰਗਰਮ ਰਹੋ: ਖ਼ੁਦ ਨੂੰ ਫਿਜ਼ੀਕਲੀ ਐਕਟਿਵ ਰੱਖੋ। ਰੋਜ਼ਾਨਾ ਥੋੜ੍ਹੀ ਦੇਰ ਸੈਰ ਕਰੋ, ਯੋਗਾ ਕਰੋ ਜਾਂ ਕਸਰਤ ਕਰੋ। ਇਸ ਨਾਲ ਤਣਾਅ ਘੱਟ ਹੋਵੇਗਾ।

ਮੈਡੀਟੇਸ਼ਨ ਅਤੇ ਸਾਹ ਦੀ ਕਸਰਤ: ਦਿਮਾਗ ਨੂੰ ਸ਼ਾਂਤ ਕਰਨ ਲਈ ਮੈਡੀਟੇਸ਼ਨ (ਧਿਆਨ ਲਗਾਉਣਾ) ਜਾਂ ਡੂੰਘੇ ਸਾਹ ਲੈਣ ਦੀ ਕਸਰਤ ਫਾਇਦੇਮੰਦ ਹੋ ਸਕਦੀ ਹੈ।

ਮਾਹਿਰ ਦੀ ਸਲਾਹ: ਜੇਕਰ ਤੁਸੀਂ ਖ਼ੁਦ ਗੁੱਸੇ 'ਤੇ ਕਾਬੂ ਨਹੀਂ ਪਾ ਰਹੇ, ਤਾਂ ਡਾਕਟਰ ਜਾਂ ਮਾਹਿਰ ਨਾਲ ਗੱਲ ਕਰੋ।

# ਚੰਗੀ ਨੀਂਦ ਲਈ ਜੀਵਨਸ਼ੈਲੀ 'ਚ ਬਦਲਾਓ ਜ਼ਰੂਰੀ

ਨੀਂਦ ਲਈ ਆਯੁਰਵੈਦਿਕ ਸੁਝਾਅ ਚੰਗੀ ਨੀਂਦ ਤੋਂ ਬਾਅਦ ਸਵੇਰੇ ਉੱਠ ਕੇ ਤਾਜ਼ਗੀ ਮਹਿਸੂਸ ਕਰਨਾ ਇੱਕ ਅਦਭੁਤ ਅਹਿਸਾਸ ਹੁੰਦਾ ਹੈ ਪਰ ਅਨਿਯਮਿਤ ਜੀਵਨ ਸ਼ੈਲੀ ਅਤੇ ਖਾਣ-ਪੀਣ ਵਿੱਚ ਲਾਪਰਵਾਹੀ ਦੇ ਕਾਰਨ ਅੱਜਕੱਲ੍ਹ ਬਹੁਤ ਸਾਰੇ ਲੋਕ ਚੰਗੀ ਨੀਂਦ ਨਹੀਂ ਲੈ ਪਾਉਂਦੇ ਹਨ। ਅਜਿਹੇ 'ਚ ਜੇਕਰ ਤੁਸੀਂ ਵੀ ਰਾਤ ਨੂੰ ਬਿਸਤਰ 'ਤੇ ਆਰਾਮ ਨਾਲ ਨੀਂਦ ਲੈਣ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਆਯੁਰਵੇਦ ਦੇ ਕੁਝ ਨੁਸਖੇ ਤੁਹਾਡੇ ਲਈ ਫਾਇਦੇਮੰਦ ਹੋ ਸਕਦੇ ਹਨ। ਇੰਦੌਰ ਸਥਿਤ ਅਸ਼ਟਾਂਗ ਆਯੁਰਵੇਦ ਕਾਲਜ ਦੇ ਡਾਕਟਰ ਅਖਿਲੇਸ਼ ਭਾਰਗਵ ਇਸ ਬਾਰੇ ਵਿਸਥਾਰ ਨਾਲ ਦੱਸ ਰਹੇ ਹਨ।



ਪੁਰਾਣੇ ਜ਼ਮਾਨੇ ਵਿੱਚ, ਲੋਕ ਇੱਕ ਚੰਗੀ ਜੀਵਨ ਸ਼ੈਲੀ ਦਾ ਪਾਲਣ ਕਰਦੇ ਹੋਏ, ਸੂਰਜ ਡੁੱਬਣ ਦੇ ਨਾਲ ਸੌਂਦੇ ਸਨ ਅਤੇ ਸੂਰਜ ਚੜ੍ਹਨ ਤੋਂ ਪਹਿਲਾਂ ਜਾਗਦੇ ਸਨ। ਅਜੋਕੇ ਸਮੇਂ ਵਿੱਚ ਅਜਿਹੀ ਜੀਵਨਸ਼ੈਲੀ ਦਾ ਪਾਲਣ ਕਰਨਾ ਬਹੁਤ ਮੁਸ਼ਕਿਲ ਹੈ, ਪਰ ਜੀਵਨ ਸ਼ੈਲੀ ਨੂੰ ਨਿਯੰਤਰਿਤ ਕੀਤਾ ਜਾ ਸਕਦਾ ਹੈ। ਰਾਤ ਨੂੰ ਜਲਦੀ ਸੌਣ ਦੀ ਕੋਸ਼ਿਸ਼ ਕਰੋ।

ਰਾਤ ਦਾ ਭੋਜਨ

ਰਾਤ ਨੂੰ ਬਹੁਤ ਜ਼ਿਆਦਾ ਚਰਬੀ ਵਾਲੇ ਭੋਜਨ ਦਾ ਸੇਵਨ ਨਹੀਂ ਕਰਨਾ ਚਾਹੀਦਾ। ਸ਼ਾਮ 6 ਵਜੇ ਤੋਂ ਬਾਅਦ ਖਾਣਾ ਖਾਣ ਤੋਂ ਪਰਹੇਜ਼ ਕਰੋ। ਭੋਜਨ ਸੌਣ ਤੋਂ 3 ਘੰਟੇ ਪਹਿਲਾਂ ਲੈਣਾ ਚਾਹੀਦਾ ਹੈ। ਰਾਤ ਨੂੰ ਸਿਰਫ ਹਲਕਾ ਭੋਜਨ ਹੀ ਲਓ। ਰਾਤ ਨੂੰ ਸੌਂਦੇ ਸਮੇਂ ਚੰਗਾ ਪਾਣੀ ਪੀਓ।

ਮੋਬਾਈਲ, ਟੀ.ਵੀ. ਤੋਂ ਦੂਰ ਰਹੋ

ਰਾਤ ਨੂੰ ਸੌਣ ਤੋਂ ਦੋ ਘੰਟੇ ਪਹਿਲਾਂ ਮੋਬਾਈਲ, ਲੈਪਟਾਪ, ਕੰਪਿਊਟਰ ਆਦਿ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਨ੍ਹਾਂ ਇਲੈਕਟ੍ਰਾਨਿਕ ਉਪਕਰਨਾਂ ਤੋਂ ਨਿਕਲਣ ਵਾਲੀ ਨੀਲੀ ਰੋਸ਼ਨੀ ਅੱਖਾਂ ਲਈ ਬਹੁਤ ਹਾਨੀਕਾਰਕ ਹੈ। ਸੌਣ ਤੋਂ ਪਹਿਲਾਂ ਮੋਬਾਈਲ ਨੂੰ ਦੂਰ ਰੱਖਣਾ ਚਾਹੀਦਾ ਹੈ।

ਖੱਬੇ ਪਾਸੇ ਸੌਣਾ

ਆਯੁਰਵੇਦ ਅਨੁਸਾਰ ਚੰਗੀ ਨੀਂਦ ਲਈ ਹਮੇਸ਼ਾ ਖੱਬੇ ਪਾਸੇ ਸੌਣਾ ਚਾਹੀਦਾ ਹੈ। ਖੱਬੇ ਪਾਸੇ ਕਰ ਕੇ ਸੌਣ ਨਾਲ ਛਾਤੀ ਵਿੱਚ ਜਲਨ ਨਹੀਂ ਹੁੰਦੀ ਅਤੇ ਪਾਚਨ ਸੰਬੰਧੀ ਸ਼ਿਕਾਇਤਾਂ ਵੀ ਦੂਰ ਹੁੰਦੀਆਂ ਹਨ। ਇਸ ਤੋਂ ਇਲਾਵਾ ਘੁਰਾੜਿਆਂ ਦੀ ਸਮੱਸਿਆ ਵੀ ਦੂਰ ਹੋ ਜਾਂਦੀ ਹੈ।



# ਦੋਸਤੀ ਇੰਝ ਵੀ ਟੁੱਟਦੀ ਹੈ

-ਜਸਪਾਲ ਸਿੰਘ ਲੋਹਾਮ

ਕਰਨ ਸਿੱਧੇ ਤੌਰ 'ਤੇ ਮੇਰਾ ਦੋਸਤ ਨਹੀਂ ਸੀ। ਉਸ ਦੀ ਮੇਰੇ ਨਾਲ ਦੋਸਤੀ ਮੇਰੇ ਪੁਰਾਣੇ ਦੋਸਤ ਹਰਮੀਤ ਰਾਹੀਂ ਹੋਈ ਸੀ, ਜਿਸ ਨਾਲ ਮੇਰੇ ਪੁਰਾਣੇ ਪਰਿਵਾਰਕ ਸਬੰਧ ਸਨ। ਉਹ ਮੈਨੂੰ ਦੋ-ਤਿੰਨ ਵਾਰ ਹਰਮੀਤ ਨਾਲ ਹੀ ਆਪਣੇ ਪਰਿਵਾਰ ਸਮੇਤ ਮਿਲਿਆ ਸੀ। ਸਾਡੇ ਬੱਚੇ ਇੱਕੋ ਜਿਹੀ ਉਮਰ ਦੇ ਸਨ, ਉਹ ਆਪਸ ਵਿੱਚ ਚੰਗਾ ਘੁਲ-ਮਿਲ ਗਏ ਅਤੇ ਸਾਡੀਆਂ ਪਤਨੀਆਂ ਦੇ ਸੁਭਾਅ ਵੀ ਆਪਸ ਵਿੱਚ ਮਿਲਦੇ ਸਨ, ਜਿਸ ਕਰਕੇ ਸਾਡਾ ਮਿਲਣਾ-ਜੁਲਣਾ ਸ਼ੁਰੂ ਹੋ ਗਿਆ। ਮੈਨੂੰ ਕਰਨ ਦਾ ਸੁਭਾਅ ਠੀਕ ਲੱਗਦਾ ਸੀ ਪਰ ਕਈ ਵਾਰ ਗੱਲਾਂ ਬਾਤਾਂ ਤੋਂ ਲੱਗਦਾ ਸੀ ਕਿ ਉਹ ਖੁੰਦਕੀ ਜਿਹਾ ਬੰਦਾ ਹੈ। ਉਹ ਆਪਣੇ ਜਾਣ-ਪਛਾਣ ਵਾਲਿਆਂ ਜਾਂ ਦੋਸਤਾਂ ਤੋਂ ਕਾਫ਼ੀ ਜ਼ਿਆਦਾ ਉਮੀਦ ਰੱਖਦਾ ਸੀ। ਉਸ ਨੂੰ ਲੱਗਦਾ ਸੀ ਕਿ ਸਾਹਮਣੇ ਵਾਲੇ ਨੂੰ ਉਸ ਦੀ ਮਦਦ ਲਾਜ਼ਮੀ ਤੌਰ 'ਤੇ ਹੀ ਕਰਨੀ ਚਾਹੀਦੀ ਹੈ। ਹਾਲਾਂਕਿ ਇਹ ਨਹੀਂ ਪਤਾ ਕਿ ਉਹ ਆਪ ਵੀ ਕਿਸੇ ਦੇ ਕਿੰਨਾ ਕੁ ਕੰਮ ਆਉਂਦਾ ਸੀ ਕਿਉਂਕਿ ਮੈਨੂੰ ਉਸ ਤੋਂ ਅਜਿਹੀ ਮਦਦ ਦੀ ਕਦੇ ਲੋੜ ਨਹੀਂ ਸੀ ਪਈ।

ਇੱਕ ਦਿਨ ਮੈਨੂੰ ਪਤਾ ਲੱਗਾ ਕਿ ਕਰਨ ਦੀ ਹਰਮੀਤ ਨਾਲ ਕਿਸੇ ਨਾਰਾਜ਼ਗੀ ਕਰਕੇ ਬੋਲਚਾਲ ਬੰਦ ਹੋ ਗਈ ਸੀ। ਉਹ ਦੋਵੇਂ ਇੱਕੋ ਮਹਿਕਮੇ ਵਿੱਚ ਨੌਕਰੀ ਕਰਦੇ ਸਨ। ਪਤਾ ਲੱਗਾ ਕਿ ਕਰਨ ਦੇ ਕਿਸੇ ਰਿਸ਼ਤੇਦਾਰ ਨੇ ਪਟਿਆਲਾ ਵਿੱਚ ਕਿਸੇ ਨੌਕਰੀ ਸਬੰਧੀ ਇਮਤਿਹਾਨ ਦੇਣ ਜਾਣਾ ਸੀ ਤੇ ਹਰਮੀਤ ਦਾ ਵੱਡਾ ਭਰਾ ਉਸ ਇਮਤਿਹਾਨ ਲੈਣ ਵਾਲੇ ਦਫ਼ਤਰ ਵਿੱਚ ਨੌਕਰੀ ਕਰਦਾ ਸੀ ਅਤੇ ਇਨਵਿਜੀਲੇਟਰ ਵਜੋਂ ਡਿਊਟੀ 'ਤੇ ਵੀ ਸੀ। ਕਰਨ ਨੇ ਆਪਣੇ ਰਿਸ਼ਤੇਦਾਰ ਨੂੰ ਕਹਿ ਰੱਖਿਆ ਸੀ ਕਿ ਹਰਮੀਤ ਦਾ ਵੱਡਾ ਭਰਾ ਉਸ ਦੀ ਪੇਪਰਾਂ ਵਿੱਚ ਮਦਦ ਕਰੇਗਾ। ਮੈਂ ਸੋਚਣ ਲੱਗਿਆ ਕਿ ਅਜਿਹੇ ਮੁਕਾਬਲੇ ਵਾਲੀ ਪ੍ਰੀਖਿਆ ਵਿੱਚ ਕੀ ਕੋਈ ਇਨਵਿਜੀਲੇਟਰ ਕਿਸੇ ਦੀ ਮਦਦ ਕਰ ਸਕਦਾ ਹੈ? ਇਸ ਵਿੱਚ ਕਿਸੇ ਦੀਆਂ ਨੌਕਰੀ ਸਬੰਧੀ ਮਜਬੂਰੀਆਂ ਅਤੇ ਇਖਲਾਕੀ ਪਾਬੰਦੀਆਂ ਹੁੰਦੀਆਂ ਹਨ। ਇਸ ਬਾਰੇ ਤਾਂ ਕਰਨ ਵੀ ਭਲੀ-ਭਾਂਤ ਜਾਣੂ ਹੋਵੇਗਾ। ਗੱਲ ਕੀ, ਹਰਮੀਤ ਦੇ ਭਰਾ ਨੇ ਕਰਨ ਦੇ ਰਿਸ਼ਤੇਦਾਰ ਦੀ ਇਮਤਿਹਾਨ ਵਿੱਚ ਕੋਈ ਮਦਦ ਨਾ ਕੀਤੀ ਜਾਂ ਕਰ ਨਾ ਸਕਿਆ। ਸਿਰਫ਼ ਇਸ ਗੱਲ ਕਰਕੇ ਕਰਨ ਨੇ ਹਰਮੀਤ ਤੇ ਉਸ ਦੇ ਵੱਡੇ ਭਰਾ ਨਾਲ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਹੌਲੀ ਹੌਲੀ ਉਨ੍ਹਾਂ ਦੀ ਬੋਲ-ਚਾਲ ਵੀ ਬੰਦ ਹੋ ਗਈ। ਇਸ ਗੱਲ ਦਾ ਪਤਾ ਲੱਗਣ 'ਤੇ ਮੈਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕਈ ਵਾਰ ਅਸੀਂ ਕਿਸੇ ਦੀ ਮਦਦ ਕਰਨ ਦੇ ਚਾਹਵਾਨ ਹੁੰਦੇ ਹੋਏ ਵੀ ਮਦਦ ਨਹੀਂ ਕਰ ਸਕਦੇ। ਉਸ ਨੇ ਕਿਹਾ ਕਿ ਹਰਮੀਤ ਦੇ ਭਰਾ ਨੇ ਉਸ ਦੇ ਰਿਸ਼ਤੇਦਾਰ ਦੀ ਮਦਦ ਨਾ ਕਰਕੇ ਰਿਸ਼ਤੇਦਾਰੀ ਵਿੱਚ ਉਸ ਦੀ ਬੇਇੱਜ਼ਤੀ ਕਰਵਾ ਦਿੱਤੀ ਹੈ। ਮੈਂ ਇਸ ਵਿੱਚ ਹੋਰ ਦਖਲਅੰਦਾਜ਼ੀ ਨਾ ਕੀਤੀ ਕਿਉਂਕਿ ਉਸ ਨੂੰ ਲੱਗਦਾ ਸੀ ਕਿ ਮੈਂ ਆਪਣੇ ਦੋਸਤ ਹਰਮੀਤ ਅਤੇ ਉਸ ਦੇ ਭਰਾ ਦਾ ਪੱਖ ਪੂਰ ਰਿਹਾ ਹਾਂ।

ਚੱਲੋ, ਸਾਡੀ ਦੋਸਤੀ ਚਲਦੀ ਰਹੀ। ਅਸੀਂ ਇੱਕ ਦੂਜੇ ਨੂੰ ਪਰਿਵਾਰਕ ਤੌਰ 'ਤੇ ਮਿਲਦੇ-ਗਿਲਦੇ ਰਹੇ ਕਿਉਂਕਿ ਸਾਡੇ ਬੱਚਿਆਂ ਅਤੇ ਪਤਨੀਆਂ ਵਿੱਚ ਵੀ ਕਾਫ਼ੀ ਦਿਲੀ ਸਾਂਝ ਸੀ। ਕਰਨ ਅੰਮ੍ਰਿਤਸਰ ਇਲਾਕੇ ਦਾ ਰਹਿਣ ਵਾਲਾ ਸੀ। ਉਸ ਦਾ ਬਾਕੀ ਪਰਿਵਾਰ ਅਤੇ ਰਿਸ਼ਤੇਦਾਰੀਆਂ ਵੀ ਉਸ ਇਲਾਕੇ ਵਿੱਚ ਸਨ। ਇੱਕ ਵਾਰ ਉਸ ਦੀ ਅੰਮ੍ਰਿਤਸਰ ਵਿਖੇ ਬਦਲੀ ਹੋਣ ਦਾ ਸਬੱਬ ਬਣਦਾ ਸੀ। ਉਸ ਨੇ ਇਸ ਬਾਰੇ ਮੇਰੇ ਨਾਲ ਵੀ ਸਲਾਹ ਕੀਤੀ। ਉਸ ਦੇ ਬੱਚੇ ਅਤੇ ਪਤਨੀ ਪਟਿਆਲਾ ਵਿੱਚ ਹੀ ਰਹਿਣਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਦਾ ਇੱਥੇ ਦਿਲ ਲੱਗਾ ਹੋਇਆ ਸੀ। ਮੈਂ ਵੀ ਚਾਹੁੰਦਾ ਸਾਂ ਕਿ ਉਹ ਇੱਥੇ ਹੀ ਪਲਾਟ ਵਗੈਰਾ ਲੈ ਕੇ ਮਕਾਨ ਬਣਾ ਕੇ ਸੈਟਲ ਹੋ ਜਾਵੇ, ਪਰ ਉਸ ਨੇ ਆਪਣੀ ਮਨਮਰਜ਼ੀ ਕੀਤੀ, ਆਪਣੀ ਪਤਨੀ ਅਤੇ ਬੱਚਿਆਂ ਦੇ ਲਗਾਅ ਦੀ ਪਰਵਾਹ ਨਾ ਕਰਦੇ ਹੋਏ ਆਪਣੀ ਬਦਲੀ ਅੰਮ੍ਰਿਤਸਰ ਕਰਵਾ ਲਈ।

ਕਰਨ ਦੇ ਅੰਮ੍ਰਿਤਸਰ ਸ਼ਿਫਟ ਹੋਣ ਤੋਂ ਬਾਅਦ ਵੀ ਸਾਡਾ ਟੈਲੀਫੋਨ ਰਾਹੀਂ ਰਾਬਤਾ ਕਾਇਮ ਰਿਹਾ। ਮੈਂ 1996-97 ਵਿੱਚ ਪਟਿਆਲਾ 'ਚ ਆਪਣਾ ਮਕਾਨ ਬਣਾ ਲਿਆ ਸੀ। ਉਸ ਸਮੇਂ ਸਾਡੇ ਘਰ ਹਾਲੇ ਲੈਂਡਲਾਈਨ ਟੈਲੀਫੋਨ ਨਹੀਂ ਲੱਗਾ ਸੀ। ਛੁੱਟੀ ਵਾਲੇ ਦਿਨ ਕਿਸੇ ਨੂੰ ਫੋਨ ਕਰਨਾ ਹੁੰਦਾ ਤਾਂ ਪੀ ਸੀ ਓ 'ਤੇ ਜਾ ਕੇ ਕਰੀਦਾ ਸੀ। ਉਸ ਸਮੇਂ ਮੋਬਾਈਲ ਫੋਨ ਦਾ ਨਾਂ ਨਿਸ਼ਾਨ ਵੀ ਨਹੀਂ ਸੀ। ਇੱਕ ਸਵੇਰ ਛੁੱਟੀ ਵਾਲੇ ਦਿਨ ਮੈਂ ਸੋਚਿਆ ਕਿ ਅੰਮ੍ਰਿਤਸਰ ਫੋਨ ਕਰਕੇ ਕਰਨ ਦਾ ਹਾਲ-ਚਾਲ ਜਾਣਿਆ ਜਾਵੇ। ਪੀ ਸੀ ਓ ਮੇਰੇ ਘਰ ਦੇ ਨੇੜੇ ਹੀ ਸੀ। ਫੋਨ ਕਰਨ ਲਈ ਮੈਂ ਆਪਣੀ ਜੇਬ ਵਿੱਚ ਵੀਹ ਰੁਪਏ ਪਾ ਕੇ ਘਰੋਂ ਚੱਲ ਪਿਆ। ਮੈਂ ਸੋਚਿਆ ਕਿ ਗੱਲਬਾਤ ਕਰਨ ਲਈ ਵੀਹ ਰੁਪਏ ਕਾਫ਼ੀ ਹਨ। ਮੈਂ ਕਰਨ ਨੂੰ ਫੋਨ ਕਰ ਕੇ ਸਾਰਿਆਂ ਦਾ ਹਾਲ-ਚਾਲ ਜਾਣਿਆ। ਹਾਲ-ਚਾਲ ਪੁੱਛਣ ਤੋਂ ਬਾਅਦ ਉਸ ਨੇ ਆਪਣੇ ਕਿਸੇ ਰਿਸ਼ਤੇਦਾਰ ਦੀ ਗੱਲ ਸ਼ੁਰੂ ਕਰ ਲਈ। ਇਹ ਸਰਸਰੀ ਜਿਹੀ ਗੱਲ ਸੀ ਪਰ ਕਾਫ਼ੀ ਲੰਮੀ ਹੁੰਦੀ ਜਾਪਦੀ ਸੀ। ਮੇਰਾ ਧਿਆਨ ਆਪਣੀ ਜੇਬ ਵਿੱਚ ਪਏ ਵੀਹ ਰੁਪਏ ਅਤੇ ਪੀ ਸੀ ਓ ਦੇ ਮੀਟਰ 'ਤੇ ਚੱਲ ਰਹੇ ਟਾਈਮ ਅਤੇ ਵਧਦੇ ਜਾਂਦੇ ਪੈਸਿਆਂ ਵੱਲ ਸੀ। ਮੈਂ ਚਾਹੁੰਦਾ ਸੀ ਕਿ ਸਾਡੀ ਗੱਲਬਾਤ ਵੀਹ ਰੁਪਏ ਦੇ ਵਿੱਚ-ਵਿੱਚ ਹੀ ਖ਼ਤਮ ਹੋ ਜਾਵੇ ਤਾਂ ਜੋ ਮੈਨੂੰ ਸਵੇਰੇ-ਸਵੇਰੇ ਪੀ ਸੀ ਓ ਵਾਲੇ ਨਾਲ ਉਧਾਰ ਨਾ ਕਰਨਾ ਪਵੇ। ਇਸ ਲਈ ਜਦੋਂ ਸਾਡੀ ਗੱਲਬਾਤ ਉੱਨੀ ਕੁ ਰੁਪਏ ਤੱਕ ਪਹੁੰਚੀ ਤਾਂ ਮੈਂ ਉਸ ਨੂੰ ਮੁਆਫ਼ੀ ਮੰਗਦੇ ਹੋਏ ਕਿਹਾ ਕਿ ਆਪਾਂ ਇਸ ਬਾਰੇ ਫਿਰ ਕਿਸੇ ਦਿਨ ਗੱਲ ਕਰਾਂਗੇ, ਹੁਣ ਮੈਨੂੰ ਕੋਈ ਕੰਮ ਹੈ। ਇਹ ਕਹਿੰਦੇ ਹੋਏ ਮੈਂ ਫੋਨ ਬੰਦ ਕੱਟ ਦਿੱਤਾ।

ਸਾਡੀ ਇਸ ਗੱਲਬਾਤ ਮਗਰੋਂ ਕਾਫ਼ੀ ਦੇਰ ਮੈਨੂੰ ਕਰਨ ਦਾ ਕੋਈ ਫੋਨ ਨਾ ਆਇਆ। ਮੈਨੂੰ ਪਤਾ ਲੱਗਾ, ਇਸ ਦਰਮਿਆਨ ਉਹ ਆਪਣੇ ਪਰਿਵਾਰ ਨਾਲ ਪਟਿਆਲਾ ਆਇਆ ਪਰ ਸਾਨੂੰ ਮਿਲ ਕੇ ਨਹੀਂ ਗਿਆ। ਉਹ ਜਿਸ ਕੋਲ ਆਇਆ ਸੀ, ਉਹ ਵੀ ਮੇਰੇ ਜਾਣੂ ਸਨ। ਉਸ ਜਾਣੂ ਤੋਂ ਮੈਨੂੰ ਪਤਾ ਲੱਗਾ ਕਿ ਉਸ ਦੀ ਪਤਨੀ ਅਤੇ ਬੱਚੇ ਚਾਹੁੰਦੇ ਸਨ ਕਿ ਉਹ ਸਾਨੂੰ ਮਿਲ ਕੇ ਜਾਣ ਪਰ ਉਹ ਨਾ ਮੰਨਿਆ। ਇਸ ਉਪਰੰਤ ਦੋ-ਤਿੰਨ ਵਾਰ ਮੈਂ ਵੀ ਫੋਨ 'ਤੇ ਉਸ ਨਾਲ ਗੱਲ ਕਰਨੀ ਚਾਹੀ, ਪਰ ਉਸ ਨੇ ਮੇਰੀ ਆਵਾਜ਼ ਪਛਾਣ ਕੇ ਗੱਲ ਨਾ ਕੀਤੀ।

ਮੈਂ ਇਹ ਜਾਣ ਗਿਆ ਸੀ ਕਿ ਸਾਡੀ ਦੋਸਤੀ ਟੁੱਟਣ ਦਾ ਪੁਆੜਾ ਉਸ ਵੀਹ ਰੁਪਏ ਨੇ ਪਾਇਆ ਸੀ। ਕਈ ਵਾਰ ਸੋਚਦਾ ਹਾਂ ਕਿ ਜੇਕਰ ਉਸ ਦਿਨ ਪੀ ਸੀ ਓ 'ਤੇ ਜਾਣ ਸਮੇਂ ਮੈਂ ਆਪਣਾ ਪਰਸ ਨਾਲ ਲੈ ਜਾਂਦਾ ਤੇ ਉਸ ਦੀ ਪੂਰੀ ਗੱਲ ਸੁਣ ਲੈਂਦਾ ਤਾਂ ਸ਼ਾਇਦ ਉਹ ਦੋਸਤੀ ਨਾ ਟੁੱਟਦੀ, ਪਰ ਦਿਲ ਕਹਿੰਦਾ ਹੈ ਕਿ ਜੇਕਰ ਕੋਈ ਅਜਿਹੇ ਕਾਰਨਾਂ ਕਰਕੇ ਦੋਸਤੀ ਖ਼ਤਮ ਕਰਦਾ ਹੈ ਤਾਂ ਵੀਹ ਵਾਰ ਕਰੇ, ਕੋਈ ਅਫ਼ਸੋਸ ਨਹੀਂ।



# ਭੇਤ ਵਾਲੀ ਗੱਲ

-ਅੰਮ੍ਰਿਤ ਕੌਰ

ਰਿਸ਼ਤਾ ਤਾਂ ਬਹੁਤ ਤਕੜੇ ਘਰ ਦੈ, ਪਰ ਪੈਸਾ ਤਾਂ ਵੱਧ ਲਾਉਣਾ ਪਊ, ਆਪਣੀ ਦੀਪੀ ਰਾਜ ਕਰੂਗੀ। ਅਮਰ ਸਿੰਘ ਨੇ ਆਪਣੀ ਪਤਨੀ ਕੋਲੋਂ ਦੁੱਧ ਦਾ ਗਲਾਸ ਫੜਦਿਆਂ ਆਖਿਆ।

ਚਲ ਚਾਰ ਪੈਸੇ ਵੱਧ ਲੱਗ ਜਾਣਗੇ ਤਾਂ ਕੀ ਐ, ਜਵਾਕੜੀ ਮਾੜੀ ਮਾੜੀ ਚੀਜ਼ ਨੂੰ ਤਾਂ ਨ੍ਹੀਂ ਤਰਸੂਗੀ। ਪਤਨੀ ਨੇ ਸਹਿਮਤੀ ਪ੍ਰਗਟਾਈ।

ਠੀਕ ਐ, ਵਿਚੋਲੇ ਨਾਲ ਗੱਲ ਕਰ ਕੇ ਕੱਲ੍ਹ ਨੂੰ ਆੜ੍ਹਤੀਏ ਨੂੰ ਪੁੱਛ ਆਉਨਾਂ, ਕਿੰਨੇ ਕੁ ਪੈਸੇ ਦੇ ਦਊ।

ਪਰ ਦੀਪੀ ਨਿਆਣੀ ਐ ਅਜੇ। ਨਾਲੇ ਉਹ ਕਹਿੰਦੀ ਐ, ਮੈਂ ਪੜ੍ਹਨੈਂ। ਪੜ੍ਹਾਈ 'ਚ ਵੀ ਹੁਸ਼ਿਆਰ ਐ।

ਚੰਗੇ ਰਿਸ਼ਤੇ ਵਾਰ ਵਾਰ ਨ੍ਹੀਂ ਮਿਲਦੇ ਹੁੰਦੇ। ਬਾਰਾਂ ਜਮਾਤਾਂ ਹੋ ਜਾਣੀਆਂ ਨੇ ਹੁਣ, ਅਗਲਿਆਂ ਕਿਹੜਾ ਨੌਕਰੀ ਕਰਾਉਣੀ ਐ।

ਹਾਂ ਇਹ ਵੀ ਠੀਕ ਐ। ਚਲੋ ਥੋਡੀ ਮਰਜੀ, ਨਾਲੇ ਜਮਾਨਾ ਵੀ ਮਾੜੈ।

ਮੈਂ ਵੀ ਏਹੀ ਸੋਚਦਾਂ-ਕੁੜੀ ਆਵਦੇ ਘਰੇ ਜਾਵੇ, ਆਪਣੀ ਸੋਚ ਮਿਟੇ।

ਸੌਂ ਜੋ ਹੁਣ, ਸਵੇਰੇ ਦੇਖਦੇ ਆਂ। ਅਮਰ ਸਿੰਘ ਦੀ ਪਤਨੀ ਨੇ ਦੁੱਧ ਵਾਲਾ ਖਾਲੀ ਗਲਾਸ ਫੜਦਿਆਂ ਕਿਹਾ। ਅਮਰ ਸਿੰਘ ਗਹਿਰੀਆਂ ਸੋਚਾਂ ਵਿੱਚ ਡੁੱਬ ਗਿਆ, ਧੀਆਂ ਜਵਾਨ ਹੁੰਦੀਆਂ ਨੂੰ ਕਿਹੜਾ ਟੈਮ ਲੱਗਦੈ! ਅਜੇ ਕੱਲ੍ਹ ਪਰਸੋਂ ਤਾਂ ਭੋਰਾ ਕੁ ਸੀ, ਹੁਣ ਵਿਆਹੁਣ ਜੋਗੀ ਵੀ ਹੋ'ਗੀ। ਛਿੰਦੇ ਤੋਂ ਤਿੰਨ ਕੁ ਵਰ੍ਹੇ ਤਾਂ ਵੱਡੀ ਐ, 'ਠਾਰਾਂ ਸਾਲਾਂ ਦੀ। ਊਂ ਅਜੇ ਨਿਆਣੀ ਵੀ ਐ, ਜਦੋਂ ਕਿਤੇ ਵਗ ਜਾਂਦੀ ਐ, ਕਿਹੜਾ ਜੀਅ ਲੱਗਦੈ। ਹੁਣ ਵੀ ਅਜੇ ਪਰਸੋਂ ਤਾਂ ਗਈ ਐ ਭੂਆ ਕੋਲ, ਐਂ ਲੱਗਦੈ ਪਤਾ ਨ੍ਹੀਂ ਕਿੰਨੇ ਦਿਨ ਹੋ'ਗੇ ਗਈ ਨੂੰ। ਜਦੋਂ ਵਿਆਹ ਹੋ ਗਿਆ, ਫੇਰ ਤਾਂ ਕਦੇ ਕਦੇ ਆਇਆ ਕਰੂ। ਪਹਿਲੇ ਜ਼ਮਾਨਿਆਂ ਵਿੱਚ ਈ ਹੁੰਦਾ ਸੀ, ਕੁੜੀਆਂ ਦੋ ਦੋ ਮਹੀਨੇ ਲਾ ਜਾਂਦੀਆਂ। ਹੁਣ ਤਾਂ ਕੋਈ ਊਈਂ ਨ੍ਹੀਂ ਛੱਡਦਾ, ਚਲ ਕੀ ਕਰਾਉਣੈਂ? ਆਵਦੇ ਘਰੇ ਵਸੇ ਰਸੇ। ਇਹੀ ਸੋਚਦਿਆਂ ਉਸ ਦੀਆਂ ਅੱਖਾਂ ਮਿਚਣ ਲੱਗ ਪਈਆਂ। ਫਿਰ ਉਸ ਨੇ ਕੰਬਲ ਖਿੱਚ ਕੇ ਮੂੰਹ-ਸਿਰ ਢਕ ਲਿਆ।

ਓ ਮੇਰੀ ਗਰਦਨ ਛੱਡ। ਉਸ ਦਾ ਗਲਾ ਜਿਵੇਂ ਕਿਸੇ ਨੇ ਘੁੱਟ ਦਿੱਤਾ ਸੀ। ਉਹ ਆਪਣੇ ਆਪ ਨੂੰ ਛੁਡਾਉਣ ਲਈ ਹੱਥ-ਪੈਰ ਮਾਰ ਰਿਹਾ ਸੀ। ਜਿੰਨਾ ਉਹ ਛੁਡਾਉਣ ਲਈ ਕੋਸ਼ਿਸ਼ ਕਰਦਾ, ਓਨਾ ਹੀ ਉਸ ਦਾ ਸਾਹ ਘੁਟਦਾ। ਉਸ ਦੀ ਆਤਮਾ ਸਰੀਰ ਨਾਲੋਂ ਵੱਖ ਹੋ ਚੁਕੀ ਸੀ। ਦੇਖਦਿਆਂ ਹੀ ਦੇਖਦਿਆਂ ਉਸ ਦਾ ਛਿੰਦਾ ਪੁੱਤ ਜਵਾਨ ਹੋ ਗਿਆ, ਪਰ ਛਿੰਦੇ ਦੇ ਕੱਪੜੇ ਮੈਲੇ ਤੇ ਫਟੇ ਹੋਏ ਸਨ। ਉਹੀ ਰੱਸਾ ਹੋਰ ਮੋਟਾ ਹੋ ਕੇ ਛਿੰਦੇ ਦੇ ਗਲ ਵਿੱਚ ਆ ਪਿਆ। ਛਿੰਦੇ ਦਾ ਸਿਰ ਤੇ ਦਾੜ੍ਹੀ ਜਵਾਨੀ ਵਿਚ ਹੀ ਚਿੱਟੇ ਹੋ ਗਏ। ਉਹ ਆਪਣੇ ਪੁੱਤਰ ਦੀ ਗਰਦਨ ਦੁਆਲਿਉਂ ਰੱਸਾ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਸੀਨੋ ਪਸੀਨਾ ਹੋਇਆ। ਜਦੋਂ ਕੋਈ ਵਾਹ ਨਾ ਚੱਲੀ ਤਾਂ ਪੁੱਤਰ ਦੀ ਹਾਲਤ ਦੇਖ ਕੇ ਉਸ ਦੀਆਂ ਚੀਕਾਂ ਨਿਕਲ ਗਈਆਂ।

ਉਸ ਦੀ ਅੱਖ ਖੁੱਲ੍ਹ ਗਈ। ਅਮਰ ਸਿੰਘ ਉਠ ਕੇ ਬੈਠ ਗਿਆ। ਹੇ ਮਾਲਕਾ ਸੁੱਖ ਰੱਖੀਂ। ਉਸ ਦੇ ਮੂੰਹੋਂ ਨਿਕਲਿਆ। ਕਿੰਨਾ ਭਿਆਨਕ ਸੁਫਨਾ ਸੀ। ਉਸ ਨੇ ਛਿੰਦੇ ਵੱਲ ਨਿਗ੍ਹਾ ਮਾਰੀ, ਉਹ ਸੌਂ ਰਿਹਾ ਸੀ। ਉਸ ਪਿਛੋਂ ਅਮਰ ਸਿੰਘ ਨਹੀਂ ਸੁੱਤਾ।

ਅਮਰ ਸਿੰਘ ਡੰਗਰਾਂ ਨੂੰ ਪੱਠੇ ਪਾਉਣ ਲੱਗਾ ਵੀ ਸੁਫਨੇ ਬਾਰੇ ਸੋਚ ਰਿਹਾ ਸੀ। ਉਸ ਦਾ ਮਨ ਬੜਾ ਬੇਚੈਨ ਸੀ। ਉਹ ਆਪਣਾ ਧਿਆਨ ਦੂਜੇ ਪਾਸੇ ਲਾਉਣ ਲਈ ਰਸੋਈ ਵਿਚ ਚਲਾ ਗਿਆ। ਉਸ ਦੀ ਪਤਨੀ ਚਾਹ ਬਣਾ ਰਹੀ ਸੀ। ਆਪਣੀ ਪਤਨੀ ਨਾਲ ਦੀਪੀ ਦੇ ਵਿਆਹ ਦੀ ਗੱਲ ਛੇੜਦਿਆਂ ਆਖਿਆ, ਚੰਗਾ ਫੇਰ ਅੱਜ ਮੈਂ ਆੜ੍ਹਤੀਏ ਨਾਲ ਗੱਲ ਕਰਦਾਂ, ਕਿੰਨੇ ਕੁ ਪੈਸੇ ਦੇ ਦਊ ਆਪਾਂ ਨੂੰ?

ਪਰ ਦੀਪੀ ਦੇ ਬਾਪੂ ਕਰਜ਼ਾ ਦੇਖ ਕੇ ਚੱਕਿਓ, ਫਸਲ ਨਾਲ ਤਾਂ ਰੇਹ ਤੇਲ ਵੀ ਪੂਰੇ ਨ੍ਹੀਂ ਹੁੰਦੇ।

ਓਹ ਤਾਂ ਪੁੱਛ ਕੇ ਪਤਾ ਲੱਗੂ ਕਿੰਨੇ ਕੁ ਦਿੰਦੈ।

ਮੇਰੀ ਸਾਰੀ ਰਾਤ ਇਹੀ ਸੋਚਦੀ ਦੀ ਲੰਘ'ਗੀ। ਜੇ ਵੱਡਿਆਂ ਨਾਲ ਮੱਥਾ ਲਾਵਾਂਗੇ ਤਾਂ ਉਨ੍ਹਾਂ ਦੇ ਬੈਠਣ ਲਈ ਵੀ ਚੱਜ ਦੀ ਬੈਠਕ (ਕਮਰਾ) ਚਾਹੀਦੀ ਐ।

ਐਂ ਤਾਂ ਫੇਰ ਖਾਸੇ ਪੈਸੇ ਚੱਕਣੇ ਪੈਣਗੇ ਆਪਾਂ ਨੂੰ। ਅਮਰ ਸਿੰਘ ਨੇ ਫਿਕਰਮੰਦ ਹੁੰਦਿਆਂ ਕਿਹਾ।

ਵੱਡੇ ਘਰ ਇਹ ਆਖ ਦਿੰਦੇ ਹੁੰਦੇ ਨੇ, ਲੈਣਾ ਤਾਂ ਅਸੀਂ ਕੱਖ ਨ੍ਹੀਂ, ਵਿਆਹ ਪੈਲੇਸ 'ਚ ਹੋਵੇ ਤੇ ਬਰਾਤ ਦੀ ਸੇਵਾ ਵਧੀਆ ਹੋਵੇ।

ਹਾਂ ਬਰਾਤ ਦੀ ਸੇਵਾ ਤਾਂ ਅਗਲਾ ਕਹੂਗਾ ਈ।

ਬਰਾਤ ਦੀ ਸੇਵਾ ਕਰਦਿਆਂ ਈ ਬੰਦਾ ਲੱਖਾਂ ਵਿੱਚ ਠੁਕ ਜਾਂਦੈ। ਐਵੇਂ ਕਿਤੇ ਧੀ ਨੂੰ ਸੌਖੇ ਕਰਦੇ ਕਰਦੇ ਪੁੱਤ ਦੀ ਜਾਨ ਨੂੰ ਰੱਸੇ ਵੱਟ ਦਈਏ।

ਰੱਸਾ? ਅਮਰ ਸਿੰਘ ਨੂੰ ਕੰਬਣੀ ਜਿਹੀ ਛਿੜ ਗਈ, ਉਸ ਦੇ ਚਿਹਰੇ 'ਤੇ ਡਰ ਦੇ ਭਾਵ ਸਨ।

ਕੀ ਹੋਇਆ? ਪਤਨੀ ਨੇ ਪੁੱਛਿਆ।

ਕੁਸ਼ ਨ੍ਹੀਂ, ਤੂੰ ਜਾਹ ਛਿੰਦੇ ਨੂੰ ਜਗਾ ਜਾ ਕੇ। ਫੇਰ ਸੋਚਦੇ ਆਂ ਕੁਸ਼। ਉਹ ਥੋੜ੍ਹਾ ਖਿਝ ਕੇ ਬੋਲਿਆ।

ਅਮਰ ਸਿੰਘ ਕੰਧ ਨਾਲ ਢੋਅ ਲਾ ਕੇ ਖਲੋ ਗਿਆ। ਕੁਝ ਸਕਿੰਟਾਂ ਵਿੱਚ ਹੀ ਰਾਤ ਵਾਲਾ ਸੁਫਨਾ ਉਸ ਦੀਆਂ ਅੱਖਾਂ ਅੱਗੇ ਘੁੰਮ ਗਿਆ। ਅੱਖਾਂ ਬੰਦ ਕਰਕੇ ਉਪਰ ਵੱਲ ਨੂੰ ਮੂੰਹ ਚੁੱਕ ਕੇ ਪਤਾ ਨਹੀਂ ਕੀ ਸੋਚਦਾ ਰਿਹਾ। ਉਸ ਦੇ ਚਿਹਰੇ 'ਤੇ ਹੁਣ ਸਕੂਨ ਸੀ ਤੇ ਸਰੀਰ ਹੌਲਾ ਫੁੱਲ। ਉਸ ਨੇ ਅਸਮਾਨ ਵੱਲ ਦੇਖ ਕੇ ਦੋਵੇਂ ਹੱਥ ਜੋੜੇ ਤੇ ਸਿਰ ਝੁਕਾਇਆ। ਅੰਦਰ ਜਾ ਕੇ ਆਪਣੀ ਪਤਨੀ ਨੂੰ ਕਹਿਣ ਲੱਗਾ, ਆਪਾਂ ਦੀਪੀ ਦਾ ਵਿਆਹ ਪੰਜ ਚਾਰ ਸਾਲ ਠਹਿਰ ਕੇ ਕਰਾਂਗੇ। ਨਿਆਣੀ ਐ ਅਜੇ, ਹੋਰ ਪੜ੍ਹ ਲੂ ਨਾਲੇ। ਪਤਨੀ ਨੇ ਕੁਝ ਬੋਲਣਾ ਚਾਹਿਆ, ਪਰ ਉਸ ਨੇ ਹੱਥ ਦੇ ਇਸ਼ਾਰੇ ਨਾਲ ਚੁੱਪ ਕਰਵਾ ਦਿੱਤਾ।

ਪਤਨੀ ਨੇ ਮੱਥੇ 'ਤੇ ਤਿਓੜੀ ਪਾਈ, ਅਮਰ ਸਿੰਘ ਨੇ ਕਿਹਾ, ਇਹ ਭੇਤ ਦੀ ਗੱਲ ਐ, ਕਦੇ ਫੇਰ ਦੱਸੂੰ।

# ਭਾਗ ਸਿੰਹਾਂ ਤੇਰੇ ਭਾਗ

ਗੁਰਜਿੰਦਰ ਸਿੰਘ ਸਾਹਦੜਾ

ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਸਾਡਾ ਪੰਜਾਬੀਆਂ ਦਾ ਮਨ-ਭਾਉਂਦਾ ਖਾਣਾ ਹੈ। ਹੁਣ ਤਾਂ ਬਦਲਦੇ ਸਮੇਂ ਦੇ ਨਾਲ ਘਰਾਂ ਵਿੱਚ ਹੋਰ ਵੀ ਸਾਰੇ ਬਹੁਤ ਪਕਵਾਨ ਬਣਨ ਲੱਗੇ ਨੇ ਪਰ ਪੁਰਾਣੇ ਵੇਲਿਆਂ ਵਿੱਚ ਲੋਕ ਇੱਕੋ ਵਾਰ ਸਾਗ ਬਣਾ ਕੇ ਕਈ-ਕਈ ਦਿਨ ਖਾਂਦੇ ਰਹਿੰਦੇ ਸਨ। ਖਾਸ ਪ੍ਰਾਹੁਣਾ ਆਉਣ 'ਤੇ ਨਵੇਂ ਸਿਰਿਓਂ ਸਾਗ ਧਰ ਲਿਆ ਜਾਂਦਾ। ਜਵਾਈ ਭਾਈ ਆਉਣ 'ਤੇ ਤਾਂ ਆਂਢ-ਗੁਆਂਢ ਵਾਲੇ ਵੀ ਫ਼ਰਜ਼ ਸਮਝਦੇ ਹੋਏ ਆਪ ਹੀ ਘਰ ਪੁੱਜਦਾ ਕਰ ਦਿੰਦੇ ਸਨ।

ਇਵੇਂ ਹੀ ਸਾਗ ਖਾ-ਖਾ ਕੇ ਅੱਕੇ ਹੋਏ ਭਾਗ ਸਿਹੁੰ ਨੇ ਸੋਚਿਆ ਕਿ ਇੱਥੇ ਤਾਂ ਘਰ ਦਿਆਂ ਨੇ ਸੁਣਨੀ ਨੀ, ਕਿਉਂ ਨਾ ਚਾਰ ਦਿਨ ਕਿਤੇ ਸਾਕ ਸਕੀਰੀ/ਪ੍ਰਾਹੁਣਚਾਰੀ ਹੀ ਜਾ ਆਵਾਂ। ਇਹ ਸੋਚ ਕੇ ਉਸ ਨੇ ਆਪਣੀ ਵੱਡੀ ਮਾਸੀ ਦੇ ਗਰਾਂ ਵੱਲ ਚਾਲੇ ਪਾ ਦਿੱਤੇ। ਸੁੱਖ ਨਾਲ ਮਾਸੀ ਦੇ ਚਾਰ ਪੁੱਤ ਤੇ ਚਾਰੇ ਅੱਡੋ-ਅੱਡ। ਸਭ ਤੋਂ ਪਹਿਲਾਂ ਵੱਡੇ ਮਸੇਰ ਦੇ ਗਿਆ। ਪਾਣੀ-ਧਾਣੀ ਪੀ ਕੇ ਉਹਦੇ ਨਾਲ ਖੇਤਾਂ ਵੱਲ ਘੁੰਮਣ ਚਲਿਆ ਗਿਆ ਤਾਂ ਮਗਰੇ ਭਰਜਾਈ ਆ ਪਹੁੰਚੀ ਸਾਗ ਤੋੜਨ। ਉੱਥੋਂ ਈ ਹਿਸਾਬ-ਕਿਤਾਬ ਲਾ ਕੇ ਦੂਜੇ ਮਸੇਰ ਨਾਲ ਉਹਦੇ ਘਰ ਵੱਲ ਆ ਗਿਆ। ਬਾਰ ਵੜਦਿਆਂ ਸਾਰ ਵੇਖਿਆ ਤਾਂ ਭਰਜਾਈ ਬੈਠੀ ਗੰਦਲ਼ਾਂ ਪਈ ਛਿੱਲੇ। ਚਲੋ ਜੀ ਚਾਹ-ਪਾਣੀ ਪੀ ਕੇ ਤੀਜੇ ਮਸੇਰ ਵੱਲ ਹੋ ਤੁਰਿਆ। ਉੱਥੇ ਵੀ ਜਾਣ ਸਾਰ ਚੁੱਲ੍ਹੇ 'ਤੇ ਤੌੜੀ ਰਿੱਝਦੀ ਦਿਖ ਗਈ। ਤਰਕਾਲਾਂ ਦਾ ਵੇਲਾ, ਹੁਣ ਕੀ ਕੀਤਾ ਜਾਵੇ ! ਸਿਆਲਾਂ ਨੂੰ ਰਾਤ ਵੀ ਤਾਂ ਝੱਟ ਪੈ ਜਾਂਦੀ ਏ। ਘਰ ਦੇ ਰੋਟੀ ਪਾਣੀ ਦੀ ਤਿਆਰੀ ਕਰਨ ਲੱਗੇ ਤਾਂ ਮਾਸੀ ਨੂੰ ਮਿਲਣ ਦਾ ਬਹਾਨਾ ਮਾਰ ਕੇ ਚੌਥੇ ਤੇ ਸਭ ਤੋਂ ਛੋਟੇ ਮਸੇਰ ਦੇ ਘਰੇ ਜਾ ਵੜਿਆ। ਓਨੇ ਨੂੰ ਹਨੇਰਾ ਵੀ ਚੰਗੀ ਤਰ੍ਹਾਂ ਪੱਸਰ ਚੁੱਕਾ ਸੀ ਤੇ ਘਰ ਦੇ ਜੀਅ ਰੋਟੀ ਖਾਣ ਲਈ ਪੂਰੀ ਤਿਆਰੀ ਵਿੱਚ ਬੈਠੇ ਸਨ। ਆਪਣੇ ਨਾਲ ਹੀ ਓਨ੍ਹਾਂ ਜਦੋਂ ਮੂੜ੍ਹੇ ਤੇ ਬੈਠੇ ਭਾਗ ਸਿੰਘ ਨੂੰ ਥਾਲੀ ਫੜਾਈ ਤਾਂ ਥਾਲ ਵਿੱਚ ਮੱਕੀ ਦੀਆਂ ਰੋਟੀਆਂ ਤੇ ਪਿਆ ਧੜੀ ਦਾ ਸਾਗ ਵੇਖ ਕੇ ਭਾਗ ਸਿੰਘ ਦੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ, "ਭਾਗ ਸਿਹਾਂ ਤੇਰੇ ਭਾਗ, ਜਿੱਥੇ ਜਾਵੇਂ ਉੱਥੇ ਸਾਗ।"




# ਉਮੀਦ ਤੇਰੇ ਆਉਣ ਦੀ

ਸਰਦੂਲ ਸਿੰਘ ਔਜਲਾ



ਰੱਖੀ ਬੈਠੇ ਦਿਲ 'ਚ ਉਮੀਦ ਤੇਰੇ ਆਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ
ਆਵੇਗਾ ਤਾਂ ਜ਼ਿੰਦਗੀ ਬਹਾਰ ਬਣ ਜਾਵੇਗੀ
ਲਿੱਸੇ ਜਿਹੇ ਚਿਹਰੇ 'ਤੇ ਜਵਾਨੀ ਫ਼ੇਰਾ ਪਾਵੇਗੀ
ਤਾਂਘ ਬੜੀ ਗਾਨੇ ਬੰਨ੍ਹ ਗੁੱਟਾਂ ਨੂੰ ਸਜਾਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ
ਵੇਖੀਂ ਕਿਤੇ ਸਾਡੀਆਂ ਉਮੀਦਾਂ ਟੁੱਟ ਜਾਣ ਨਾ,
ਸੱਧਰਾਂ ਕੁਆਰੀਆਂ ਦੇ ਸਾਹ ਰੁਕ ਜਾਣ ਨਾ,
ਜ਼ਿੰਦਗੀ ਦਾ ਗੀਤ ਸੁਰ ਤਾਲ ਵਿੱਚ ਗਾਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ
ਲਾਰਿਆਂ ਦੇ ਵਿੱਚ ਕਿਤੇ ਜਿੰਦ ਮੁੱਕ ਜਾਵੇ ਨਾ
ਚਾਵਾਂ ਅਤੇ ਰੀਝਾਂ ਦਾ ਬਗੀਚਾ ਸੁੱਕ ਜਾਵੇ ਨਾ
ਵਸਲਾਂ ਦਾ ਪਾਣੀ ਰੂਹ ਪਿਆਸੀ ਤਾਈਂ ਪਾਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ

## ਭ੍ਰਿਸ਼ਟ ਇਨਸਾਫ਼

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308





ਸੱਥਾਂ ਨੂੰ ਪਈਆਂ ਦੰਦਲਾਂ, ਖਾਮੋਸ਼ ਨੇ ਸਭ ਅਦਾਲਤਾਂ,
ਕੇਸਾਂ ਦੇ ਲੱਗੇ ਢੇਰਾਂ ਪਿੱਛੇ, ਲੁਕੀਆਂ ਨੇ ਸ਼ਰਾਰਤਾਂ।
ਕਾਨੂੰਨ ਕਿਤਾਬ ਵਿੱਚ ਤੜਫ਼ਦਾ, ਸਫ਼ੇ ਖੁੱਲ੍ਹਣ ਨੂੰ ਲੋਚਦੇ,
ਗ਼ਰਦ ਦੀਆਂ ਪਰਤਾਂ ਦੇ ਵਿੱਚ, ਤੜਪ ਰਹੀਆਂ ਨੇ ਖਾਹਿਸ਼ਾਂ।
ਰਿਸ਼ਵਤਾਂ ਦੀ ਤੇਜ਼ ਗੋਲੀ, ਚੀਰਦੀ ਹੈ ਹਰ ਦੀਵਾਰ,
ਇਨਸਾਫ਼ ਦੀ ਉਡੀਕ ਵਿੱਚ, ਹਨ ਕਈ ਜੇਲ੍ਹਾਂ 'ਤੇ ਬੈਰਕਾਂ।
ਮੁਨਸਫ਼ੀ ਗੋਦਾਮਾਂ ਵਿੱਚ, ਧਨ ਦੀਆਂ ਧਾਂਕਾਂ ਅਥਾਹ,
ਸਾੜ ਨਾ ਸਕੀਆਂ ਸਾੜ ਕੇ ਵੀ, ਬੇਵੱਸ, ਲਾਚਾਰ ਆਤਿਸ਼ਾਂ।
ਪੇਟਾਂ ਵਿੱਚ ਪਲ ਰਿਹਾਂ ਨੂੰ, ਅਦਾਲਤਾਂ ਉਡੀਕਣ ਨਿੱਤ,
ਪੈਰ ਪੈਰ 'ਤੇ ਘੜੀਆਂ ਜਾਣ, ਰੋਜ਼ ਨਵੀਆਂ ਸਾਜ਼ਿਸ਼ਾਂ।
ਇਨਸਾਫ਼ ਨੂੰ ਦਮ ਤੋੜਦੇ ਹੋਏ, ਦੇਖ ਕੇ ਨੇ ਹਸਦੀਆਂ,
ਬੇ ਕਿਰਕ 'ਤੇ ਖ਼ੌਫ਼ਨਾਕ, ਨਿੱਤ ਅਦਾਲਤੀ ਮਹਿਫ਼ਲਾਂ।
ਇਨਸਾਨ ਦੀ ਇਨਸਾਨੀਅਤ ਨੂੰ, ਹੋਰ ਖੁਰਨੋ ਰੋਕਣ ਲਈ,
ਆਓ ਰਲ ਕਰ ਦੇਖੀਏ, ਕਾਮਯਾਬ ਆਪਣੀਆਂ ਆਜਿਜ਼ਾਂ।
ਰਸਤੇ ਭਾਵੇਂ ਹੋਣ ਬਿਖੜੇ, 'ਤੇ ਮੰਜ਼ਿਲਾਂ ਭਾਵੇਂ ਹੋਣ ਦੂਰ,
ਪਰ ਸਰ ਕਰਨ ਲਈ ਇਹ ਨਹੀਂ, ਕੋਈ ਐਸੀਆਂ ਵੀ ਕਹਿਕਸ਼ਾਂ।

## ਗ਼ਜ਼ਲ

ਤੇਜਿੰਦਰ ਮਾਰਕੰਡਾ

ਓਹੀ ਸ਼ਹਿਰ ਹੈ ਓਹੀ ਲੋਕ ਨੇ,
ਓਹੀ ਦੌੜ ਹੈ ਓਹੀ ਸ਼ੋਰ ਹੈ।
ਕੱਲ੍ਹ ਰਹਿਨੁਮਾ ਕੋਈ ਹੋਰ ਸੀ,
ਅੱਜ ਰਹਿਨੁਮਾ ਕੋਈ ਹੋਰ ਹੈ।
ਹੁਣ ਆਦਮੀ ਨਹੀਂ ਆਦਮੀ,
ਤੁਰਦਾ ਫ਼ਿਰਦਾ ਕੋਈ ਰੋਬੋਟ ਹੈ।
ਇਹਦੇ ਦਿਲ 'ਚ ਕੋਈ ਰਹਿਮ ਨਹੀਂ,
ਬੜਾ ਸੰਗਦਿਲ ਹੈ ਕਠੋਰ ਹੈ।
ਨਾ ਅਦਾ ਰਹੀ ਨਾ ਵਫ਼ਾ ਰਹੀ,
ਤਾਹੀਓਂ ਬਣ ਗਏ ਨੇ ਸਜ਼ਾ ਜਿਹੀ।
ਹੁਣ ਰਿਸ਼ਤਿਆਂ ਵਿੱਚ ਗਰਜ਼ ਹੈ,
ਕਿਤੇ ਈਰਖ਼ਾ ਕਿਤੇ ਖ਼ੋਰ ਹੈ।
ਹੈ ਵਜੂਦ ਤੇਰਾ ਇਹ ਸਾਬਤਾ,
ਉੱਤੋਂ ਸਾਫ਼ ਸੁਥਰਾ ਹੈ ਰਾਸਤਾ।
ਤੇਰੇ ਜੋਸ਼ ਨੂੰ ਕੀ ਹੈ ਬੱਜ ਪਿਆ,
ਤੇਰੀ ਸੁਸਤ ਏਨੀ ਕਿਉਂ ਤੋਰ ਹੈ।

## ਗ਼ਜ਼ਲ

ਜਗਜੀਤ ਗੁਰਮ

ਗੱਲ ਗੱਲ ਉੱਤੇ ਚੰਗੀ ਨਾ ਹੁਸ਼ਿਆਰੀ ਹੁੰਦੀ ਏ,
ਮੈਂ ਹੀ ਸਹੀ ਹਾਂ ਇਹ ਵੀ ਇੱਕ ਬਿਮਾਰੀ ਹੁੰਦੀ ਏ।
ਜਿਸ ਨੂੰ ਕੋਈ ਛੱਡ ਜਾਵੇ ਉਹ ਪੂਰਾ ਟੁੱਟ ਜਾਂਦਾ,
ਛੱਡਣ ਵਾਲੇ ਦੀ ਤਾਂ ਪਹਿਲਾਂ ਈ ਤਿਆਰੀ ਹੁੰਦੀ ਏ।
ਖ਼ੁਸ਼-ਖ਼ੁਸ਼ ਸਭ ਨੂੰ ਮਿਲਦੇ ਕਿੰਨੇ ਸੋਹਣੇ ਲੱਗਦੇ ਨੇ,
ਸਭ ਚਿਹਰਿਆਂ 'ਤੇ ਅੱਜਕੱਲ੍ਹ ਅਦਾਕਾਰੀ ਹੁੰਦੀ ਏ।
ਸਾਰਾ ਜੀਵਨ ਜਿਸ ਨੂੰ ਰੂਹ ਦਾ ਹਾਣ ਨਹੀਂ ਮਿਲਦਾ,
ਵਿਆਹੀ ਹੋਈ ਵੀ ਉਹ ਜਿੰਦ ਸਦਾ ਕੁਆਰੀ ਹੁੰਦੀ ਏ।
ਮੁਕਲਾਵੇ ਪਿੱਛੋਂ ਜਿਸ ਦੇ ਫ਼ੁੱਲ ਮਹਿਕਣ ਲੱਗਦੇ ਨੇ,
ਭਾਗਾਂ ਵਾਲੀ ਕੋਈ ਹੀ ਫ਼ੁਲਕਾਰੀ ਹੁੰਦੀ ਏ।
ਗਰਮੀ-ਗਰਮੀ ਰੁੱਖਾਂ ਥੱਲੇ ਬਹਿ ਕੇ ਕੱਟਦੇ ਹਾਂ,
ਆਵੇ ਸਰਦੀ ਤਾਂ ਰੁੱਖਾਂ 'ਤੇ ਆਰੀ ਹੁੰਦੀ ਏ।
ਹਾਰਨ ਮਗਰੋਂ ਭਾਵੇਂ ਭਾਵੁਕ ਹੋ ਕੇ ਟੁੱਟ ਜਾਵਾਂ,
ਮੇਰੀ ਮਿਹਨਤ ਪਰ ਮਗਰੋਂ ਵੀ ਜਾਰੀ ਹੁੰਦੀ ਏ।

## ਗ਼ਜ਼ਲ

ਮਹਿੰਦਰ ਸਿੰਘ ਮਾਨ

ਜੋ ਤੂੰ ਕੀਤਾ ਮੇਰੇ ਨਾਲ,
ਕਰ ਨ੍ਹੀ ਸਕਦਾ ਤੇਰੇ ਨਾਲ।
ਇਹ ਮੈਨੂੰ ਹੀ ਖਾ ਨਾ ਜਾਵੇ,
ਤਾਂ ਹੀ ਲੜਦਾਂ ਨ੍ਹੇਰੇ ਨਾਲ।
ਪਹਿਲਾਂ 'ਕੱਲੇ ਤੁਰਨਾ ਪੈਂਦਾ,
ਫ਼ਿਰ ਰਲ ਜਾਣ ਬਥੇਰੇ ਨਾਲ।
ਯਾਰਾਂ ਛੱਡੀ ਕਸਰ ਕੋਈ ਨਾ,
ਸੱਟਾਂ ਜਰੀਆਂ ਜੇਰੇ ਨਾਲ।
ਬਾਬੇ ਨੇ ਅਕਲ ਆਪਣੀ ਨਾਲ,
ਲੋਕੀਂ ਜੋੜੇ ਡੇਰੇ ਨਾਲ।
ਮਾਂ ਦੇ ਮੂੰਹ 'ਤੇ ਰੌਣਕ ਆਈ,
ਪੁੱਤ ਦੇ ਇੱਕੋ ਫ਼ੇਰੇ ਨਾਲ।
ਦਿਲ ਮਿਲਦਾ ਹੁੰਦਾ ਇੱਕ ਨਾਲ,
ਬੰਦੇ ਤੁਰਨ ਬਥੇਰੇ ਨਾਲ।
ਤੇਰੇ ਦਰ 'ਤੇ ਆਇਆ 'ਮਾਨ',
ਛੱਡ ਕੇ ਰੋਸਾ ਤੇਰੇ ਨਾਲ।

## ਸੁਣੀ ਜਦ ਹਕੀਕਤ

ਸਰਿਤਾ ਤੇਜੀ

ਉਹ ਅੱਖ ਦੇ ਇਸ਼ਾਰੇ 'ਚ ਸਭ ਕਹਿ ਗਿਆ
ਮਿਰਾ ਦਿਲ ਲਬਾਂ ਤੇ ਅਟਕ ਰਹਿ ਗਿਆ।
ਕਹਾਣੀ ਨਾ ਉਹ ਦਰਦ ਦੀ ਕਹਿ ਸਕੇ
ਚਿਰੋਕਾ ਹੁੰਗਾਰੇ ਮੈਂ ਭਰ ਰਹਿ ਗਿਆ।
ਭਰੇ ਨੈਣ ਤੈਥੋਂ ਛੁਪਾਏ ਜਦੋਂ
ਜੁਦਾ ਹਰ ਕਿਸੇ ਤੋਂ ਮੈਂ ਹੋ ਬਹਿ ਗਿਆ।
ਨਜ਼ਰ ਫ਼ੇਰ ਉਸ ਵੇਖਿਆ ਨਾ ਕਦੇ
ਉਸਰ ਕੇ ਵਫ਼ਾ ਦਾ ਮਹਲ ਢਹਿ ਗਿਆ।
ਜੁੜੇ ਰਿਜ਼ਕ ਦੇਸ ਆਪਣੇ ਨਾ ਜਦੋਂ
ਤਦੇ ਉਹ ਹਕੂਮਤ ਦੇ ਸੰਗ ਖਹਿ ਗਿਆ।
ਨਾ ਮੁੜਿਆ ਕਦੇ ਰੋਕ ਲਾਈ ਬੜੀ
ਜੋ ਪਾਣੀ ਪੁਲਾਂ ਹੇਠ ਦੀ ਵਹਿ ਗਿਆ।
ਕਿਵੇਂ ਜਾ ਹਵਾ ਵਿੱਚ ਗੁੱਡੀ ਚੜ੍ਹੀ
ਸੁਣੀ ਜਦ ਹਕੀਕਤ ਨਸ਼ਾ ਲਹਿ ਗਿਆ।

## ਅਸਚਰਜਤਾ

ਜਤਿੰਦਰ ਔਲਖ

ਸਮਾਂ ਨਿਸ਼ਚਿਤ ਹੈ
ਜਦੋਂ ਰੱਬ ਘਣਛਾਵੇਂ ਰੁੱਖ ਵਾਂਗ ਫ਼ੈਲ ਜਾਵੇਗਾ
ਇਸ ਦੇਸ਼ਾਂਤਰ, ਜਿਸ ਦੀ ਧਰਤੀ ਗਰਮ ਰੁੱਤ ਦੀ ਭੱਠੀ ਵਾਂਗ ਤਪਦੀ ਹੈ
ਹਰ ਕੋਈ ਮੇਰੇ ਵਾਂਗ ਵਿਰਾਨੀ ਜੀਅ ਰਿਹਾ
ਨਿਰਾਲੀਆਂ ਰਾਹਾਂ ਦੇ ਰਾਹੀ ਹੀ
ਜਾਣ ਸਕਣਗੇ ਰਹੱਸ
ਅਤੇ ਕੁਝ ਢਾਲ ਲਏ ਜਾਣਗੇ
ਤਾਂ ਕਿ ਉਨ੍ਹਾਂ ਦੀ ਝੋਲੀ ਸੌਗਾਤਾਂ ਨਾਲ ਭਰੀ ਜਾ ਸਕੇ
ਹਰ ਕੋਈ ਵੇਖੇਗਾ ਰੱਬ ਦੀ ਯੋਜਨਾ
ਉਸਦੇ ਮਹਾਨ ਕੰਮਾਂ ਦੀ ਅਸਚਰਜਤਾ ਨਾਲ
ਜਾਂ ਆਪਣੇ ਤਰਕਮਈ ਖੰਡਨ ਨਾਲ
ਸਾਡੀ ਸੋਚ ਦੀ ਵਿਲੱਖਣਤਾ ਅਨੁਸਾਰ
ਸਾਨੂੰ ਇਹ ਯੋਜਨਾਵਾਂ ਵਾਪਰਦੀਆਂ ਨਜ਼ਰ ਆਉਣਗੀਆਂ
ਇਨ੍ਹਾਂ ਦਾ ਗਾਇਨ ਰਿਸ਼ੀ ਕਿਸੇ ਯੁੱਗ 'ਚ ਕਰਨਗੇ
ਪਰਮਾਤਮਾ ਦੇ ਬਾਗ਼ਾਂ ਦੇ ਫ਼ਲ ਲੱਗਣ ਲੱਗੇ ਹਨ
ਉਹ ਟੱਲੀਆਂ ਤੋੜ ਦੇਵੋ ਜਿਨ੍ਹਾਂ ਨੂੰ ਰੋਜ਼ ਵਜਾਉਂਦੇ ਹੋ
ਉਹਦੀਆਂ ਯੋਜਨਾਵਾਂ ਨੂੰ ਐਲਾਨ ਦੀ ਲੋੜ ਨਹੀਂ
ਚੁੱਪ-ਸ਼ਾਂਤੀ ਦਾ ਸੁਹਾਣਾ ਮੌਸਮ ਹੈ ਸ਼ੋਰ ਤੋਂ ਬਾਹਰ ਆਓ
ਪਰਮੇਸ਼ਵਰ ਦੇ ਬਾਗ਼ ਦੇ ਪੁੰਗਾਰੇ ਵੇਖਣ ਲਈ
ਕਬਰ ਵਰਗੀ ਚੁੱਪ ਭਲੀ।
**(ਜਰਮਨ ਕਵੀ ਰੀਨੇਰ ਮਾਰੀਆ ਰਿਲਕੇ ਦੀ ਕਵਿਤਾ ਦਾ ਪੰਜਾਬੀ ਰੂਪ)**

## ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ

ਆਗ਼ਾ ਨਿਸਾਰ

ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ ।
ਲੱਭ ਰਿਹਾ ਹਾਂ ਮੈਂ ਵਫ਼ਾ ਇਨਸਾਨ ਵਿੱਚ ।

ਦੋ ਕਦਮ ਦਾ ਫ਼ਾਸਲਾ ਵੀ ਹੈ ਤਵੀਲ,
ਹੌਸਲਾ ਹੋਵੇ ਨਾ ਜੇ ਇਨਸਾਨ ਵਿੱਚ ।

ਆਰਜ਼ੂ ਦਾ ਹਰ ਸਫ਼ੀਨਾ ਡੁਬ ਗਿਆ,
ਨਾਉਮੀਦੀ ਦੇ ਚੜ੍ਹੇ ਤੂਫ਼ਾਨ ਵਿੱਚ ।

ਮੈਂ ਸਦਾ ਕਰਨਾ ਵਾਂ ਉਹਦੀ ਜੁਸਤਜੂ,
ਤੇਰੇ ਭਾਣੇ ਜੋ ਨਹੀਂ ਅਮਕਾਨ ਵਿੱਚ ।

ਖ਼ੌਫ਼ ਖਾਂਦਾ ਆਪ ਉਹ ਇਨਸਾਨ ਤੋਂ,
ਅਕਲ ਹੁੰਦੀ ਜੇ ਕਦੇ ਹੈਵਾਨ ਵਿੱਚ ।

ਫਿਰ ਰਿਆਇਆ ਕਿਉਂ ਮੁਖ਼ਾਲਿਫ਼ ਹੋ ਗਈ,
ਜੇ ਬੁਰਾਈ ਕੁਝ ਨਹੀਂ ਸੁਲਤਾਨ ਵਿੱਚ ।

ਜਦ ਕਸ਼ਿਸ਼ 'ਆਗ਼ਾ' ਵਿਖਾਈ ਕੁਫ਼ਰ ਨੇ,
ਤਾਜ਼ਗੀ ਆਈ ਮੇਰੇ ਈਮਾਨ ਵਿੱਚ।

## ਮਾਨਵਤਾ ਦਾ ਘਾਣ

ਰਾਜਬੀਰ ਮੱਤਾ



ਮਾਨਵਤਾ ਦਾ ਘਾਣ ਹੋ ਰਿਹਾ
ਹਰ ਥਾਂ ਹੀ ਸ਼ਮਸ਼ਾਨ ਹੋ ਰਿਹਾ।
ਲੋਕ ਲੋਕਾਈ ਸਮਝ ਨਾ ਆਵੇ
ਹਰ ਬੰਦਾ ਬੇਈਮਾਨ ਹੋ ਰਿਹਾ।
ਟੁੱਟਦੇ ਘਰ, ਤਿੜਕਦੇ ਸੁਪਨੇ
ਕਿਰਤੀ ਹੁਣ ਪ੍ਰੇਸ਼ਾਨ ਹੋ ਰਿਹਾ।
ਇਹ ਆਉਂਦੇ-ਜਾਂਦੇ ਰਾਹੀਂ ਪੁੱਛਣ
ਕਿਉਂ ਰਸਤਾ ਬੇਜਾਨ ਹੋ ਰਿਹਾ।
ਪੰਛੀਆਂ ਤਾਈਂ ਰੁੱਖ ਨਾ ਲੱਭਣ
ਕੁਦਰਤ ਦਾ ਅਪਮਾਨ ਹੋ ਰਿਹਾ।
ਰਿਸ਼ਤਿਆਂ ਦੀ ਥਾਂ ਸਿੱਕੇ ਪੂਜੇ
ਬੰਦਾ ਸਵਾਰਥਵਾਨ ਹੋ ਰਿਹਾ।
ਆਉਂਦਾ ਜਾਂਦਾ ਸਾਹ ਵੀ ਘੁੱਟੇ
******ਵਾਤਾਵਰਣ ਕਹਿਰਵਾਨ ਹੋ ਰਿਹਾ।
ਕਦੇ ਘਾੜਤ ਕਦੇ ਬੰਦਾ ਤੱਕੇ
ਰੱਬ ਖ਼ੁਦ 'ਤੇ ਹੈਰਾਨ ਹੋ ਰਿਹਾ।

* * *

ਨਵਦੀਪ ਸਿੰਘ ਗਿੱਲ



# ਬੈਲਗੱਡੀਆਂ ਦੀਆਂ ਦੌੜਾਂ

ਕਿਲ੍ਹਾ ਰਾਏਪੁਰ ਦੀਆਂ ਖੇਡਾਂ ਨੂੰ ਪੰਜਾਬੀਆਂ ਦੀ ਮਿੰਨੀ ਉਲੰਪਿਕਸ ਜਾਂ ਪੇਂਡੂ ਉਲੰਪਿਕਸ ਆਖਿਆ ਜਾਂਦਾ ਹੈ। ਬੈਲਗੱਡੀਆਂ ਦੀਆਂ ਦੌੜਾਂ ਇਨ੍ਹਾਂ ਖੇਡਾਂ ਦੀ ਸ਼ਾਨ ਹਨ, ਜੋ ਬੀਤੇ ਕੁਝ ਸਾਲਾਂ ਤੋਂ ਨਾ ਹੋਣ ਕਾਰਨ ਇਨ੍ਹਾਂ ਖੇਡਾਂ ਦੀ ਸ਼ਾਨ ਫਿੱਕੀ ਪੈਣ ਲੱਗੀ ਸੀ। ਸਾਲ 2014 ਤੋਂ ਬੰਦ ਪਈਆਂ ਬੈਲਗੱਡੀਆਂ ਦੀਆਂ ਦੌੜਾਂ ਨੂੰ ਮੁੜ ਸ਼ੁਰੂ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ 11 ਜੁਲਾਈ ਨੂੰ ਪੰਜਾਬ ਵਿਧਾਨ ਸਭਾ ਵਿੱਚ ਜਾਨਵਰਾਂ 'ਤੇ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ), 2025 ਨੂੰ ਪਾਸ ਕਰ ਕੇ ਬੈਲਗੱਡੀਆਂ ਦੀਆਂ ਦੌੜਾਂ ਸ਼ੁਰੂ ਕਰਨ ਵੱਲ ਕਦਮ ਪੁੱਟਿਆ ਗਿਆ। ਪੰਜਾਬ ਵਿਧਾਨ ਸਭਾ ਵਿੱਚ ਕਾਨੂੰਨ ਪਾਸ ਕਰਨ ਉਪਰੰਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 29 ਜੁਲਾਈ 2025 ਨੂੰ ਪਿੰਡ ਮਹਿਮਾ ਸਿੰਘ ਵਾਲਾ ਵਿਖੇ ਵਿਰਾਸਤੀ ਖੇਡ ਪ੍ਰੇਮੀਆਂ ਦੇ ਭਰਵੇਂ ਇਕੱਠ ਵਿੱਚ ਸੰਬੋਧਨ ਕਰਦਿਆਂ ਐਲਾਨ ਕੀਤਾ ਸੀ ਕਿ ਅਗਲੇ ਸਾਲ ਤੋਂ ਬੈਲਗੱਡੀਆਂ ਦੀਆਂ ਦੌੜਾਂ ਮੁੜ ਸ਼ੁਰੂ ਹੋਣਗੀਆਂ। ਮੁੱਖ ਮੰਤਰੀ ਨੇ ਕਿਹਾ, "ਪੰਜਾਬ ਦੀਆਂ ਦੇਸੀ ਖੇਡਾਂ ਨੂੰ ਹੋਰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ। ਕਬੱਡੀ, ਬੈਲਗੱਡੀਆਂ ਦੀ ਦੌੜ ਅਤੇ ਹੋਰ ਰਵਾਇਤੀ ਖੇਡਾਂ ਸਿਰਫ਼ ਖੇਡਾਂ ਹੀ ਨਹੀਂ ਹਨ ਸਗੋਂ ਸਾਡੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਦਾ ਅਨਿੱਖੜਵਾਂ ਅੰਗ ਹਨ। ਇਹ ਖੇਡਾਂ ਪੰਜਾਬੀਆਂ ਦੀ ਭਾਵਨਾ, ਤਾਕਤ ਅਤੇ ਏਕਤਾ ਨੂੰ ਦਰਸਾਉਂਦੀਆਂ ਹਨ ਅਤੇ ਪੀੜ੍ਹੀ-ਦਰ-ਪੀੜ੍ਹੀ ਅੱਗੇ ਵਧਦੀਆਂ ਆਈਆਂ ਹਨ।" ਹੁਣ ਇਸ ਫ਼ੈਸਲੇ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਕਿਲ੍ਹਾ ਰਾਏਪੁਰ ਦੀਆਂ ਖੇਡਾਂ 'ਚ ਬੈਲਗੱਡੀਆਂ ਦੀਆਂ ਦੌੜਾਂ ਕਰਵਾਈਆਂ ਗਈਆਂ ਹਨ।

ਦਰਅਸਲ, ਕਿਲ੍ਹਾ ਰਾਏਪੁਰ ਖੇਡਾਂ ਦੀ ਸ਼ਾਨ ਰਹੀਆਂ ਬੈਲਗੱਡੀਆਂ ਦੀਆਂ ਦੌੜਾਂ ਉੱਪਰ 2014 ਵਿੱਚ ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਪਾਬੰਦੀ ਲੱਗ ਗਈ ਸੀ। ਇਸ ਪਿੱਛੇ ਮੁੱਖ ਕਾਰਨ ਇਹ ਦੱਸਿਆ ਗਿਆ ਕਿ ਬਲਦਾਂ ਨੂੰ ਤੇਜ਼ ਦੌੜਾਉਣ ਲਈ ਉਨ੍ਹਾਂ ਉੱਤੇ ਅੱਤਿਆਚਾਰ ਹੁੰਦਾ ਹੈ, ਜਿਵੇਂ ਕਿ ਪੂਛਾਂ ਮਰੋੜਨਾ, ਬੈਲਗੱਡੀ ਦੌੜਾਉਣ ਵਾਲੇ ਚਾਲਕ ਵੱਲੋਂ ਸੋਟੀ ਨਾਲ ਬਲਦ ਨੂੰ ਹੱਕਣਾ (ਆਰ ਦੀ ਵਰਤੋਂ), ਗਰਮੀ ਵਿੱਚ ਦੌੜਾਉਣਾ ਆਦਿ। ਤਾਮਿਲਨਾਡੂ ਦੀ ਵਿਰਾਸਤੀ ਖੇਡ ਜਲੀਕੱਟੂ ਉੱਪਰ ਵੀ ਇਸੇ ਤਰ੍ਹਾਂ ਪਾਬੰਦੀ ਲੱਗੀ ਸੀ। ਪੰਜਾਬ ਸਰਕਾਰ ਨੇ ਇਸ ਦਾ ਹੱਲ ਕੱਢਦਿਆਂ ਸੂਬੇ ਵਿੱਚ ਬਲਦਾਂ ਦੀਆਂ ਦੌੜਾਂ ਮੁੜ ਸ਼ੁਰੂ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਕਾਨੂੰਨ ਪਾਸ ਕੀਤਾ। 11 ਜੁਲਾਈ 2025 ਨੂੰ ਪੰਜਾਬ ਵਿਧਾਨ



ਸਭਾ ਵਿੱਚ ਜਾਨਵਰਾਂ 'ਤੇ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ), 2025 ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਬਿੱਲ ਪਾਸ ਕਰਨ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਇਹ ਕਾਨੂੰਨ ਜਿੱਥੇ ਪੰਜਾਬ ਦੀਆਂ ਦੇਸੀ ਪਸ਼ੂ ਨਸਲਾਂ ਨੂੰ ਬਚਾਉਣ ਵਿੱਚ ਮਦਦ ਕਰੇਗਾ, ਉੱਥੇ ਬੈਲਗੱਡੀਆਂ ਦੀ ਦੌੜ ਮੁੜ ਸ਼ੁਰੂ ਕਰਵਾਉਣ ਲਈ ਵੀ ਰਾਹ ਪੱਧਰਾ ਕਰੇਗਾ। ਨਵੇਂ ਕਾਨੂੰਨ ਦਾ ਮੁੱਖ ਉਦੇਸ਼ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਜਾਨਵਰਾਂ ਲਈ ਸੁਰੱਖਿਆ ਉਪਾਅ, ਜਾਨਵਰਾਂ ਦੀ ਵੈਟਰਨਰੀ ਨਿਗਰਾਨੀ, ਸੁਰੱਖਿਆ ਮਾਪਦੰਡ, ਰਜਿਸਟ੍ਰੇਸ਼ਨ ਅਤੇ ਦਸਤਾਵੇਜ਼ੀਕਰਨ ਤੋਂ ਇਲਾਵਾ ਉਲੰਘਣਾਵਾਂ ਲਈ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ ਤਾਂ ਕਿ ਬੇਜ਼ੁਬਾਨਾਂ ਨੂੰ ਕਿਸੇ ਕਿਸਮ ਦੇ ਜ਼ੁਲਮ ਦਾ ਸਾਹਮਣਾ ਨਾ ਕਰਨਾ ਪਵੇ।

ਜ਼ਿਕਰਯੋਗ ਹੈ ਕਿ ਕਿਲ੍ਹਾ ਰਾਏਪੁਰ ਖੇਡਾਂ ਵਿੱਚ ਪੰਜਾਬ ਦੇ ਪੁਰਾਣੇ ਸਮੇਂ ਦੇ ਹਰ ਵੱਡੇ ਖਿਡਾਰੀ ਨੇ ਆਪਣੇ ਜੌਹਰ ਵਿਖਾਏ ਹਨ, ਖ਼ਾਸ ਕਰਕੇ ਹਾਕੀ ਤੇ ਅਥਲੈਟਿਕਸ ਵਿੱਚ। ਪੰਜਾਬ ਦੇ ਮੁੱਖ ਮੰਤਰੀ ਤੋਂ ਲੈ ਕੇ ਦੇਸ਼ ਦੇ ਰਾਸ਼ਟਰਪਤੀ ਤੱਕ ਇਨ੍ਹਾਂ ਖੇਡਾਂ ਵਿੱਚ ਹਾਜ਼ਰੀ ਭਰਦੇ ਰਹੇ ਹਨ। ਡਿਸਕਵਰੀ ਤੋਂ ਲੈ ਕੇ ਬੀ.ਬੀ.ਸੀ. ਤੱਕ ਵੱਡੇ ਚੈਨਲਾਂ ਨੇ ਇਨ੍ਹਾਂ ਖੇਡਾਂ ਦੀ ਕਵਰੇਜ ਕੀਤੀ ਹੈ। ਖੇਡ ਮੁਕਾਬਲਿਆਂ ਤੋਂ ਇਲਾਵਾ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਨਾਮੀ ਪੰਜਾਬੀ ਗਾਇਕ ਵੀ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਰਹੇ ਹਨ।

# ਨਸ਼ਿਆਂ ਦੇ ਖਾਤਮੇ ਲਈ ਖੇਡਾਂ ਸਭ ਤੋਂ ਵਧੀਆ ਹਥਿਆਰ: ਮਾਨ

ਲੁਧਿਆਣਾ/ਏ.ਟੀ.ਨਿਊਜ਼: ਨਸ਼ਿਆਂ ਦੇ ਖਾਤਮੇ ਲਈ ਖੇਡਾਂ ਸਭ ਤੋਂ ਵਧੀਆ ਬਦਲ ਹਨ। ਇਸ ਨਾਲ ਨੌਜਵਾਨ ਖੇਡ ਮੈਦਾਨਾਂ 'ਚ ਪਸੀਨਾ ਵਹਾਅ ਕੇ ਜਿੱਥੇ ਆਪਣੇ ਸਰੀਰ ਨਰੋਇਆ ਰੱਖ ਸਕਦੇ ਹਨ, ਉੱਥੇ ਹੀ ਨਸ਼ਿਆਂ ਦੀ ਦਲਦਲ 'ਚ ਨਾ ਫਸ ਕੇ ਖੇਡਾਂ ਰਾਹੀਂ ਆਪਣਾ, ਆਪਣੇ ਮਾਪਿਆਂ ਤੇ ਸੂਬੇ ਦਾ ਨਾਂ ਰੋਸ਼ਨ ਕਰ ਸਕਦੇ ਹਨ। ਇਸ ਨਾਲ ਕਿਸੇ ਵੀ ਨਸ਼ਾ ਵਿਰੋਧੀ ਮੁਹਿੰਮ ਦੀ ਲੋੜ ਨਹੀਂ ਰਹੇਗੀ। ਇਸੇ ਲਈ ਪੰਜਾਬ ਸਰਕਾਰ 3200 ਨਵੇਂ ਖੇਡ ਸਟੇਡੀਅਮ ਬਣਾਉਣ ਦੇ ਨਾਲ-ਨਾਲ ਖੇਡਾਂ ਦੇ ਬਜਟ 'ਚ ਹੋਰ ਵਾਧਾ ਕਰ ਰਹੀ ਹੈ। ਇਹ ਸ਼ਬਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿਛਲੇ ਦਿਨੀਂ ਕਿਲ੍ਹਾ ਰਾਏਪੁਰ ਪੇਂਡੂ ਖੇਡ ਮੇਲੇ 'ਚ ਦਰਸ਼ਕਾਂ ਨਾਲ ਭਰੇ ਖੇਡ ਸਟੇਡੀਅਮ 'ਚ ਸੰਬੋਧਨ ਕਰਦਿਆਂ ਕਹੇ।

ਮੁੱਖ ਮੰਤਰੀ ਨੇ ਨਵੀਂ ਖੇਡ ਨੀਤੀ 2023 ਨੂੰ ਸੂਬੇ ਦੀਆਂ ਖੇਡਾਂ ਦੀ ਸ਼ਾਨ ਨੂੰ ਬਹਾਲ ਕਰਨ ਵਾਲਾ ਅਹਿਮ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਇਸ ਤਹਿਤ ਹਰ ਪਿੰਡ 'ਚ ਸਟੇਡੀਅਮ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਦੇ ਤਿੰਨ ਸੀਜ਼ਨ ਸਫਲਤਾਪੂਰਵਕ ਕਰਵਾਏ ਗਏ ਹਨ ਜਿਸ ਦੌਰਾਨ ਇੱਕੋ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਮੁਕਾਬਲਿਆਂ 'ਚ ਹਿੱਸਾ ਲੈਂਦੀਆਂ ਵੇਖੀਆਂ ਗਈਆਂ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਅੱਜ ਖੇਡਾਂ 'ਚ ਦੇਸ਼ ਦੀ ਅਗਵਾਈ ਕਰ ਰਿਹਾ ਹੈ ਅਤੇ ਮੁੱਖ ਭਾਰਤੀ ਟੀਮਾਂ ਦੇ ਕਪਤਾਨ ਪੰਜਾਬ ਤੋਂ ਹਨ। ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਜੰਗ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ 'ਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਹੋਈ ਹੈ ਤੇ ਖੇਡਾਂ ਇਸ ਜੰਗ 'ਚ ਸਭ ਤੋਂ ਵੱਡਾ ਹਥਿਆਰ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਸੂਬੇ ਦੇ ਨੌਜਵਾਨ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ



ਮੈਡਲ ਜਿੱਤ ਕੇ ਪੰਜਾਬ ਤੇ ਦੇਸ਼ ਦਾ ਨਾਂਅ ਰੋਸ਼ਨ ਕਰ ਰਹੇ ਹਨ।

ਕਿਲ੍ਹਾ ਰਾਏਪੁਰ ਖੇਡਾਂ ਨੂੰ ਪੇਂਡੂ ਸੱਭਿਆਚਾਰ ਤੇ ਵਿਰਾਸਤ ਦੀ ਝਲਕ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਇਸ ਵਿਰਾਸਤ ਨੂੰ ਸੁਰਜੀਤ ਕੀਤਾ ਹੈ। ਇਸ ਨੂੰ ਇਤਿਹਾਸਕ ਪਲ ਦੱਸਦਿਆਂ ਉਨ੍ਹਾਂ ਕਿਹਾ ਕਿ ਇਹ ਖੇਡਾਂ ਵਿਸ਼ਵ ਪੱਧਰ 'ਤੇ ਪ੍ਰਸਿੱਧ ਹਨ ਤੇ ਲੰਬੇ ਸਮੇਂ ਤੋਂ ਬੈਲ ਗੱਡੀਆਂ ਦੀਆਂ ਦੌੜਾਂ ਨੂੰ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਬੈਲ ਗੱਡੀਆਂ ਦੀਆਂ ਦੌੜਾਂ ਨੂੰ ਮੁੜ ਸ਼ੁਰੂ ਕਰਨ ਸਬੰਧੀ ਕਾਨੂੰਨੀ ਵਿਵਸਥਾ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 11 ਜੁਲਾਈ, 2025 ਨੂੰ ਪੰਜਾਬ ਵਿਧਾਨ ਸਭਾ 'ਚ ਜਾਨਵਰਾਂ ਤੇ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਐਕਟ, 2025 ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਜਿਸ ਨਾਲ ਬੈਲ ਗੱਡੀਆਂ ਦੀਆਂ ਦੌੜਾਂ ਮੁੜ ਸ਼ੁਰੂ ਕਰਨ ਦਾ ਰਾਹ ਪੱਧਰਾ ਹੋਇਆ ਸੀ।

ਕਿਲ੍ਹਾ ਰਾਏਪੁਰ ਦੇ ਵਾਸੀਆਂ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਸੀਐੱਮ ਨੇ ਕਈ ਵਿਕਾਸ ਪ੍ਰੋਜੈਕਟਾਂ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪਿੰਡ ਦੀ ਫਿਰਨੀ ਵਾਲੀ ਤਿੰਨ ਕਿਲੋਮੀਟਰ ਦੀ ਸੜਕ ਨੂੰ 1.5 ਕਰੋੜ ਰੁਪਏ ਦੀ ਲਾਗਤ ਨਾਲ ਚੌੜਾ ਕੀਤਾ ਜਾਵੇਗਾ। ਪਿੰਡ ਦੀ ਸਹਿਕਾਰੀ ਸਭਾ ਨੂੰ ਸੁਰਜੀਤ ਕੀਤਾ ਜਾਵੇਗਾ। ਪਿੰਡ ਦੇ ਅੱਠ ਏਕੜ 'ਚ ਫੈਲੇ ਛੱਪੜ ਨੂੰ 95 ਲੱਖ ਰੁਪਏ ਦੀ ਲਾਗਤ ਨਾਲ ਸੀਚੇਵਾਲ ਮਾਡਲ 'ਤੇ ਵਿਕਸਤ ਕੀਤਾ ਜਾਵੇਗਾ। ਪਿੰਡ ਦੀ ਲਾਇਬ੍ਰੇਰੀ ਨੂੰ 10 ਲੱਖ ਰੁਪਏ ਦੀ ਲਾਗਤ ਨਾਲ ਅੱਪਗ੍ਰੇਡ ਕੀਤਾ ਜਾਵੇਗਾ ਤੇ ਸਿਕਸ-ਏ-ਸਾਈਡ ਹਾਕੀ ਐਸਟ੍ਰੋਟਰਫ ਦੇ ਨਿਰਮਾਣ 'ਤੇ 2 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਸਟੇਡੀਅਮ 'ਚ ਫਲੱਡ ਲਾਈਟਾਂ ਲਗਾਈਆਂ ਜਾਣਗੀਆਂ। ਡੇਹਲੋਂ ਤੋਂ ਪੱਖੋਵਾਲ ਸੜਕ ਦਾ 30 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਜਾਵੇਗਾ ਤੇ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਕੋਲ ਹਲਵਾਰਾ ਹਵਾਈ ਅੱਡੇ ਦਾ ਨਾਂਅ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਂ 'ਤੇ ਰੱਖਣ ਦੀ ਮੰਗ ਰੱਖੀ ਹੈ, ਜੋ 19 ਸਾਲ ਦੀ ਉਮਰ 'ਚ ਸ਼ਹੀਦ ਹੋ ਗਏ ਸਨ।

ਇਸ ਮੌਕੇ 'ਆਪ' ਦੇ ਸੀਨੀਅਰ ਨੇਤਾ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਤੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਪੁਲਿਸ ਕਮਿਸ਼ਨਰ ਸਵਪਨ ਸ਼ਰਮਾ, ਵਿਧਾਇਕ ਜੀਵਨ ਸਿੰਘ ਸੰਗੋਵਾਲ, ਵਿਧਾਇਕ ਕਲਵੰਤ ਸਿੰਘ ਸਿੱਧੂ, ਵਿਧਾਇਕ ਜਸਵੰਤ ਸਿੰਘ ਗੱਜਣ ਮਾਜ਼ਰਾ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਅਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

# ਕੈਨੇਡਾ ਦੀ ਟੀ-20 ਵਰਲਡ ਕੱਪ ਟੀਮ ਵਿੱਚ ਪੰਜਾਬੀਆਂ ਦੀ ਝੰਡੀ

## ਗੁਰਦਾਸਪੁਰ ਦੇ ਪੋਂਟੀ ਬਾਜਵਾ ਦੀ ਅਗਵਾਈ ਹੇਠ ਖੇਡ ਰਹੇ ਨੇ ਅੱਧਾ ਦਰਜਨ ਪੰਜਾਬੀ ਖਿਡਾਰੀ




ਟੋਰੰਟੋ/ਏ.ਟੀ.ਨਿਊਜ਼: ਕੈਨੇਡਾ ਦੀ ਕੌਮੀਂ ਕ੍ਰਿਕਟ ਟੀਮ ਅੱਜ-ਕੱਲ੍ਹ ਪੰਜਾਬ ਦੀ 'ਮਿੰਨੀ ਰਣਜੀ ਟਰਾਫੀ' ਵਰਗੀ ਜਾਪਦੀ ਹੈ, ਕਿਉਂਕਿ ਟੀ-20 ਵਰਲਡ ਕੱਪ ਵਿੱਚ ਖੇਡੀ ਇਸ ਟੀਮ ਵਿੱਚ ਅੱਧਾ ਦਰਜਨ ਦੇ ਕਰੀਬ ਖਿਡਾਰੀ ਪੰਜਾਬੀ ਮੂਲ ਦੇ ਸਨ। ਟੀਮ ਦੀ ਕਮਾਨ ਗੁਰਦਾਸਪੁਰ ਦੇ 'ਪੁੱਤਰ' ਦਿਲਪ੍ਰੀਤ ਸਿੰਘ ਪੋਂਟੀ ਬਾਜਵਾ ਦੇ ਹੱਥਾਂ ਵਿੱਚ ਸੀ। ਬਾਜਵਾ ਤੋਂ ਇਲਾਵਾ ਨਵਨੀਤ ਧਾਲੀਵਾਲ, ਪਰਗਟ ਸਿੰਘ, ਰਵਿੰਦਰਪਾਲ ਸਿੰਘ, ਜਸਕਰਨਦੀਪ ਬੁੱਟਰ ਅਤੇ ਯੁਵਰਾਜ ਸਾਮਰਾ ਵਰਗੇ ਖਿਡਾਰੀ ਕੈਨੇਡਾ ਦੀ ਜਰਸੀ ਪਹਿਨ ਕੇ ਮੈਦਾਨ ਵਿੱਚ ਜੌਹਰ ਦਿਖਾਏ। ਦਿਲਚਸਪ ਗੱਲ ਇਸ ਟੀਮ ਦੀ ਇਹ ਹੈ ਕਿ ਟੀਮ ਮੈਨੇਜਮੈਂਟ ਨੇ ਅੰਗਰੇਜ਼ੀ ਬੋਲਣਾ



ਲਾਜ਼ਮੀ ਕੀਤਾ ਹੋਇਆ ਹੈ ਅਤੇ ਪੰਜਾਬੀ ਬੋਲਣ 'ਤੇ ਖਿਡਾਰੀਆਂ ਨੂੰ ਜੁਰਮਾਨਾ ਭਰਨਾ ਪੈਂਦਾ ਹੈ, ਜਿਸ ਵਿੱਚ ਪੰਜਾਬੀ ਖਿਡਾਰੀ ਸਭ ਤੋਂ ਅੱਗੇ ਰਹਿੰਦੇ ਹਨ।

ਪੰਜਾਬ ਤੋਂ ਕੈਨੇਡਾ ਤੱਕ ਦੇ ਇਸ ਸਫ਼ਰ ਵਿੱਚ ਕਈ ਖਿਡਾਰੀਆਂ ਦੀਆਂ ਦਰਦਨਾਕ ਕਹਾਣੀਆਂ ਵੀ ਛੁਪੀਆਂ ਹੋਈਆਂ ਹਨ। ਸਟਾਰ ਬੱਲੇਬਾਜ਼ ਪਰਗਟ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਸਿਆਸਤ ਕਾਰਨ ਉਸ ਨੂੰ ਬਣਦਾ ਹੱਕ ਨਹੀਂ ਮਿਲਿਆ, ਜਿਸ ਕਰਕੇ ਉਸ ਨੂੰ ਵਿਦੇਸ਼ ਜਾਣਾ ਪਿਆ।

ਹੁਣ ਇਹ ਖਿਡਾਰੀ ਕੌਮਾਂਤਰੀ ਪੱਧਰ 'ਤੇ ਆਪਣੀ ਕਾਬਲੀਅਤ ਸਾਬਤ ਕਰ ਰਹੇ ਹਨ। ਯੁਵਰਾਜ ਸਾਮਰਾ ਨੇ ਨਿਊਜ਼ੀਲੈਂਡ ਵਰਗੀ ਮਜ਼ਬੂਤ ਟੀਮ ਖ਼ਿਲਾਫ਼ ਸੈਂਕੜਾ ਜੜ ਕੇ ਪੂਰੀ ਦੁਨੀਆ ਵਿੱਚ ਨਾਮ ਕਮਾਇਆ ਹੈ। ਪੋਂਟੀ ਬਾਜਵਾ ਨੇ ਤਨਜ਼ ਕਸਦਿਆਂ ਕਿਹਾ ਕਿ ਸ਼ਾਇਦ ਹੁਣ ਪੰਜਾਬ ਦੇ ਸਿਲੈਕਟਰ ਉਨ੍ਹਾਂ ਦੀ ਖੇਡ ਦੇਖ ਰਹੇ ਹੋਣਗੇ, ਕਿਉਂਕਿ ਉਨ੍ਹਾਂ ਦੀ ਅਣਦੇਖੀ ਕਾਰਨ ਹੀ ਅੱਜ ਇਹ ਹੀਰੇ ਕੈਨੇਡਾ ਲਈ ਚਮਕ ਰਹੇ ਹਨ।

# ਜਾਣੇ ਵੋ ਕੌਨ ਸਾ ਦੇਸ਼ ਜਹਾਂ ਤੁਮ ਚਲੇ ਗਏ...



**ਕੁਲਦੀਪ ਸਿੰਘ ਸਾਹਿਲ**


ਯੇ ਦੌਲਤ ਭੀ ਲੇ ਲੋ, ਯੇ ਸ਼ੋਹਰਤ ਭੀ ਲੇ ਲੋ,
ਭਲੇ ਛੀਨ ਲੋ ਮੁਝਸੇ ਮੇਰੀ ਜਵਾਨੀ
ਮਗਰ ਮੁਝਕੋ ਲੌਟਾ ਦੋ ਬਚਪਨ ਕਾ ਸਾਵਨ
ਵੋ ਕਾਗਜ਼ ਕੀ ਕਸ਼ਤੀ, ਵੋ ਬਾਰਿਸ਼ ਕਾ ਪਾਨੀ

ਜਦੋਂ ਵੀ ਜਗਜੀਤ ਸਿੰਘ ਦੀ ਗ਼ਜ਼ਲ ਦੀਆਂ ਇਹ ਲਾਈਨਾਂ ਸੁਣਦੇ ਹਾਂ ਤਾਂ ਬਚਪਨ ਨਾਲ ਜੁੜੀਆਂ ਯਾਦਾਂ ਫਿਰ ਤੋਂ ਤਾਜ਼ਾ ਹੋ ਜਾਂਦੀਆਂ ਹਨ। ਗ਼ਜ਼ਲ ਨੂੰ ਸੁਣਨ ਅਤੇ ਪਿਆਰ ਕਰਨ ਵਾਲੇ ਜਾਣਦੇ ਹਨ ਕਿ ਇਹ ਵੀ ਰੂਹ ਦੀ ਖੁਰਾਕ ਹੈ। ਕਹਿੰਦੇ ਹਨ ਕਿ ਗ਼ਜ਼ਲ ਅਰਬੀ ਸ਼ਾਇਰੀ ਦਾ ਇੱਕ ਹਿੱਸਾ ਸੀ, ਬਾਅਦ ਵਿੱਚ ਇਹ ਇਰਾਨ ਤੋਂ ਹੁੰਦੀ ਹੋਈ ਭਾਰਤ ਪਹੁੰਚੀ ਅਤੇ ਫ਼ਾਰਸੀ ਅਤੇ ਉਰਦੂ ਸ਼ਾਇਰੀ ਵਿੱਚ ਰਚਮਿਚ ਗਈ। ਭਾਰਤ ਵਿੱਚ ਵੀ ਗ਼ਜ਼ਲ ਗਾਉਣ ਵਾਲੇ ਬਹੁਤ ਸਾਰੇ ਗਾਇਕ ਹੋਏ ਹਨ, ਪਰ ਗ਼ਜ਼ਲ ਗਾਇਕ ਵਜੋਂ ਜੋ ਪਛਾਣ ਜਗਜੀਤ ਸਿੰਘ ਨੇ ਬਣਾਈ ਹੈ ਅਤੇ ਜੋ ਸ਼ੁਹਰਤ ਉਸ ਨੇ ਖੱਟੀ ਹੈ ਸ਼ਾਇਦ ਹੀ ਕਿਸੇ ਹੋਰ ਗਾਇਕ ਦੇ ਹਿੱਸੇ ਆਈ ਹੋਵੇ। ਇਹੋ ਜਿਹੀਆਂ ਸ਼ਖ਼ਸੀਅਤਾਂ ਹਮੇਸ਼ਾ ਆਪਣੇ ਹੁਨਰ, ਇਬਾਦਤ ਜਾਂ ਕਿਸੇ ਖੇਤਰ ਵਿੱਚ ਅਜੋਕੇ ਯੋਗਦਾਨ ਕਰਕੇ ਉਸ ਯੁੱਗ ਦੀ ਪਛਾਣ ਬਣ ਕੇ ਅਮਰ ਹੋ ਜਾਂਦੀਆਂ ਹਨ। ਭਾਰਤੀ ਸੰਗੀਤ ਅਤੇ ਗ਼ਜ਼ਲ ਗਾਇਕੀ ਦੇ ਸਿਤਾਰੇ ਜਗਜੀਤ ਸਿੰਘ ਨੂੰ ਵੀ ਆਪਣੀ ਕਲਾ ਦੀ ਅਮਿਟ ਛਾਪ ਛੱਡਣ ਕਾਰਨ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਇੱਕ ਯੁੱਗ ਪੁਰਸ਼ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਰਹਿੰਦੀ ਦੁਨੀਆ ਤੱਕ ਉਸ ਦੀ ਆਵਾਜ਼ ਸਰੋਤਿਆਂ ਦੇ ਦਿਲਾਂ 'ਤੇ ਦਸਤਕ ਦਿੰਦੀ ਰਹੇਗੀ।

8 ਫਰਵਰੀ 1941 ਨੂੰ ਰਾਜਸਥਾਨ ਦੇ ਸ੍ਰੀਗੰਗਾਨਗਰ ਵਿਖੇ ਮਾਤਾ ਬਚਨ ਕੌਰ ਅਤੇ ਪਿਤਾ ਅਮਰ ਸਿੰਘ ਦੇ ਘਰ ਪੈਦਾ ਹੋਏ ਜਗਜੀਤ ਸਿੰਘ ਦਾ ਪਾਲਣ ਪੋਸ਼ਣ ਸੰਪੂਰਨ ਪੰਜਾਬੀ ਢੰਗ ਨਾਲ ਹੋਇਆ ਸੀ। ਉਸ ਦੇ ਪਿਤਾ ਨੇ ਕਰਾਚੀ ਤੋਂ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਕੀਤਾ ਅਤੇ ਸ੍ਰੀਗੰਗਾਨਗਰ (ਰਾਜਸਥਾਨ) ਦੀ ਰਿਆਸਤ ਵਿੱਚ ਨੌਕਰੀ ਕੀਤੀ। ਪਿਤਾ ਨੇ ਸਾਰੇ ਭੈਣ ਭਰਾਵਾਂ ਨੂੰ ਸੰਗੀਤਕ ਮਾਹੌਲ ਦਿੱਤਾ। ਵੱਡੇ ਭਰਾ ਜਸਵੰਤ ਸਿੰਘ, ਜਗਜੀਤ ਸਿੰਘ ਅਤੇ ਭੈਣਾਂ ਨੇ ਬਾਕਾਇਦਾ ਗੁਰਬਾਣੀ ਸੰਗੀਤ ਦੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਇਸ ਸੰਗੀਤਕ ਸਿੱਖਿਆ ਵਿੱਚ ਸਭ ਤੋਂ ਵੱਧ ਤਵੱਜੋ ਜਗਜੀਤ ਸਿੰਘ ਨੂੰ ਮਿਲੀ। ਉਸ ਨੇ ਲਗਭਗ ਦੋ ਸਾਲ ਪੰਡਤ ਸਾਗੁਨ ਚੰਦ ਜੋਸ਼ੀ ਕੋਲੋਂ ਭਾਰਤੀ ਸ਼ਾਸਤਰੀ ਸੰਗੀਤ ਸਿੱਖਿਆ ਅਤੇ ਫਿਰ ਉਸਤਾਦ ਜਮਾਲ ਖ਼ਾਨ ਤੋਂ ਧਰੁਪਦ, ਧਮਾਰ, ਸ਼ਾਸਤਰੀ ਤੇ ਸੁਗਮ ਸੰਗੀਤ ਵਿੱਚ ਪਰਿਪੱਕਤਾ ਹਾਸਲ ਕੀਤੀ। ਉਨ੍ਹਾਂ ਨੇ ਪੂਰੇ 12 ਸਾਲ ਜਗਜੀਤ ਸਿੰਘ ਤੋਂ ਬਹੁਤ ਮਿਹਨਤ ਕਰਵਾਈ।

ਜਗਜੀਤ ਸਿੰਘ ਦੇ ਗਾਇਕ ਬਣਨ ਵਿੱਚ ਉਨ੍ਹਾਂ ਦੇ ਵੱਡੇ ਭਰਾ ਜਸਵੰਤ ਸਿੰਘ ਦਾ ਬਹੁਤ ਯੋਗਦਾਨ ਰਿਹਾ ਹੈ। ਦੱਸਦੇ ਹਨ ਕਿ ਜਗਜੀਤ ਹੋਣਹਾਰ ਵਿਦਿਆਰਥੀ ਸੀ ਤੇ ਇੰਟਰ ਸਾਇੰਸ ਦੀ ਪ੍ਰੀਖਿਆ ਵਿੱਚ ਖ਼ਾਲਸਾ ਕਾਲਜ ਅਤੇ ਸ੍ਰੀਗੰਗਾਨਗਰ ਜ਼ਿਲ੍ਹੇ ਵਿੱਚੋਂ ਅੱਵਲ ਰਿਹਾ ਸੀ। ਜਸਵੰਤ ਸਿੰਘ ਨੇ ਆਪਣੇ ਭਰਾ ਜਗਜੀਤ ਨੂੰ ਡੀਏਵੀ ਕਾਲਜ ਜਲੰਧਰ ਵਿਖੇ ਦਾਖ਼ਲ ਕਰਵਾਇਆ ਤਾਂ ਕਿ ਉਸ ਦੀ ਕਲਾ ਹੋਰ ਉੱਭਰ ਸਕੇ। ਇੱਥੇ ਉਸ ਨੇ ਉਸਤਾਦ ਸੋਹਨ ਸਿੰਘ ਤੋਂ ਸੰਗੀਤ ਸਿੱਖਿਆ ਅਤੇ ਯੁਵਕ ਮੇਲਿਆਂ ਵਿੱਚ ਮੱਲਾਂ ਮਾਰਨ ਤੋਂ ਇਲਾਵਾ ਆਲ ਇੰਡੀਆ ਰੇਡੀਓ ਜਲੰਧਰ ਤੋਂ ਪ੍ਰੋਗਰਾਮ ਵੀ ਪੇਸ਼ ਕੀਤੇ। ਗ੍ਰੈਜੂਏਸ਼ਨ ਮਗਰੋਂ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸੂਰਜ ਭਾਨ ਨੇ ਉਸ ਦਾ ਦਾਖ਼ਲਾ ਐੱਮਏ ਹਿਸਟਰੀ ਵਿੱਚ ਕਰਵਾ ਲਿਆ। ਜਗਜੀਤ ਨੇ ਦੋ ਸਾਲ ਵਿੱਚ ਆਪਣੀ ਯੂਨੀਵਰਸਿਟੀ ਲਈ ਅਨੇਕਾਂ ਮੈਡਲ ਤੇ ਟਰਾਫੀਆਂ ਜਿੱਤੀਆਂ। ਪਰਿਵਾਰ ਦੀ ਇੱਛਾ ਸੀ ਕਿ ਜਗਜੀਤ ਸਿੰਘ ਆਈਏਐੱਸ ਅਫ਼ਸਰ ਬਣੇ, ਪਰ ਉਸ ਦੇ ਅੰਦਰ ਬੈਠੇ ਕਲਾਕਾਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇੱਕ ਵਾਰੀ ਜਦੋਂ ਫਿਲਮ ਅਦਾਕਾਰ ਓਮ ਪ੍ਰਕਾਸ਼ ਨੇ ਜਗਜੀਤ ਸਿੰਘ ਨੂੰ ਊਟੀ ਵਿਖੇ ਸੁਣਿਆ ਤਾਂ ਉਸ ਨੇ ਉਸ ਦੀ ਕਲਾ ਨੂੰ ਪਛਾਣ ਲਿਆ ਅਤੇ ਉਸ ਨੂੰ 1963 ਵਿੱਚ ਬੰਬਈ ਬੁਲਾ ਲਿਆ। ਇੱਥੇ ਉਸ ਨੇ ਜਗਜੀਤ ਸਿੰਘ ਨੂੰ ਕਈ ਸੰਗੀਤਕਾਰਾਂ ਨਾਲ ਮਿਲਵਾਇਆ, ਪਰ ਉੱਥੇ ਉਨ੍ਹਾਂ ਨੇ ਉਸ ਦੇ ਪੈਰ ਨਹੀਂ ਲੱਗਣ ਦਿੱਤੇ। ਇਸ ਦੇ ਬਾਵਜੂਦ ਉਹ ਲਗਾਤਾਰ ਮਿਹਨਤ ਕਰਦਾ ਰਿਹਾ। ਇਸ ਤੋਂ ਬਾਅਦ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਸਾਲ 1991 ਵਿੱਚ ਕਾਰ ਹਾਦਸੇ ਵਿੱਚ ਆਪਣੇ ਬੇਟੇ ਵਿਵੇਕ ਦੀ ਮੌਤ ਤੋਂ ਬਾਅਦ ਜਗਜੀਤ ਅਤੇ ਚਿਤਰਾ ਸਿੰਘ ਅੰਦਰੋਂ ਟੁੱਟ ਚੁੱਕੇ ਸਨ। ਉਸ ਸਮੇਂ ਵਿਵੇਕ ਦੀ ਉਮਰ ਸਿਰਫ਼ 21 ਸਾਲ ਸੀ। ਇਸ ਤੋਂ ਬਾਅਦ ਉਨ੍ਹਾਂ ਦੀ ਪਤਨੀ ਚਿਤਰਾ ਨੇ ਗਾਇਕੀ ਤੋਂ ਸੰਨਿਆਸ ਲੈ ਲਿਆ। ਜਗਜੀਤ ਸਿੰਘ ਵੀ ਸਦਮੇ ਕਾਰਨ ਕੁਝ ਸਮਾਂ ਗਾਇਕੀ ਤੋਂ ਦੂਰ ਰਿਹਾ। ਉਂਝ, ਉਸ ਨੂੰ ਹਮੇਸ਼ਾ ਗਾਇਕੀ ਵਿੱਚ ਹੀ ਸਕੂਨ ਮਿਲਦਾ ਸੀ। ਗ਼ਜ਼ਲ ਗਾਇਕੀ ਵਿੱਚ ਪਾਏ ਨਵੇਂ ਪੂਰਨਿਆਂ ਸਦਕਾ 1998 ਵਿੱਚ ਉਸ ਨੂੰ ਸਾਹਿਤ ਅਕਾਦਮੀ ਐਵਾਰਡ ਮਿਲਿਆ। 2003 ਵਿੱਚ ਉਸ ਨੂੰ ਭਾਰਤ ਸਰਕਾਰ ਦੁਆਰਾ ਪਦਮ ਭੂਸ਼ਣ ਦਿੱਤਾ ਗਿਆ। 2006 ਵਿੱਚ ਟੀਚਰਜ਼ ਲਾਈਫਟਾਈਮ ਅਚੀਵਮੈਂਟ ਐਵਾਰਡ ਮਿਲਿਆ। ਉਸ ਦੀਆਂ ਕੁਝ ਗ਼ਜ਼ਲਾਂ ਬਹੁਤ ਮਕਬੂਲ ਹੋਈਆਂ ਜਿਨ੍ਹਾਂ ਵਿੱਚੋਂ 'ਹੋਠੋਂ ਸੇ ਛੂਹ ਲੋ ਤੁਮ', 'ਵੋ ਕਾਗਜ਼ ਕੀ ਕਸ਼ਤੀ', 'ਚਿੱਠੀ ਨਾ ਕੋਈ ਸੰਦੇਸ਼', 'ਯੇ ਦੌਲਤ ਭੀ ਲੇ ਲੋ', 'ਤੁਮ ਕੋ ਦੇਖਾ ਤੋ ਯੇ ਖਿਆਲ ਆਇਆ', 'ਝੁਕੀ ਝੁਕੀ ਸੀ ਨਜ਼ਰ', 'ਤੁਮ ਇਤਨਾ ਜੋ ਮੁਸਕਰਾ ਰਹੇ ਹੋ' ਆਦਿ।



ਉਸ ਨੇ ਪੰਜਾਬੀ ਗੀਤ ਵੀ ਗਾਏ ਜਿਨ੍ਹਾਂ ਵਿੱਚੋਂ 'ਮਾਏ ਨੀ ਮਾਏ ਮੈਂ ਇੱਕ ਸ਼ਿਕਰਾ ਯਾਰ ਬਣਾਇਆ', 'ਚੁੱਲ੍ਹੇ ਅੱਗ ਨਾ ਘੜੇ ਦੇ ਵਿੱਚ ਪਾਣੀ, ਛੜਿਆਂ ਦੀ ਜੂਨ ਬੁਰੀ', 'ਰੱਬਾ ਸਾਡੀ ਵੀ ਬਣਾਦੇ ਕੋਈ ਰਾਣੀ' ਆਦਿ ਗਾ ਕੇ ਮਕਬੂਲੀਅਤ ਹਾਸਲ ਕੀਤੀ। 23 ਸਤੰਬਰ 2011 ਨੂੰ ਗੁਲਾਮ ਅਲੀ ਨਾਲ ਇੱਕ ਸੰਗੀਤ ਸਮਾਰੋਹ ਤੋਂ ਪਹਿਲਾਂ ਜਗਜੀਤ ਸਿੰਘ ਨੂੰ ਬ੍ਰੇਨ ਹੈਮਰੇਜ ਹੋ ਗਿਆ ਸੀ। 10 ਅਕਤੂਬਰ 2011 ਨੂੰ ਗ਼ਜ਼ਲ ਸਮਰਾਟ ਜਗਜੀਤ ਸਿੰਘ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਿਆ। ਉਸ ਨੂੰ ਮਰਨ ਉਪਰੰਤ ਰਾਜਸਥਾਨ ਦੀ ਸਰਕਾਰ ਵੱਲੋਂ 'ਰਾਜਸਥਾਨ ਰਤਨ 2013' ਨਾਲ ਸਨਮਾਨਿਤ ਕੀਤਾ ਗਿਆ ਜੋ ਕਿ ਰਾਜਸਥਾਨ ਦਾ ਸਭ ਤੋਂ ਉੱਚਾ ਨਾਗਰਿਕ ਪੁਰਸਕਾਰ ਹੈ।

ਅੱਜ ਵੀ ਉਸ ਦੇ ਸਰੋਤੇ ਉਸ ਦੀ ਇਹ ਗ਼ਜ਼ਲ ਗੁਣਗੁਣਾ ਕੇ ਉਸ ਨੂੰ ਯਾਦ ਕਰਦੇ ਹਨ;

ਨਾ ਚਿੱਠੀ ਨਾ ਕੋਈ ਸੰਦੇਸ਼
ਜਾਨੇ ਵੋ ਕੌਨ ਸਾ ਦੇਸ਼
ਜਹਾਂ ਤੁਮ ਚਲੇ ਗਏ
ਜਹਾਂ ਤੁਮ ਚਲੇ ਗਏ।

## ਗਾਇਕ ਤੇ ਗੀਤਕਾਰ

# ਦਵਿੰਦਰ ਖੰਨੇ ਵਾਲਾ

**ਅਜੀਤ ਖੰਨਾ**

ਮੇਰਾ ਆਪਣਾ ਸ਼ਹਿਰ ਹੈ ਖੰਨਾ। ਜੋ ਸਿਰਫ਼ ਦੋ ਅੱਖਰਾਂ ਦਾ ਹੈ, ਪਰ ਇਹ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਵਜੋਂ ਜਾਣਿਆ ਜਾਂਦਾ ਹੈ। ਪਿਛਲੇ ਕਈ ਦਹਾਕਿਆਂ ਤੋਂ ਇਹ ਸੰਗੀਤ ਇੰਡਸਟਰੀ ਵਿੱਚ ਵੀ ਪੂਰੀ ਤਰ੍ਹਾਂ ਛਾਇਆ ਹੋਇਆ ਹੈ। ਮਰਹੂਮ ਗਾਇਕ ਸਰਦੂਲ ਸਿਕੰਦਰ, ਗਾਇਕਾ ਤੇ ਅਦਾਕਾਰਾ ਅਮਰ ਨੂਰੀ, ਹਿੰਦੀ ਫਿਲਮਾਂ ਦੇ ਪਲੇਅ ਬੈਕ ਸਿੰਗਰ ਲਾਭ ਜੰਜੂਆ ਤੇ ਸੰਗੀਤਕਾਰ ਦੇਸੀ ਕਰਿਊ ਦੇ ਕਲਾਕਾਰ ਸੱਤਾ ਤੇ ਬਲਵੰਤ ਵਰਗੇ ਅਨੇਕਾਂ ਕਲਾਕਾਰਾਂ ਨੇ ਖੰਨਾ ਨੂੰ ਦੁਨੀਆ ਦੇ ਨਕਸ਼ੇ ਉੱਤੇ ਚਮਕਾਇਆ ਹੈ, ਉੱਥੇ ਹੀ ਗੀਤਕਾਰ ਤੇ ਗਾਇਕ ਦਵਿੰਦਰ ਖੰਨੇ ਵਾਲਾ ਦੀ ਕਲਮ ਵੀ ਲੰਬੇ ਸਮੇਂ ਤੋਂ ਪੰਜਾਬੀ ਸੰਗੀਤ ਇੰਡਸਟਰੀ ਦੀ ਸ਼ਾਨ ਬਣੀ ਹੋਈ ਹੈ।


ਸਾਲ 1999 ਤੋਂ ਲੈ ਕੇ 2015 ਤੱਕ ਦਵਿੰਦਰ ਖੰਨੇ ਵਾਲਾ ਦਾ ਗੀਤਕਾਰੀ ਦੇ ਖੇਤਰ ਵਿੱਚ ਪੂਰਾ ਸਿੱਕਾ ਚੱਲਿਆ। ਉਸ ਦੀ ਕਲਮ ਤੋਂ ਨਿਕਲੇ ਅਨੇਕਾਂ ਗੀਤ ਸਰਦੂਲ ਸਿਕੰਦਰ, ਹੰਸ ਰਾਜ ਹੰਸ ਤੇ ਗੁਰਦਾਸ ਮਾਨ ਵਰਗੇ ਚੋਟੀ ਦੇ ਕਲਾਕਾਰਾਂ ਦੀ ਆਵਾਜ਼ 'ਚ ਇੰਨੇ ਮਕਬੂਲ ਹੋਏ ਕੇ ਉਹ ਅੱਜ ਵੀ ਲੋਕਾਂ ਦੇ ਦਿਲਾਂ 'ਤੇ ਛਾਏ ਹੋਏ ਹਨ ਤੇ ਵਿਆਹ ਸ਼ਾਦੀਆਂ ਉੱਤੇ ਵੱਜਦੇ ਤੁਹਾਨੂੰ ਅਕਸਰ ਸੁਣਾਈ ਦੇਣਗੇ। ਦਵਿੰਦਰ ਦੀ ਕਲਮ ਤੋਂ ਨਿਕਲਿਆ ਪਹਿਲਾ ਗੀਤ ਪ੍ਰਸਿੱਧ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਗਾਇਆ ਜਿਸ ਦੀਆਂ ਸਤਰਾਂ ਹਨ;

ਚਿੱਠੀ ਲਿਖ ਲਈ ਮੈਂ ਸਾਰੀ
ਮੇਰੀ ਮੱਤ ਐਸੀ ਮਾਰੀ
ਜਦੋਂ ਲਿਖਣ ਲੱਗੀ ਮੈਂ ਤੇਰਾ ਨਾਂ
ਚੰਨਾ ਮੈਂ ਤੇਰਾ ਨਾਂ ਭੁੱਲ ਗਈ
ਭੁੱਲ ਗਈ ਸ਼ਰਮ ਦੀ ਮਾਰੀ
ਚੰਨਾ ਮੈਂ ਤੇਰਾ ਨਾਂ ਭੁੱਲ ਗਈ...

ਗੁਰਦਾਸ ਮਾਨ ਨੇ ਹੀ ਉਸ ਨੂੰ ਦਵਿੰਦਰ ਖੰਨੇ ਵਾਲਾ ਨਾਂ ਦਿੱਤਾ। ਉਕਤ ਗਾਣੇ ਦੇ ਆਖਰੀ ਪੈਰੇ 'ਚ ਦਵਿੰਦਰ ਨੇ ਆਪਣਾ ਤੇ ਆਪਣੇ ਸ਼ਹਿਰ ਖੰਨੇ ਦਾ ਨਾਂ ਬੜੇ ਸੁਚੱਜੇ ਢੰਗ ਨਾਲ ਕਲਮਬੱਧ ਕੀਤਾ ਹੈ ਜੋ ਇਸ ਤਰ੍ਹਾਂ ਹੈ;

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ
ਖੰਨਾ ਸ਼ਹਿਰ ਪਿਆਰਾ, ਸਿਖਰ ਚੁਬਾਰਾ
ਦੱਦਾ...ਵਾਵਾ...ਵਾਵੇ ਸਿਹਾਰੀ
ਉੱਤੇ ਟਿੱਪੀ, ਦੱਦਾਂ ਰਾ ਰਾ ਨਾਮ ਪਿਆਰਾ
(ਦਵਿੰਦਰ)
ਮਸਾਂ ਚੇਤੇ ਆਇਆ ਨਾਂ
ਨੀਂ ਮੈਂ ਵੇਖਾਂ ਤਾਂਹ ਠਾਂਹ
ਰੱਸਾ ਕਿੱਲੇ ਤੋਂ ਤੁੜਾ ਗਈ ਜਦੋਂ ਗਾਂ
ਚੰਨਾ ਮੈਂ ਤੇਰਾ ਨਾਂ ਭੁੱਲ ਗਈ
ਭੁੱਲ ਗਈ ਸ਼ਰਮ ਦੀ ਮਾਰੀ ਚੰਨਾ ਮੈਂ...

ਦਵਿੰਦਰ ਖੰਨੇਵਾਲਾ ਆਪਣੀ ਕਾਮਯਾਬੀ ਦਾ ਸਿਹਰਾ ਗੁਰਦਾਸ ਮਾਨ ਨੂੰ ਹੀ ਦਿੰਦਾ ਹੈ। ਉਸ ਦੀ ਸੰਗੀਤਕਾਰ ਚਰਨਜੀਤ ਆਹੂਜਾ ਨਾਲ ਮੁਲਾਕਾਤ ਵੀ ਗੁਰਦਾਸ ਮਾਨ ਨੇ ਹੀ ਕਰਵਾਈ ਸੀ। ਦਵਿੰਦਰ ਖੰਨੇ ਵਾਲੇ ਦੀ ਕਲਮ ਤੋਂ ਨਿਕਲੇ ਗੀਤ ਅੱਜ ਵੀ ਵਿਆਹਾਂ 'ਤੇ ਡੀਜੇ ਉੱਤੇ ਲੋਕਾਂ ਨੂੰ ਨੱਚਣ ਲਈ ਮਜਬੂਰ ਕਰ ਦਿੰਦੇ ਹਨ, ਜੋ ਸਦਾ ਬਹਾਰ ਹਨ, ਜਿਵੇਂ;



ਨੱਚਣ ਤੋਂ ਪਹਿਲਾਂ ਹੋਕਾ ਦਿਆਂਗੇ
ਸਭਨਾਂ ਨੂੰ ਇੱਕ ਮੌਕਾ ਦਿਆਂਗੇ
ਇੱਕ ਸੌ ਇੱਕੀ ਰੁਮਾਲ
ਉਹਨੂੰ ਦਿਲ ਵੀ ਦਿਆਂਗੇ
ਨੱਚੀ ਜੋ ਸਾਡੇ ਨਾਲ ਉਹਨੂੰ ਦਿਲ ਵੀ ਦਿਆਂਗੇ

ਉਸ ਦੀ ਕਲਮ ਤੋਂ ਉੱਕਰੇ ਗੀਤਾਂ ਵਿੱਚ ਸ਼ਾਮਲ ਕੁਝ ਗੀਤ ਹਨ;

* ਹੁਸਨਾਂ ਦੇ ਮਾਲਕੋ ਸਤਾਇਆ ਨਾ ਕਰੋ
ਹਰ ਗੱਲ ਦਿਲ ਉੱਤੇ ਲਾਇਆ ਨਾ ਕਰੋ
* ਕਦੇ ਸਾਡੇ ਵੀ ਬਨੇਰੇ ਉੱਤੇ ਬੋਲ ਵੇ
ਨਿੱਤ ਬੋਲਦੈਂ ਗੁਆਂਢੀਆਂ ਦੇ ਕਾਵਾਂ
ਦੱਸ ਕਿਹੜੇ ਦਿਨ ਆਵੇਗਾ ਸਾਡਾ ਢੋਲ ਵੇ
ਤੈਨੂੰ ਕੁੱਟ ਕੁੱਟ ਚੂਰੀਆਂ ਮੈਂ ਪਾਵਾਂ
*ਕੁੜੀਏ ਨੀਂ ਸੱਗੀ ਫੁੱਲ ਵਾਲੀਏ
ਕੈਂਠੇ ਵਾਲਾ ਪੁੱਛੇ ਤੇਰਾ ਨਾਂ

ਇਸ ਤਰ੍ਹਾਂ ਦਵਿੰਦਰ ਖੰਨੇ ਵਾਲੇ ਦੀ ਕਲਮ ਤੋਂ ਉਪਜੇ ਸੈਂਕੜੇ ਗੀਤ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਗੁਣ ਗੁਣਾਉਂਦੇ ਮਿਲਣਗੇ।

(ਬਾਕੀ ਸਫ਼ਾ 27 'ਤੇ)

# ਇਮਤਿਆਜ਼ ਅਲੀ ਤੇ ਦਿਲਜੀਤ ਨੇ ਮੁੜ ਛੇੜੀ ਸਿਨੇਮਾ ਤੇ ਸੁਰਾਂ ਦੀ ਗੱਲ



ਬੌਲੀਵੁੱਡ ਦਾ ਉੱਘਾ ਨਿਰਦੇਸ਼ਕ ਇਮਤਿਆਜ਼ ਅਲੀ ਇੱਕ ਵਾਰ ਫਿਰ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨਾਲ ਆਪਣੀ ਫਿਲਮ ਲੈ ਕੇ ਆ ਰਿਹਾ ਹੈ। ਨਵੀਂ ਫਿਲਮ ਵਿੱਚ ਦਿਲਜੀਤ ਦੋਸਾਂਝ ਤੋਂ ਇਲਾਵਾ ਨਸੀਰੂਦੀਨ ਸ਼ਾਹ, ਸ਼ਰਵਰੀ ਵਾਘ ਅਤੇ ਵੇਦਾਂਗ ਰੈਨਾ ਵਰਗੇ ਸ਼ਾਨਦਾਰ ਕਲਾਕਾਰ ਅਹਿਮ ਭੂਮਿਕਾਵਾਂ ਵਿੱਚ ਹਨ। ਫਿਲਮ ਦੀ ਸ਼ੂਟਿੰਗ ਮੁੰਬਈ ਤੋਂ ਇਲਾਵਾ ਪੰਜਾਬ ਵਿੱਚ ਵੀ ਕੀਤੀ ਗਈ। ਰਿਪੋਰਟਾਂ ਅਨੁਸਾਰ ਇਹ ਫਿਲਮ 12 ਜੂਨ ਨੂੰ ਰਿਲੀਜ਼ ਹੋਵੇਗੀ। ਇਸ ਤੋਂ ਪਹਿਲਾਂ 2024 ਵਿੱਚ ਇਤਿਆਜ਼ ਅਲੀ ਦੇ ਨਿਰਦੇਸ਼ਨ ਵਿੱਚ ਦਿਲਜੀਤ ਦੋਸਾਂਝ ਸੁਪਰਹਿੱਟ ਫਿਲਮ 'ਅਮਰ ਸਿੰਘ ਚਮਕੀਲਾ' ਕਰ ਚੁੱਕਿਆ ਹੈ। ਇਸ ਫਿਲਮ ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਸੀ। ਇਹ ਫਿਲਮ ਨੈੱਟਫਲਿਕਸ 'ਤੇ ਸਟ੍ਰੀਮ ਕੀਤੀ ਗਈ ਸੀ।

ਫਿਲਮ ਵਪਾਰ ਵਿਸ਼ਲੇਸ਼ਕ ਤਰਨ ਆਦਰਸ਼ ਨੇ ਸੋਸ਼ਲ ਮੀਡੀਆ 'ਤੇ ਇਮਤਿਆਜ਼ ਅਲੀ ਦੀ ਇੱਕ ਫੋਟੋ ਸਾਂਝੀ ਕੀਤੀ ਹੈ, ਜਿਸ ਵਿੱਚ ਇਸ ਪ੍ਰਾਜੈਕਟ ਦਾ ਖੁਲਾਸਾ ਕੀਤਾ ਗਿਆ ਹੈ। ਫਿਲਮ ਦਾ ਨਾਂਅ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ, ਪਰ ਇਹ ਪੁਸ਼ਟੀ ਕੀਤੀ ਗਈ ਹੈ ਕਿ ਇਹ ਖੁਦ ਇਮਤਿਆਜ਼ ਅਲੀ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਰਿਪੋਰਟਾਂ ਅਨੁਸਾਰ ਇਹ ਫਿਲਮ ਇੱਕ ਪ੍ਰੇਮ ਕਹਾਣੀ 'ਤੇ ਆਧਾਰਿਤ ਹੋਵੇਗੀ, ਜਿਸ ਵਿੱਚ ਕਾਮੇਡੀ ਵੀ ਦੇਖਣ ਨੂੰ ਮਿਲੇਗੀ। ਫਿਲਮ ਪੂਰੀ ਹੋ ਚੁੱਕੀ ਹੈ ਅਤੇ ਇਸ ਸਮੇਂ ਪੋਸਟ-ਪ੍ਰੋਡਕਸ਼ਨ ਵਿੱਚ ਹੈ। ਇਮਤਿਆਜ਼ ਦੀਆਂ ਫਿਲਮਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਨ੍ਹਾਂ ਦਾ ਸੰਗੀਤ ਹੈ ਅਤੇ ਇਸ ਵਾਰ ਵੀ ਕੁਝ ਅਜਿਹਾ ਹੀ ਹੋਣ ਦੀ ਉਮੀਦ ਹੈ। ਇਸ ਫਿਲਮ ਲਈ ਏ.ਆਰ.ਰਹਿਮਾਨ, ਇਰਸ਼ਾਦ ਕਾਮਿਲ ਅਤੇ ਇਮਤਿਆਜ਼ ਅਲੀ ਦੀ ਰਚਨਾਤਮਕ ਟੀਮ ਮੁੜ ਇਕੱਠੀ ਹੋਈ ਹੈ ਜਿਨ੍ਹਾਂ ਨੇ ਹਿੰਦੀ ਸਿਨੇਮਾ ਲਈ ਯਾਦਗਾਰੀ ਸੰਗੀਤ ਦੀ ਸਿਰਜਣਾ ਕੀਤੀ ਹੈ।

ਇਮਤਿਆਜ਼ ਅਲੀ ਅਤੇ ਦਿਲਜੀਤ ਦੋਸਾਂਝ ਭਾਰਤੀ ਫਿਲਮ ਜਗਤ ਦੇ ਦੋ ਵਿਲੱਖਣ ਨਾਮ ਹਨ, ਜਿਨ੍ਹਾਂ ਨੇ ਆਪਣੀ-ਆਪਣੀ ਕਲਾ ਨਾਲ ਦਰਸ਼ਕਾਂ ਦੇ ਦਿਲ ਜਿੱਤੇ ਹਨ। ਇਮਤਿਆਜ਼ ਅਲੀ ਨੂੰ ਆਪਣੀਆਂ ਸੰਵੇਦਨਸ਼ੀਲ ਅਤੇ ਅੰਦਰੂਨੀ ਜਜ਼ਬਾਤਾਂ ਨੂੰ ਛੂਹਣ ਵਾਲੀਆਂ ਫਿਲਮਾਂ ਲਈ ਜਾਣਿਆ ਜਾਂਦਾ ਹੈ,

(ਬਾਕੀ ਸਫ਼ਾ 27 'ਤੇ)

## ਅੰਮ੍ਰਿਤਸਰ ਹਵਾਈ ਅੱਡੇ ’ਤੇ ਯਾਤਰੀਆਂ ਦੀ ਆਮਦ

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਹਵਾਈ ਅੱਡੇ ਪ੍ਰਤੀ ਪੰਜਾਬ ਸਰਕਾਰ ਦੇ ਰਵੱਈਏ ’ਤੇ ਨਿਰਾਸ਼ਾ ਜਤਾਉਂਦਿਆਂ ਇਸ ਨੂੰ ਮਤਰੇਈ ਮਾਂ ਵਾਲਾ ਸਲੂਕ ਕਰਾਰ ਦਿੱਤਾ। ਗੁਮਟਾਲਾ ਨੇ ਕਿਹਾ ਕਿ ਜਿੱਥੇ ਸਰਕਾਰ ਦਿੱਲੀ ਹਵਾਈ ਅੱਡੇ ਲਈ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਬੱਸਾਂ ਚਲਾ ਰਹੀ ਹੈ, ਉੱਥੇ ਅੰਮ੍ਰਿਤਸਰ ਦੇ ਆਪਣੇ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਜਨਤਕ ਆਵਾਜਾਈ ਦੇ ਪ੍ਰਬੰਧਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।

ਉਨ੍ਹਾਂ ਮੰਗ ਕੀਤੀ ਕਿ ਜੇਕਰ ਸਰਕਾਰ ਪੰਜਾਬ ਦੀ ਆਰਥਿਕਤਾ ਅਤੇ ਸੈਰ-ਸਪਾਟੇ ਨੂੰ ਹੁਲਾਰਾ ਦੇਣਾ ਚਾਹੁੰਦੀ ਹੈ, ਤਾਂ ਅੰਮ੍ਰਿਤਸਰ ਹਵਾਈ ਅੱਡੇ ਨੂੰ ਬੁਨਿਆਦੀ ਢਾਂਚੇ ਅਤੇ ਟ੍ਰਾਂਸਪੋਰਟ ਰਾਹੀਂ ਸਹਿਯੋਗ ਦੇਣਾ ਲਾਜ਼ਮੀ ਹੈ। ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਅੰਮ੍ਰਿਤਸਰ ਹਵਾਈ ਅੱਡਾ ਅਜੇ ਵੀ ਦੁਬਈ, ਸ਼ਾਰਜਾਹ, ਦੋਹਾ, ਬਰਮਿੰਘਮ, ਲੰਡਨ, ਸਿੰਗਾਪੁਰ, ਕੁਆਲਾਲੰਪੁਰ ਅਤੇ ਬੈਂਕਾਕ ਸਮੇਤ ਕਈ ਅੰਤਰਰਾਸ਼ਟਰੀ ਅਤੇ ਦਿੱਲੀ, ਮੁੰਬਈ, ਬੈਂਗਲੁਰੂ ਵਰਗੇ ਪ੍ਰਮੁੱਖ ਘਰੇਲੂ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ।

***

## ਕੈਨੇਡਾ ਇਮੀਗ੍ਰੇਸ਼ਨ ਪ੍ਰਣਾਲੀ ’ਚ ਹੋਈਆਂ

ਸਰਕਾਰ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਵਿਦੇਸ਼ੀ ਫ਼ੌਜੀਆਂ ਨੂੰ ਵੀ ਉਸੇ ਸਖ਼ਤ ਸੁਰੱਖਿਆ ਜਾਂਚ ਅਤੇ ਫ਼ੌਜੀ ਮਾਪਦੰਡਾਂ ਵਿੱਚੋਂ ਲੰਘਣਾ ਪਵੇਗਾ ਜੋ ਕੈਨੇਡੀਅਨ ਨਾਗਰਿਕਾਂ ਲਈ ਲਾਜ਼ਮੀ ਹਨ।

ਹਾਲਾਂ ਕਿ ਇਨ੍ਹਾਂ ਨਵੀਆਂ ਕੈਟੇਗਰੀਆਂ ਨਾਲ ਕਈ ਵਿਦੇਸ਼ੀ ਨਾਗਰਿਕਾਂ ਨੂੰ ਫ਼ਾਇਦਾ ਹੋਵੇਗਾ, ਪਰ ਕੁਝ ਕਿੱਤਿਆਂ ਨੂੰ ਇਸ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ ਹੈ। ਖਾਸ ਕਰਕੇ ਕੁੱਕ, ਖੇਤੀਬਾੜੀ ਕਾਮੇ ਅਤੇ ਡਰਾਈਵਰ ਵਰਗੇ ਕਿੱਤੇ ਐਕਸਪ੍ਰੈੱਸ ਐਂਟਰੀ ਵਿੱਚ ਨਹੀਂ ਰੱਖੇ ਗਏ ਹਨ। ਬੀਤੇ ਸਮੇਂ ਵਿੱਚ ਇਨ੍ਹਾਂ ਕਿੱਤਿਆਂ ਵਿੱਚ ਪ੍ਰਮੁੱਖਤਾ ਨਾਲ ਭਾਰਤੀ ਨਾਗਰਿਕਾਂ, ਖਾਸ ਕਰਕੇ ਪੰਜਾਬੀਆਂ ਨੇ ਵਰਕ ਪਰਮਿਟ ਲੈ ਕੇ ਪੱਕੇ ਹੋਣ ਦੀ ਕੋਸ਼ਿਸ਼ ਕੀਤੀ ਹੈ। ਪਰ ਇਸ ਦੌਰਾਨ ਏਜੰਟਾਂ ਅਤੇ ਕਾਰੋਬਾਰੀਆਂ ਵੱਲੋਂ ਮਿਲੀਭੁਗਤ ਨਾਲ ਜੌਬ ਲੈਟਰ ਵੇਚਣ ਵਰਗੀਆਂ ਸ਼ਿਕਾਇਤਾਂ ਸਰਕਾਰ ਤੱਕ ਪਹੁੰਚੀਆਂ ਹਨ, ਜਿਸ ਕਾਰਨ ਇਨ੍ਹਾਂ ਕਿੱਤਿਆਂ ਨੂੰ ਬਾਹਰ ਰੱਖਿਆ ਗਿਆ ਹੈ।

ਜੇਕਰ ਪੰਜਾਬੀ ਨੌਜਵਾਨਾਂ ਕੋਲ ਸੀਨੀਅਰ ਮੈਨੇਜਮੈਂਟ, ਸਿਹਤ, ਸਿੱਖਿਆ ਜਾਂ ਤਕਨੀਕੀ ਖੇਤਰਾਂ ਵਿੱਚ ਤਜਰਬਾ ਹੈ, ਤਾਂ ਉਨ੍ਹਾਂ ਨੂੰ ਵੱਡਾ ਫ਼ਾਇਦਾ ਮਿਲ ਸਕਦਾ ਹੈ। ਖਾਸ ਕਰਕੇ ਫ਼ੌਜੀ ਬੈਕਗ੍ਰਾਊਂਡ ਵਾਲੇ ਪੰਜਾਬੀਆਂ ਲਈ ਇਹ ਨਵਾਂ ਰਸਤਾ ਇੱਕ ਵੱਡੀ ਮੌਕਾ ਹੋ ਸਕਦਾ ਹੈ, ਕਿਉਂਕਿ ਭਾਰਤੀ ਫ਼ੌਜ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਜਵਾਨ ਸੇਵਾ ਨਿਭਾਉਂਦੇ ਹਨ। ਪਰ ਇਸ ਲਈ ਉਨ੍ਹਾਂ ਨੂੰ ਕੈਨੇਡੀਅਨ ਫ਼ੌਜ ਵੱਲੋਂ ਜੌਬ ਆਫ਼ਰ ਅਤੇ ਹੋਰ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ।

**ਕੈਨੇਡਾ ਕਿੰਨੇ ਪੰਜਾਬੀ ਕਰ ਰਿਹਾ ਡਿਪੋਰਟ**

ਇਸ ਨਾਲ ਜੁੜਿਆ ਇੱਕ ਹੋਰ ਮਹੱਤਵਪੂਰਨ ਪਹਿਲੂ ਹੈ ਭਾਰਤੀ ਨਾਗਰਿਕਾਂ ਦੀ ਡਿਪੋਰਟੇਸ਼ਨ। ਕੈਨੇਡਾ ਨੇ ਬੀਤੇ ਸਾਲ 2025 ਵਿੱਚ ਪਹਿਲੇ ਦਸ ਮਹੀਨਿਆਂ ਵਿੱਚ 2,800 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੇ ਅੰਕੜਿਆਂ ਅਨੁਸਾਰ, ਪਿਛਲੇ ਸਾਲ ਕੁੱਲ 18,785 ਵਿਦੇਸ਼ੀ ਨਾਗਰਿਕਾਂ ਨੂੰ ਕੱਢਿਆ ਗਿਆ ਸੀ, ਜਿਨ੍ਹਾਂ ਵਿੱਚ ਭਾਰਤੀਆਂ ਦੀ ਗਿਣਤੀ ਦੂਜੇ ਨੰਬਰ ’ਤੇ ਹੈ। ਹੁਣ ਵੀ 30 ਹਜ਼ਾਰ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਨਿਕਾਲੇ ਜਾਣ ਦੀ ਪ੍ਰਕਿਰਿਆ ਚੱਲ ਰਹੀ ਹੈ, ਜਿਨ੍ਹਾਂ ਵਿੱਚੋਂ 6,500 ਤੋਂ ਵੱਧ ਭਾਰਤੀ ਹਨ। ਸਰਕਾਰ ਅਨੁਸਾਰ, ਡਿਪੋਰਟ ਕੀਤੇ ਗਏ ਲੋਕਾਂ ਵਿੱਚ ਕਈ ਅਪਰਾਧਿਕ ਮਾਮਲੇ ਵਾਲੇ ਸਨ, ਪਰ ਜ਼ਿਆਦਾਤਰ ਉਹ ਸਨ ਜਿਨ੍ਹਾਂ ਨੇ ਰੈਫ਼ਿਊਜੀ ਕਲੇਮ ਨਾਲ ਸੰਬੰਧਿਤ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਸੀ। ਕੈਨੇਡਾ ਵਿੱਚ ਡਿਪੋਰਟੇਸ਼ਨ ਲਈ ਤਿੰਨ ਤਰ੍ਹਾਂ ਦੇ ਆਰਡਰ ਵਰਤੇ ਜਾਂਦੇ ਹਨ: ਡਿਪਾਰਚਰ ਆਰਡਰ (30 ਦਿਨਾਂ ਵਿੱਚ ਖੁਦ ਛੱਡਣਾ), ਐਕਸਕਲੂਜ਼ਨ ਆਰਡਰ (ਇੱਕ ਸਾਲ ਲਈ ਪਾਬੰਦੀ) ਅਤੇ ਡਿਪੋਰਟੇਸ਼ਨ ਆਰਡਰ (ਤੁਰੰਤ ਵਾਪਸੀ ਅਤੇ ਪੱਕਾ ਬੈਨ)। ਇਹ ਕਾਰਵਾਈ ਕੈਨੇਡਾ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਦਰਸਾਉਂਦੀ ਹੈ। ਬਹੁਤੇ ਭਾਰਤੀ, ਖਾਸ ਕਰਕੇ ਪੰਜਾਬੀ, ਏਜੰਟਾਂ ਦੇ ਝਾਂਸੇ ਵਿੱਚ ਆ ਕੇ ਗ਼ੈਰ-ਕਾਨੂੰਨੀ ਤਰੀਕੇ ਅਪਣਾਉਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਡਿਪੋਰਟੇਸ਼ਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਪੰਜਾਬੀਆਂ ਨੂੰ ਸਿਰਫ਼ ਕਾਨੂੰਨੀ ਰਸਤੇ ਅਪਣਾਉਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਨੂੰ ਫ਼ਾਇਦਾ ਹੋ ਸਕੇ ਨਾ ਕਿ ਨੁਕਸਾਨ।

***

## ਰੁੱਤ ਸਿਆਸੀ ਰੈਲੀਆਂ ਅਤੇ ਚੋਣ ਵਾਅਦਿਆਂ

ਇਸ ਤੋਂ ਪਹਿਲਾਂ ਦੀਆਂ ਚੋਣਾਂ ਦੌਰਾਨ ਵੀ ਆਮ ਲੋਕਾਂ ਵਿੱਚ ਕਿਸੇ ਨਾ ਕਿਸੇ ਸਿਆਸੀ ਪਾਰਟੀ ਪ੍ਰਤੀ ਰੁਝਾਨ ਪੈਦਾ ਹੋ ਜਾਂਦਾ ਹੈ, ਜਿਸ ਨੂੰ ਹਵਾ ਜਾਂ ਹਨੇਰੀ ਬਣਨਾ ਕਹਿੰਦੇ ਹਨ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਅਗਲੀਆਂ ਚੋਣਾਂ ਵਿੱਚ ਕਿਸ ਪਾਰਟੀ ਦੀ ਜਿੱਤ ਹੋਵੇਗੀ ਪਰ ਇਸ ਵਾਰ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ ਇੱਕ ਸਾਲ ਦਾ ਸਮਾਂ ਰਹਿ ਗਿਆ ਹੈ ਅਤੇ ਸਿਆਸੀ ਸਰਗਰਮੀਆਂ ਵੀ ਸ਼ੁਰੂ ਹੋ ਗਈਆਂ ਹਨ ਪਰ ਪੰਜਾਬ ਵਿੱਚ ਅਜੇ ਤੱਕ ਕਿਸੇ ਵੀ ਸਿਆਸੀ ਪਾਰਟੀ ਦੇ ਪੱਖ ਵਿੱਚ ਕੋਈ ਹਵਾ ਨਹੀਂ ਬਣੀ ਤੇ ਨਾ ਹੀ ਪੰਜਾਬੀਆਂ ਨੇ ਕਿਸੇ ਵੀ ਸਿਆਸੀ ਪਾਰਟੀ ਨੂੰ ਹੁੰਗਾਰਾ ਭਰਨਾ ਸ਼ੁਰੂ ਕੀਤਾ ਹੈ। ਸਿਆਸੀ ਪਾਰਟੀਆਂ ਦੀਆਂ ਰੈਲੀਆਂ ਵਿੱਚ ਵੀ ਆਮ ਲੋਕਾਂ ਦੀ ਥਾਂ ਪਾਰਟੀ ਵਰਕਰ ਹੀ ਵਧੇਰੇ ਸ਼ਾਮਲ ਹੁੰਦੇ ਹਨ, ਜਿਸ ਕਾਰਨ ਪੰਜਾਬ ਦੇ ਲੋਕਾਂ ਵੱਲੋਂ ਹੁਣ ਕਿਸ ਸਿਆਸੀ ਪਾਰਟੀ ਦਾ ਸਮਰਥਨ ਕੀਤਾ ਜਾਵੇਗਾ, ਬਾਰੇ ਕਹਿਣਾ ਮੁਸ਼ਕਿਲ ਹੋ ਗਿਆ ਹੈ।

ਇਸ ਸਮੇਂ ਪੰਜਾਬੀ ਸਭ ਸਿਆਸੀ ਧਿਰਾਂ ਦੇ ਆਗੂਆਂ ਦੀ ਗੱਲ ਸੁਣ ਰਹੇ ਹਨ ਪਰ ਆਪਣੀ ਚੁੱਪ ਵੀ ਲਗਾਤਾਰ ਬਣਾਈ ਹੋਈ ਹੈ। ਪੰਜਾਬੀਆਂ ਬਾਰੇ ਵਿਦਵਾਨ ਕਹਿੰਦੇ ਹਨ ਕਿ ਪੰਜਾਬੀ ਤਾਂ ਬੱਸ ਫੈਸਲਾ ਹੀ ਸੁਣਾਉਂਦੇ ਹਨ। ਇਸੇ ਕਰਕੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵਿੱਚ ਪੰਜਾਬੀਆਂ ਦਾ ਫੈਸਲਾ ਸੁਣਨ ਲਈ ਕਾਹਲੀ ਅਤੇ ਬੇਚੈਨੀ ਪਾਈ ਜਾ ਰਹੀ ਹੈ। ਪੰਜਾਬੀਆਂ ਨੇ ਨਵੀਂ ਸਰਕਾਰ ਸਬੰਧੀ ਆਪਣਾ ਫੈਸਲਾ ਅਗਲੀਆਂ ਚੋਣਾਂ ਵਿੱਚ ਸੁਣਾਉਣਾ ਹੈ, ਜਿਸ ਵਿੱਚ ਅਜੇ ਇੱਕ ਸਾਲ ਦਾ ਸਮਾਂ ਪਿਆ ਹੈ। ਇਸੇ ਕਾਰਨ ਵੱਡੀ ਗਿਣਤੀ ਪੰਜਾਬੀ ਚੁੱਪ ਰਹਿਣ ਅਤੇ ਸਿਆਸੀ ਗੱਲਾਂ ਤੋਂ ਗੁਰੇਜ਼ ਕਰਨ ਵਿੱਚ ਹੀ ਭਲਾਈ ਸਮਝ ਰਹੇ ਹਨ।

ਪੰਜਾਬ ਦੇ ਵੱਖ- ਵੱਖ ਵਰਗਾਂ ਦੇ ਲੋਕਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਜਿੱਥੇ ਪੰਜਾਬ ਦੇ ਲੋਕ ਰਵਾਇਤੀ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਤੋਂ ਅੱਕ ਚੁੱਕੇ ਹਨ ਉਥੇ ਉਹ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਤੋਂ ਵੀ ਸੰਤੁਸ਼ਟ ਨਹੀਂ। ਇਸ ਦੇ ਨਾਲ ਹੀ ਇਹ ਵੀ ਅਸਲੀਅਤ ਹੈ ਕਿ ਪੰਜਾਬੀਆਂ ਨੂੰ ਅਜੇ ਅਜਿਹੀ ਕੋਈ ਹੋਰ ਸਿਆਸੀ ਪਾਰਟੀ ਦਿਖਾਈ ਨਹੀਂ ਦੇ ਰਹੀ ਜੋ ਕਿ ਪੰਜਾਬੀਆਂ ਦੀ ਬਾਂਹ ਫੜ ਸਕੇ ਅਤੇ ਪੰਜਾਬੀ ਉਸ ਉਪਰ ਵਿਸ਼ਵਾਸ ਕਰਕੇ ਉਸ ਪਾਰਟੀ ਨੂੰ ਪੰਜਾਬ ਦੀ ਵਾਗ ਡੋਰ ਸੌਂਪ ਸਕਣ। ਸਿੱਖ ਹਲਕਿਆਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖ ਮੁੱਦਿਆਂ ਤੋਂ ਬਣਾਈ ਦੂਰੀ ਕਾਰਨ ਆਮ ਸਿੱਖ ਇਸ ਪਾਰਟੀ ਤੋਂ ਦੂਰ ਹੁੰਦੇ ਜਾ ਰਹੇ ਹਨ, ਜਿਸ ਦਾ ਨੁਕਸਾਨ ਪਾਰਟੀ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਹੋ ਸਕਦਾ ਹੈ। ਭਾਵੇਂ ਕਿ ਆਮ ਆਦਮੀ ਪਾਰਟੀ ਨੇ ਗੈਰ ਸਿੱਖਾਂ ਅਤੇ ਦਲਿਤਾਂ ਦੀਆਂ ਵੋਟਾਂ ਲੈਣ ਲਈ ਇਹਨਾਂ ਉਪਰ ਡੋਰੇ ਪਾਉਣੇ ਆਰੰਭ ਕਰ ਦਿੱਤੇ ਹਨ ਪਰ ਇਹ ਭਾਈਚਾਰੇ ਵੀ ਸੋਚਦੇ ਹਨ ਕਿ ਜਦੋਂ ਇਹ ਪਾਰਟੀ ਸਿੱਖਾਂ ਨਾਲ ਵਾਅਦੇ ਕਰਕੇ ਮੁੱਕਰ ਚੁੱਕੀ ਹੈ ਤਾਂ ਇਹ ਉਹਨਾਂ ਦੀ ਸਕੀ ਕਿਵੇਂ ਬਣ ਸਕੇਗੀ? ਇਹੋ ਕਾਰਨ ਹੈ ਕਿ ਆਮ ਆਦਮੀ ਪਾਰਟੀ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਵਰਗਾ ਹੁੰਗਾਰਾ ਨਹੀਂ ਮਿਲ ਰਿਹਾ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਵੱਲੋਂ ਜ਼ਿਮਨੀ ਚੋਣਾਂ ਦੌਰਾਨ ਨਵੇਂ ਆਗੂਆਂ ਨੂੰ ਟਿਕਟਾਂ ਦੇਣ ਦੀ ਥਾਂ ਦੂਜੀਆਂ ਪਾਰਟੀਆਂ ਵਿਚੋਂ ‘ਆਪ’ ਵਿੱਚ ਸ਼ਾਮਲ ਹੋਏ ਆਗੂਆਂ ਨੂੰ ਟਿਕਟਾਂ ਦੇਣ ਕਾਰਨ ਵੀ ਲੋਕ ਨਿਰਾਸ਼ ਦੱਸੇ ਜਾਂਦੇ ਹਨ। ਵੱਡੀ ਗਿਣਤੀ ਲੋਕਾਂ ਦਾ ਕਹਿਣਾ ਹੈ ਕਿ ਜੇ ਦੂਜੀਆਂ ਪਾਰਟੀਆਂ ਵਿਚੋਂ ਆਏ ਪੁਰਾਣੇ ਨੇਤਾਵਾਂ ਨੂੰ ਹੀ ਪਾਰਟੀ ਟਿਕਟਾਂ ਦੇਣੀਆਂ ਹਨ ਜਾਂ ਚੰਗੇ ਅਹੁਦੇ ਦੇਣੇ ਹਨ ਤਾਂ ਇਸ ਪਾਰਟੀ ਵਿੱਚ ਹੋਰਨਾਂ ਸਿਆਸੀ ਪਾਰਟੀਆਂ ਨਾਲੋਂ ਨਵਾਂਪਣ ਅਤੇ ਵਖਰੇਵਾਂ ਕੀ ਹੋਇਆ?

ਪੰਜਾਬ ਦੇ ਲੋਕ ਕ੍ਰਾਂਤੀਕਾਰੀ ਮੰਨੇ ਜਾਂਦੇ ਹਨ। ਉਹ ਹਮੇਸ਼ਾ ਨਵੀਂ ਚੀਜ਼ ਨੂੰ ਛੇਤੀ ਅਪਨਾਅ ਲੈਂਦੇ ਹਨ। ਇਸੇ ਕਾਰਨ ਆਮ ਆਦਮੀ ਪਾਰਟੀ ਨੂੰ ਪੂਰੇ ਦੇਸ਼ ਵਿੱਚ ਸਭ ਤੋਂ ਪਹਿਲਾਂ ਹੁੰਗਾਰਾ ਪੰਜਾਬੀਆਂ ਨੇ ਹੀ ਭਰਿਆ ਸੀ ਪਰ ਸਿਆਸੀ ਮਾਹਿਰ ਕਹਿੰਦੇ ਹਨ ਕਿ ਇਹ ਪਾਰਟੀ ਪੰਜਾਬੀਆਂ ਉੱਪਰ ਗਹਿਰੀ ਛਾਪ ਛੱਡਣ ਵਿੱਚ ਕਾਮਯਾਬ ਨਹੀਂ ਹੋਈ। ਪੰਜਾਬ ਦੇ ਲੋਕ ਇਸ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਨੂੰ ਧਿਆਨ ਨਾਲ ਪਰਖ ਰਹੇ ਹਨ ਅਤੇ ਚੋਣਾਂ ਦੌਰਾਨ ਉਹ ਆਪਣਾ ਫੈਸਲਾ ਸੁਣਾਉਣ ਲੱਗੇ ਵੀ ਦੇਰ ਨਹੀਂ ਕਰਨਗੇ।

***

## ਅਮਰੀਕਾ-ਭਾਰਤ ਵਿਚਾਲੇ ਹੋਣ ਵਾਲੀ ਵਪਾਰ

ਜਿਸ ਕਾਰਨ ਪੁਰਾਣੀ ਡੀਲ ਦੇ ਨਿਯਮਾਂ ’ਤੇ ਮੁੜ ਵਿਚਾਰ ਕਰਨਾ ਲਾਜ਼ਮੀ ਹੋ ਗਿਆ ਹੈ। ਟੈਰਿਫ ਦਰਾਂ ਵਿੱਚ ਆਏ ਇਸ ਫਰਕ ਨੂੰ ਦੇਖਦੇ ਹੋਏ ਦੋਵਾਂ ਦੇਸ਼ਾਂ ਨੇ ਫੈਸਲਾ ਕੀਤਾ ਹੈ ਕਿ ਪਹਿਲਾਂ ਇਨ੍ਹਾਂ ਨਵੇਂ ਬਦਲਾਅ ਦੀ ਡੂੰਘਾਈ ਨਾਲ ਸਮੀਖਿਆ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਹੀ ਬੈਠਕ ਦੀ ਨਵੀਂ ਤਾਰੀਖ ਤੈਅ ਕੀਤੀ ਜਾਵੇਗੀ। ਮਾਹਿਰਾਂ ਦਾ ਮੰਨਣਾ ਹੈ ਕਿ ਬੈਠਕ ਟਲਣ ਕਾਰਨ ਹੁਣ ਇਸ ਵਪਾਰ ਸਮਝੌਤੇ ਦੇ ਸਿਰੇ ਚੜ੍ਹਨ ਵਿੱਚ ਹੋਰ ਸਮਾਂ ਲੱਗ ਸਕਦਾ ਹੈ ਕਿਉਂਕਿ ਹੁਣ ਦੋਵੇਂ ਪਾਸੇ ਨਵੀਆਂ ਦਰਾਂ ਦੇ ਹਿਸਾਬ ਨਾਲ ਗੱਲਬਾਤ ਨੂੰ ਅੱਗੇ ਵਧਾਉਣਗੇ।

****

## ਸਾਵਧਾਨ ਪੰਜਾਬੀਓ ! ਤੁਹਾਡੀ ਪਸੰਦੀਦਾ ਮਹਿੰਗੀ

ਮਾਰਚ 2024, ਸੰਗਰੂਰ: ਇੱਥੇ ਨਕਲੀ ਸ਼ਰਾਬ ਨਾਲ 20 ਤੋਂ 24 ਲੋਕਾਂ ਦੀ ਮੌਤ ਹੋਈ ਸੀ। ਇਹ ਸੀਐੱਮ ਭਗਵੰਤ ਮਾਨ ਦੇ ਗ੍ਰਹਿ ਜ਼ਿਲ੍ਹੇ ਵਿੱਚ ਵਾਪਰੀ ਸੀ ਅਤੇ ਵੱਡਾ ਵਿਵਾਦ ਖੜ੍ਹਾ ਹੋਇਆ ਸੀ। ਮ੍ਰਿਤਕ ਜ਼ਿਆਦਾਤਰ ਮਜ਼ਦੂਰ ਵਰਗ ਨਾਲ ਸਬੰਧਤ ਸਨ ਅਤੇ ਮਿਥਾਨੌਲ ਵਾਲੀ ਸ਼ਰਾਬ ਉਨ੍ਹਾਂ ਲਈ ਜਾਨਲੇਵਾ ਸਿੱਧ ਹੋਈ।

ਮਈ 2025, ਅੰਮ੍ਰਿਤਸਰ (ਮਜੀਠਾ): ਇਹ ਪੰਜਾਬ ਦੀ ਸਭ ਤੋਂ ਵੱਡੀ ਘਟਨਾ ਸੀ ਜਿੱਥੇ 21 ਤੋਂ 23 ਲੋਕਾਂ ਦੀ ਮੌਤ ਹੋਈ ਅਤੇ 10 ਤੋਂ ਵੱਧ ਹਸਪਤਾਲ ਵਿੱਚ ਦਾਖਲ ਹੋਏ। ਮ੍ਰਿਤਕ ਬੰਗਾਲੀ, ਪਟਾਲਪੁਰੀ, ਮਰਾਰੀ ਕਲਾਂ ਅਤੇ ਥੇਰੇਵਾਲ ਪਿੰਡਾਂ ਨਾਲ ਸਬੰਧਤ ਸਨ। ਪੁਲਿਸ ਨੇ ਮਿਥਾਨੌਲ ਨੂੰ ਕਾਰਨ ਦੱਸਿਆ ਜੋ ਆਨਲਾਈਨ ਖਰੀਦਿਆ ਗਿਆ ਸੀ।

ਮਈ 2025, ਲੁਧਿਆਣਾ: ਸੰਨਿਆਸ ਨਗਰ ਵਿੱਚ ਤਿੰਨ ਲੋਕਾਂ ਦੀ ਮੌਤ ਹੋਈ ਜੋ ‘ਰਸਭਰੀ’ ਬ੍ਰਾਂਡ ਦੀ ਪੰਜਾਬੀ ਸ਼ਰਾਬ ਪੀ ਕੇ ਹੋਈ। ਇਹ ਘਟਨਾ ਨਕਲੀ ਬ੍ਰਾਂਡਿੰਗ ਨਾਲ ਜੁੜੀ ਸੀ।

ਹੋਰ ਘਟਨਾਵਾਂ: 2023 ਵਿੱਚ ਵੱਡੀ ਘਟਨਾ ਨਹੀਂ ਵਾਪਰੀ ਪਰ ਕੁਝ ਮੌਤਾਂ ਹੋਈਆਂ ਸਨ। 2026 ਦੇ ਸ਼ੁਰੂ ਵਿੱਚ ਫਰਵਰੀ ਤੱਕ ਕੋਈ ਵੱਡੀ ਘਟਨਾ ਨਹੀਂ ਰਿਪੋਰਟ ਹੋਈ ਪਰ ਗੈਰ-ਕਾਨੂੰਨੀ ਵਿਕਰੀ ਜਾਰੀ ਹੈ।

ਗ੍ਰਿਫ਼ਤਾਰੀਆਂ ਅਤੇ ਕਾਨੂੰਨੀ ਕਾਰਵਾਈ: ਨਾਕਾਫ਼ੀ ਕਦਮ

ਵੱਡੀਆਂ ਘਟਨਾਵਾਂ ਵਿੱਚ ਲਗਭਗ 30 ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ ਹਨ ਪਰ ਇਹ ਨਾਕਾਫ਼ੀ ਹਨ ਕਿਉਂਕਿ ਵੱਡੇ ਮਾਫੀਆ ਅਕਸਰ ਬਚ ਜਾਂਦੇ ਹਨ।

ਸੰਗਰੂਰ 2024: 8 ਗ੍ਰਿਫ਼ਤਾਰੀਆਂ ਹੋਈਆਂ ਅਤੇ ਚੋਣ ਕਮਿਸ਼ਨ ਨੇ ਰਿਪੋਰਟ ਮੰਗੀ।

ਅੰਮ੍ਰਿਤਸਰ 2025: 9 ਤੋਂ 10 ਗ੍ਰਿਫ਼ਤਾਰੀਆਂ ਜਿਨ੍ਹਾਂ ਵਿੱਚ ਕਿੰਗਪਿਨ ਸਾਹਿਬ ਸਿੰਘ ਸ਼ਾਮਲ ਸੀ। ਡੀਐੱਸਪੀ ਅਤੇ ਐੱਸਐੱਚਓ ਨੂੰ ਮੁਅੱਤਲ ਕੀਤਾ ਗਿਆ। ਪ੍ਰਭਜੀਤ ਸਿੰਘ, ਕੁਲਬੀਰ ਸਿੰਘ ਅਤੇ ਹੋਰ ਵੰਡਣ ਵਾਲੇ ਗ੍ਰਿਫ਼ਤਾਰ ਹੋਏ।

ਲੁਧਿਆਣਾ 2025: ਤਿੰਨ ਮੌਤਾਂ ਵਿੱਚ ਠੇਕੇ ਦੇ ਦੋ ਕਰਮਚਾਰੀ ਗ੍ਰਿਫ਼ਤਾਰ ਅਤੇ ਰੀਫਿਲਿੰਗ ਰੈਕੇਟ ਵਿੱਚ ਇੱਕ ਵਿਅਕਤੀ ਲਵਲੇਸ਼ ਵਰਮਾ ਗ੍ਰਿਫ਼ਤਾਰ।

ਹੋਰ: ਫਰਵਰੀ 2026 ਵਿੱਚ ਜਲੰਧਰ ਵਿੱਚ ਦੋ ਗ੍ਰਿਫ਼ਤਾਰ ਅਤੇ 62 ਲੀਟਰ ਨਕਲੀ ਸ਼ਰਾਬ ਜ਼ਬਤ।

ਪਰ ਇਹ ਗ੍ਰਿਫ਼ਤਾਰੀਆਂ ਅਸਲ ਮਾਫੀਆ ਨੂੰ ਨਹੀਂ ਛੂੰਹਦੀਆਂ। ਸੁਪਰੀਮ ਕੋਰਟ ਨੇ 2022 ਵਿੱਚ ਪੰਜਾਬ ਸਰਕਾਰ ਨੂੰ ਫਟਕਾਰ ਲਾਈ ਸੀ ਕਿ ਵੱਡੇ ਕਸੂਰਵਾਰ ਬਚ ਜਾਂਦੇ ਹਨ।

ਸਰਕਾਰ ਕਿਉਂ ਨਹੀਂ ਕਰ ਸਕੀ ਕੰਟਰੋਲ: ਨਾਕਾਮੀ ਦੇ ਕਾਰਨ

ਸਰਕਾਰ ਨੂੰ ਇਸ ਨੂੰ ਕੰਟਰੋਲ ਕਰਨ ਵਿੱਚ ਨਾਕਾਮੀ ਦੇ ਕਈ ਕਾਰਨ ਹਨ। ਪਹਿਲਾਂ, ਸਿਆਸੀ ਸਰਪ੍ਰਸਤੀ ਅਤੇ ਪੁਲਿਸ ਨਾਲ ਮਿਲੀਭੁਗਤ। ਮਾਫੀਆ ਨੂੰ ਸਿਆਸੀ ਲੀਡਰਾਂ ਦੀ ਸਹਾਇਤਾ ਮਿਲਦੀ ਹੈ ਜੋ ਚੋਣਾਂ ਵਿੱਚ ਫੰਡਿੰਗ ਕਰਦੇ ਹਨ। ਦੂਜਾ, ਆਬਕਾਰੀ ਵਿਭਾਗ ਦੀ ਨਾਕਾਮੀ ਜੋ ਟਰੈਕ ਐਂਡ ਟਰੇਸ ਨੀਤੀ ਨੂੰ ਲਾਗੂ ਨਹੀਂ ਕਰ ਸਕਿਆ। ਤੀਜਾ, ਮਿਥਾਨੌਲ ਦੀ ਅਸਾਨ ਪ੍ਰਾਪਤੀ ਅਤੇ ਅੰਤਰਰਾਜੀ ਸਹਿਯੋਗ ਦੀ ਘਾਟ। ਚੌਥਾ, ਉੱਚ ਟੈਕਸ ਜੋ ਨਕਲੀ ਵਪਾਰ ਨੂੰ ਵਧਾਉਂਦੇ ਹਨ। ਪੰਜਵਾਂ, ਭ੍ਰਿਸ਼ਟਾਚਾਰ ਜੋ ਨਿਗਰਾਨੀ ਨੂੰ ਕਮਜ਼ੋਰ ਕਰਦਾ ਹੈ। ਗ੍ਰਿਫ਼ਤਾਰ ਕੀਤੇ ਗਏ ਜ਼ਿਆਦਾਤਰ ਮੁਲਜ਼ਮ ਕੁਝ ਦਿਨਾਂ ਬਾਅਦ ਜ਼ਮਾਨਤ ’ਤੇ ਬਾਹਰ ਆ ਜਾਂਦੇ ਹਨ ਅਤੇ ਦੁਬਾਰਾ ਉਹੀ ਧੰਦਾ ਸ਼ੁਰੂ ਕਰ ਲੈਂਦੇ ਹਨ। ਸਖ਼ਤ ਸਜ਼ਾਵਾਂ ਦੀ ਕਮੀ ਡਰ ਪੈਦਾ ਨਹੀਂ ਕਰ ਰਹੀ।

ਆਮ ਆਦਮੀ ਪਾਰਟੀ ਸਰਕਾਰ ਨੇ ‘ਨਸ਼ਾ ਮੁਕਤ ਪੰਜਾਬ’ ਦਾ ਨਾਅਰਾ ਦਿੱਤਾ ਪਰ ਮਜੀਠਾ ਘਟਨਾ ਨੇ ਇਸ ਨੂੰ ਖੋਖਲਾ ਸਾਬਤ ਕੀਤਾ। ਬੀਜੇਪੀ ਨੇ ਇਸ ਨੂੰ ਰਾਜਨੀਤੀ ਨਾਲ ਜੋੜਿਆ ਅਤੇ ਕਿਹਾ ਕਿ ਏਏਪੀ ਮਾਫੀਆ ਨਾਲ ਮਿਲੀ ਹੋਈ ਹੈ। ਪੰਜਾਬ ਨੂੰ ਇੱਕ ਮਜ਼ਬੂਤ ਵਿਵਸਥਾ ਦੀ ਲੋੜ ਹੈ ਜੋ ਮਿਥਾਨੌਲ ਨੂੰ ਟਰੈਕ ਕਰੇ, ਟੈਕਸ ਘਟਾਏ ਅਤੇ ਕਾਨੂੰਨੀ ਅਮਲ ਨੂੰ ਸਖ਼ਤ ਕਰੇ। ਐੱਮਪੀ ਗੁਰਜੀਤ ਸਿੰਘ ਔਜਲਾ ਨੇ ਸਸਤੀ ਸ਼ਰਾਬ ਦੀ ਮੰਗ ਕੀਤੀ ਅਤੇ ਸੀਐੱਮ ਨੂੰ ਜ਼ਿੰਮੇਵਾਰ ਠਹਿਰਾਇਆ।

ਪੰਜਾਬ ਵਿੱਚ ਨਕਲੀ ਸ਼ਰਾਬ ਦਾ ਮੁੱਦਾ ਹੁਣ ਸਿਰਫ਼ ਕਾਨੂੰਨ ਵਿਵਸਥਾ ਦਾ ਨਹੀਂ, ਸਗੋਂ ਸਮਾਜਿਕ ਤ੍ਰਾਸਦੀ ਬਣ ਚੁੱਕਾ ਹੈ। ਜਦੋਂ ਤੱਕ ਸਰਕਾਰ ਸਪਲਾਈ ਲਾਈਨਾਂ ਨੂੰ ਕੱਟਣ ਲਈ ਸਖ਼ਤ ਕਦਮ ਨਹੀਂ ਚੁੱਕਦੀ ਅਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਨਹੀਂ ਮਿਲਦੀਆਂ, ਉਦੋਂ ਤੱਕ ‘ਮੌਤ ਦਾ ਇਹ ਕਾਰੋਬਾਰ’ ਇੰਝ ਹੀ ਚੱਲਦਾ ਰਹੇਗਾ। 2023-2026 ਵਿੱਚ 50 ਮੌਤਾਂ ਅਤੇ ਘੱਟ ਗ੍ਰਿਫ਼ਤਾਰੀਆਂ ਨੇ ਸਰਕਾਰੀ ਨਾਕਾਮੀ ਨੂੰ ਉਜਾਗਰ ਕੀਤਾ ਹੈ। ਲੁਧਿਆਣਾ ਘਟਨਾ ਨੇ ਚਿਤਾਵਨੀ ਦਿੱਤੀ ਹੈ ਕਿ ਸਮੇਂ ਸਿਰ ਕਦਮ ਨਾ ਚੁੱਕੇ ਤਾਂ ਹੋਰ ਜਾਨਾਂ ਜਾਣਗੀਆਂ। ਆਪ ਸਰਕਾਰ ਨੂੰ ਸਖ਼ਤ ਕਾਨੂੰਨ, ਜਾਗਰੂਕਤਾ ਅਤੇ ਨਿਗਰਾਨੀ ਵਧਾਉਣੀ ਚਾਹੀਦੀ ਹੈ ਤਾਂ ਜੋ ਪੰਜਾਬ ਨੂੰ ਇਸ ਜ਼ਹਿਰ ਤੋਂ ਮੁਕਤ ਕੀਤਾ ਜਾ ਸਕੇ।

***

## ਕੀ ਪੰਥਕ ਸੰਸਥਾਵਾਂ ਅੰਦਰ ਸ਼ੁਰੂ ਹੋ ਗਈ

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਮੀਤ ਪ੍ਰਧਾਨ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਇਹਨਾਂ ਦੋਸ਼ਾਂ ਕਾਰਨ ਧਾਮੀ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ ਅਤੇ ਉਹਨਾਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ ਤੇ ਸਰਬੱਤ ਖਾਲਸਾ ਬੁਲਾਉਣ ਦੀ ਗੱਲ ਕੀਤੀ। ਐੱਸ.ਜੀ.ਪੀ.ਸੀ. ਅੰਤ੍ਰਿੰਗ ਕਮੇਟੀ ਵਿੱਚ ਵਿਰੋਧੀ ਧਿਰ ਦੇ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇ ਕੇ ਨੇ ਮੀਟਿੰਗ ਦਾ ਬਾਈਕਾਟ ਕੀਤਾ ਅਤੇ ਦੋਸ਼ਾਂ ਦੀ ਜਾਂਚ ਤੋਂ ਬਾਅਦ ਹੀ ਕਾਰਵਾਈ ਦੀ ਮੰਗ ਕੀਤੀ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਐੱਸ.ਜੀ.ਪੀ.ਸੀ. ਨੂੰ ਇੱਕ ਪਰਿਵਾਰ ਦੀ ਨਿੱਜੀ ਜਗੀਰ ਬਣਨ ਤੋਂ ਰੋਕਣ ਦਾ ਐਲਾਨ ਕੀਤਾ।

ਵਿਰੋਧੀ ਧਿਰਾਂ ਇਸ ਨੂੰ ਬਾਦਲ ਵਿਰੋਧੀ ਲਹਿਰ ਵਜੋਂ ਵਰਤ ਰਹੀਆਂ ਹਨ ਅਤੇ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਇਸ ਨੂੰ ਮੁੱਦਾ ਬਣਾਉਣ ਦੀ ਤਿਆਰੀ ਵਿੱਚ ਹਨ। ਐੱਸ.ਜੀ.ਪੀ.ਸੀ. ਇਸ ਨੂੰ ਰਾਜ ਸੱਤਾਧਾਰੀ ਪਾਰਟੀ (ਆਪ) ਦੀ ਸਾਜ਼ਿਸ਼ ਦੱਸ ਰਹੀ ਹੈ। ਪਰ ਇਹ ਤੱਥ ਹੈ ਕਿ ਐੱਸ.ਜੀ.ਪੀ.ਸੀ. ਨੂੰ ਇਹਨਾਂ ਦੋਸ਼ਾਂ ਪ੍ਰਤੀ ਨਿਰਪੱਖ ਜਾਂਚ ਕਰਵਾਉਣੀ ਚਾਹੀਦੀ ਹੈ। ਨਿਰਪੱਖ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇੱਕ ਨਿਰਪੱਖ ਜਾਂਚ ਕਮਿਸ਼ਨ ਬਣਾਇਆ ਜਾਵੇ ਜਿਸ ਵਿੱਚ ਵੱਖ-ਵੱਖ ਜਥੇਬੰਦੀਆਂ ਅਤੇ ਸੰਗਤ ਦੇ ਨੁਮਾਇੰਦੇ ਹੋਣ। ਜੇਕਰ ਦੋਸ਼ ਸਾਬਤ ਹੋਣ ਤਾਂ ਗੁਨਾਹਗਾਰਾਂ ਉੱਤੇ ਕਾਰਵਾਈ ਹੋਵੇ।

ਪੰਥਕ ਸੰਸਥਾਵਾਂ ਵਿੱਚ ਵਧ ਸਕਦਾ ਹੈ ਸਰਕਾਰੀ ਦਖ਼ਲ

ਇਸ ਵਿਵਾਦ ਤੋਂ ਖਤਰੇ ਵੀ ਹਨ। ਜਦੋਂ ਪੰਥਕ ਸੰਸਥਾਵਾਂ ਆਪਸ ਵਿੱਚ ਲੜਦੀਆਂ ਹਨ ਤਾਂ ਸਰਕਾਰਾਂ ਨੂੰ ਦਖਲ ਦੇਣ ਦਾ ਬਹਾਨਾ ਮਿਲ ਜਾਂਦਾ ਹੈ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗਾ ਮਾਡਲ ਪੰਜਾਬ ਵਿੱਚ ਵੀ ਲਾਗੂ ਕਰਨ ਦੀ ਕੋਸ਼ਿਸ਼ ਹੋ ਸਕਦੀ ਹੈ ਜੋ ਐੱਸ.ਜੀ.ਪੀ.ਸੀ. ਦੇ ਅਧਿਕਾਰਾਂ ਨੂੰ ਸੀਮਤ ਕਰਦੀ ਹੈ। ਇਸ ਲਈ ਪੰਥ ਨੂੰ ਏਕਤਾ ਬਣਾਉਣੀ ਚਾਹੀਦੀ ਹੈ। ਸਰਬੱਤ ਖਾਲਸਾ ਇੱਕ ਇਤਿਹਾਸਕ ਰੂਪ ਹੈ ਪਰ ਇਸ ਨੂੰ ਐੱਸ.ਜੀ.ਪੀ.ਸੀ. ਨਾਲ ਟਕਰਾਅ ਵਜੋਂ ਨਹੀਂ ਬਲਕਿ ਸੁਧਾਰ ਵਜੋਂ ਵਰਤਣਾ ਚਾਹੀਦਾ ਹੈ। ਯੁਵਕਾਂ, ਬੁੱਧੀਜੀਵੀਆਂ ਅਤੇ ਵਿਦਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਸੰਸਥਾਵਾਂ ਨੂੰ ਮਜ਼ਬੂਤ ਬਣਾਇਆ ਜਾਵੇ।

ਇਸ ਵੇਲੇ ਸਭ ਦੀਆਂ ਨਜ਼ਰਾਂ 26 ਫਰਵਰੀ ਵਾਲੀ ਐੱਸ.ਜੀ.ਪੀ.ਸੀ. ਮੀਟਿੰਗ ਉੱਤੇ ਹਨ। ਇਸ ਵਿੱਚ ਜੇਕਰ ਨਿਰਪੱਖ ਫੈਸਲੇ ਲਏ ਗਏ ਤਾਂ ਵਿਵਾਦ ਘਟ ਸਕਦਾ ਹੈ। ਪਰ ਜੇਕਰ ਇੱਕ ਪਾਸੜ ਫੈਸਲੇ ਹੋਏ ਤਾਂ ਵਿਵਾਦ ਹੋਰ ਵਧ ਸਕਦਾ ਹੈ। ਸੰਗਤ ਨੂੰ ਚਾਹੀਦਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਵਿੱਚ ਸੋਚੇ।

***

## ਮਹਾਰਾਜਾ ਸ਼ੇਰ ਸਿੰਘ ਦੇ ਵਾਰਸ ਬ੍ਰਿਟੇਨ ਅਦਾਲਤਾਂ ਵਿੱਚ

ਇਸ ਤੋਂ ਬਾਅਦ ਰਾਣੀ ਧਰਮ ਕੌਰ ਦੇ ਵਾਰਸ ਕੰਵਰ ਕਰਵਿੰਦਰ ਪਾਲ ਸਿੰਘ, ਕੰਵਰ ਮੀਤਪਾਲ ਸਿੰਘ, ਸਾਬਕਾ ਏਅਰ ਮਾਰਸ਼ਲ ਕੰਵਰ ਦਲਿੰਦਰਜੀਤ ਸਿੰਘ ਅਤੇ ਕੰਵਰ ਦਵਿੰਦਰਪਾਲ ਸਿੰਘ ਨੇ 21 ਮਾਰਚ 2001 ਨੂੰ ਤਤਕਾਲੀ ਬ੍ਰਿਟਿਸ਼ ਰਾਣੀ ਐਲਿਜ਼ਾਬੈਥ-2 ਨੂੰ ਪੱਤਰ ਲਿਖ ਕੇ ਰਾਣੀ ਧਰਮ ਕੌਰ ਦੇ ਸ਼ਾਹੀ ਗਹਿਣਿਆਂ ਸਮੇਤ ਕੋਹੇਨੂਰ ਹੀਰਾ, ਮਹਾਰਾਜਾ ਰਣਜੀਤ ਸਿੰਘ ਦਾ ਸੋਨੇ ਦਾ ਸਿੰਘਾਸਨ, ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ, ਮਹਾਰਾਜਾ ਖੜਕ ਸਿੰਘ ਦਾ ਦੋ-ਧਾਰੀ ਸੁਨਹਿਰੀ ਖੰਡਾ ਅਤੇ ਮਹਾਰਾਜਾ ਸ਼ੇਰ ਸਿੰਘ ਦੀ ਹੀਰੇ ਨਾਲ ਜੜੀ ਪੇਟੀ ਵਾਪਸ ਕਰਨ ਦੀ ਮੰਗ ਕੀਤੀ। ਰਾਣੀ ਐਲਿਜ਼ਾਬੈਥ-2 ਨੇ 5 ਅਪ੍ਰੈਲ 2001 ਨੂੰ ਜਵਾਬੀ ਪੱਤਰ ਵਿੱਚ ਭਰੋਸਾ ਦਿੱਤਾ ਸੀ ਕਿ ਵਿਦੇਸ਼ ਮੰਤਰਾਲਾ ਇਸ ਮਾਮਲੇ ਉੱਤੇ ਗੱਲਬਾਤ ਕਰਕੇ ਢੁੱਕਵੀਂ ਕਾਰਵਾਈ ਕਰੇਗਾ।

ਪਰ 23 ਸਾਲ ਬੀਤਣ ਤੋਂ ਬਾਅਦ ਵੀ ਕੋਈ ਠੋਸ ਕਦਮ ਨਾ ਉਠਾਏ ਜਾਣ ਕਾਰਨ ਵਾਰਸਾਂ ਨੇ ਹੁਣ ਯੂ.ਕੇ. ਦੀਆਂ ਅਦਾਲਤਾਂ ਵਿੱਚ ਪੂਰੀ ਤਾਕਤ ਨਾਲ ਕਾਨੂੰਨੀ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਇਸ ਲੜਾਈ ਵਿੱਚ ਭਾਰਤ ਸਰਕਾਰ ਦਾ ਵੀ ਸਹਿਯੋਗ ਲਿਆ ਜਾਵੇਗਾ।



## ਗਾਇਕ ਤੇ ਗੀਤਕਾਰ

ਮੁੱਕਦੀ ਗੱਲ ਦਵਿੰਦਰ ਖੰਨੇ ਵਾਲਾ ਇੱਕ ਅਜਿਹਾ ਨਾਂ ਹੈ ਜਿਸ ਨੇ ਅਣਗਿਣਤ ਗੀਤ ਲਿਖੇ ਤੇ ਜਿਨ੍ਹਾਂ ਨੂੰ ਚੋਟੀ ਦੇ ਪੰਜਾਬੀ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ। ਗੁਰਦਾਸ ਮਾਨ ਤੋਂ ਇਲਾਵਾ ਮਰਹੂਮ ਸਰਦੂਲ ਸਿਕੰਦਰ, ਅਮਰ ਨੂਰੀ, ਹੰਸ ਰਾਜ ਹੰਸ, ਮਨਮੋਹਨ ਵਾਰਸ, ਰਾਜ ਬਰਾੜ, ਕਮਲ ਹੀਰ, ਗੁਰਪਾਲ ਮੁਟਿਆਰ ਵਰਗੇ ਸਿਰੇ ਦੇ ਗਾਇਕਾਂ ਨੇ ਉਸ ਦੇ ਗੀਤਾਂ ਨੂੰ ਆਵਾਜ਼ ਦਿੱਤੀ। ਜੇ ਗੱਲ ਕਰੀਏ ਗੀਤਾਂ ਨੂੰ ਸੰਗੀਤ ਦੇਣ ਦੀ ਤਾਂ ਚਰਨਜੀਤ ਆਹੂਜਾ ਤੋਂ ਇਲਾਵਾ ਤੇਜਵੰਤ ਕਿੱਟੂ ਤੇ ਸੁਰਿੰਦਰ ਬਚਨ ਨੇ ਦਵਿੰਦਰ ਦੇ ਗੀਤਾਂ ਨੂੰ ਸੰਗੀਤਬੱਧ ਕੀਤਾ।

ਵਿਸ਼ੇਸ਼ ਗੱਲ ਇਹ ਹੈ ਕਿ ਉਸ ਦੀ ਲਿਖਣ ਸ਼ੈਲੀ ਬਿਲਕੁਲ ਸਾਦੀ, ਸਰੋਤਿਆਂ ਦੇ ਮੂੰਹ 'ਤੇ ਚੜ੍ਹਨ ਵਾਲੀ ਤੇ ਸੱਭਿਆਚਾਰਕ ਰਹੀ ਹੈ। ਉਹ ਲੱਚਰਤਾ ਤੋਂ ਦੂਰ ਹੋ ਕੇ ਕਲਮ ਚਲਾਉਂਦਾਪੰਜਾਬੀ ਸੱਭਿਆਚਾਰ ਦੀ ਲਗਾਤਾਰ ਸੇਵਾ ਕਰ ਰਿਹਾ ਹੈ। ਬੇਸ਼ੱਕ ਹੁਣ ਉਸ ਦੀ ਕਲਮ 'ਚ ਥੋੜ੍ਹਾ ਠਹਿਰਾਓ ਆਇਆ ਹੈ, ਪਰ ਹੁਣ ਤੱਕ ਉਸ ਨੇ ਜੋ ਲਿਖਿਆ ਉਸ ਉੱਤੇ ਕੋਈ ਉਂਗਲ ਨਹੀਂ ਚੁੱਕ ਸਕਦਾ। ਇਹੋ ਉਸ ਦੀ ਕਲਮ ਦੀ ਸਭ ਤੋਂ ਵੱਡੀ ਖ਼ੂਬੀ ਹੈ।

***

## ਇਮਤਿਆਜ਼ ਅਲੀ ਤੇ ਦਿਲਜੀਤ ਨੇ

ਜਿਵੇਂ ਕਿ 'ਜਬ ਵੀ ਮੈਟ' ਅਤੇ ਰੌਕਸਟਾਰ, ਜਿੱਥੇ ਪਿਆਰ ਅਤੇ ਜ਼ਿੰਦਗੀ ਦੇ ਅਰਥ ਨੂੰ ਨਵੇਂ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ। ਦੂਜੇ ਪਾਸੇ, ਦਿਲਜੀਤ ਦੋਸਾਂਝ ਨੇ ਪੰਜਾਬੀ ਸੰਗੀਤ ਤੋਂ ਲੈ ਕੇ ਬੌਲੀਵੁੱਡ ਤੱਕ ਆਪਣੀ ਅਦਾਕਾਰੀ ਅਤੇ ਗਾਇਕੀ ਨਾਲ ਖ਼ਾਸ ਮੁਕਾਮ ਬਣਾਇਆ ਹੈ। ਦੋਵੇਂ ਕਲਾਕਾਰ ਆਪਣੀ ਸਾਦਗੀ ਅਤੇ ਮਜ਼ਬੂਤ ਕਲਾਤਮਕ ਦ੍ਰਿਸ਼ਟੀ ਨਾਲ ਅੱਜ ਦੇ ਦਰਸ਼ਕਾਂ ਲਈ ਪ੍ਰੇਰਨਾ ਦਾ ਸਰੋਤ ਹਨ।

***

## ਵਿਸਰੀਆਂ ਪੁਰਾਤਨ ਕਦਰਾਂ ਕੀਮਤਾਂ

ਆਪਸੀ ਸਾਂਝ ਤਾਂ ਉਦੋਂ ਇਸ ਕਦਰ ਸੀ ਕਿ ਇੱਕ ਘਰ ਗੱਡੇ ਤੰਦੂਰ ਤੇ ਆਂਢ-ਗੁਆਂਢ ਦੇ ਕਈ-ਕਈ ਘਰਾਂ ਦੀਆਂ ਔਰਤਾਂ ਰੋਟੀਆਂ ਲਾਹ ਕੇ ਲੈ ਜਾਂਦੀਆਂ ਸਨ ਤੇ ਰੋਟੀਆਂ ਲਾਹੁਣ ਵਿੱਚ ਇੱਕ-ਦੂਜੇ ਦੀ ਮਦਦ ਵੀ ਕਰ ਦਿੰਦੀਆਂ ਸਨ। ਆਂਢੀ-ਗੁਆਂਢੀ ਇੱਕ ਦੂਜੇ ਦੇ ਘਰੋਂ ਦਾਲ਼ ਦੀ ਕੌਲੀ ਮੰਗ ਕੇ ਲੈ ਜਾਂਦੇ ਸੀ, ਕਦੇ ਕੋਈ ਨਿੰਦ-ਵਿਚਾਰ ਨਹੀਂ ਕੀਤੀ ਜਾਂਦੀ ਸੀ। ਅੱਜ ਵਾਲੇ ਤਾਂ ਨੈਤਿਕਤਾ ਭੁੱਲ ਚੁੱਕੇ ਹਨ। ਕਈ ਕਲੋਨੀਆਂ ਵਿੱਚ ਤਾਂ ਕਿਸੇ ਨੂੰ ਪਤਾ ਹੀ ਨਹੀਂ ਹੁੰਦਾ ਕਿ ਸਾਡੇ ਗੁਆਂਢ ਕੌਣ ਰਹਿੰਦਾ ਹੈ ਕਿਉਂਕਿ ਕਿਸੇ ਨਾਲ ਆਪਸੀ ਮਿਲਵਰਤਨ ਵਾਲੀ ਸਾਂਝ ਖ਼ਤਮ ਹੋ ਚੁੱਕੀ ਹੈ। ਪਿੰਡ ਵਿੱਚ ਕਿਸੇ ਗ਼ਰੀਬ ਦੀ ਧੀ ਦੇ ਵਿਆਹ 'ਤੇ ਸਾਰੇ ਪਿੰਡ ਨੇ ਸੂਟ, ਬਿਸਤਰੇ ਤੇ ਦੁੱਧ ਆਦਿ ਦੇ ਕੇ ਆਉਣਾ ਕਿ ਭਾਈ ਪੁੰਨ ਲੱਗੂਗਾ। ਕਿਸੇ ਦੀ ਧੀ ਨੂੰ ਪਿੰਡ ਦੀ ਧੀ-ਧਿਆਣੀ ਸਮਝਿਆ ਜਾਂਦਾ ਸੀ। ਅੱਜ ਵਾਲੇ ਤਾਂ ਭੁੱਖੀਆਂ ਨਜ਼ਰਾਂ ਨਾਲ ਨੋਚਣ ਨੂੰ ਫਿਰਦੇ ਹਨ।

ਅੱਜ ਖ਼ੂਨ ਦੇ ਰਿਸ਼ਤਿਆਂ ਦਾ ਵੀ ਘਾਣ ਹੋ ਰਿਹਾ ਹੈ। ਬਜ਼ੁਰਗਾਂ ਨੂੰ ਘਰੋਂ ਕੱਢ ਕੇ ਬਿਰਧ ਜਾਂ ਅਨਾਥ ਆਸ਼ਰਮਾਂ ਵਿੱਚ ਭੇਜਿਆ ਜਾ ਰਿਹਾ ਹੈ। ਲਾਲਚ ਵੱਸ ਹਰ ਕੰਮ ਪਿੱਛੇ ਪੈਸੇ ਪ੍ਰਤੀ ਸੋਚ ਨੇ ਜ਼ੋਰਾਵਰ ਨਾਲ ਖੜ੍ਹਨਾ, ਸੱਚੇ ਨੂੰ ਦਬਾਉਣਾ ਤੇ ਮਾੜੇ ਨੂੰ ਖ਼ਤਮ ਕਰਨ ਵਾਲੇ ਪਾਸੇ ਅੱਜ ਦੀ ਪੀੜ੍ਹੀ ਤੁਰ ਪਈ ਹੈ। ਪੁਰਾਤਨ ਸਮਿਆਂ ਵਿੱਚ ਗੁਰਦੁਆਰੇ ਦੇ ਭਾਈ ਜੀ ਨੂੰ, ਡੇਰੇ ਦੇ ਸੇਵਾਦਾਰ ਆਦਿ ਨੂੰ ਦੁੱਧ, ਰੋਟੀ, ਸਬਜ਼ੀ ਆਦਿ ਰੋਜ਼ਾਨਾ ਬਿਨਾਂ ਨਾਗਾ ਦਿੱਤਾ ਜਾਂਦਾ ਸੀ ਕਿਉਂਕਿ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਉੱਥੇ ਹੀ ਪੜ੍ਹਾਇਆ ਜਾਂਦਾ ਸੀ। ਪਿੰਡ ਗ਼ਜ਼ਾ ਕਰਨ ਆਏ ਕਿਸੇ ਵੀ ਗ਼ਰੀਬ ਨੂੰ ਕੋਈ ਵੀ ਘਰ ਖਾਲੀ ਨਹੀਂ ਮੋੜਦਾ ਸੀ। ਭਾਵੇਂ ਕੌਲੀ ਆਟਾ ਹੀ ਪਾਉਂਦੇ ਅੱਜ ਵਾਲੇ ਤਾਂ ਅੰਦਰੋਂ ਬੈਠੇ ਕੈਮਰੇ ਵਿੱਚ ਦੇਖ ਕੇ ਕਿ ਕੋਈ ਬਾਹਰ ਗ਼ਰੀਬ ਆਇਆ ਹੈ, ਅੰਦਰੋਂ ਕੁੰਡਾ ਨਹੀਂ ਖੋਲ੍ਹਦੇ। ਖ਼ੈਰ! ਜ਼ਮਾਨਾ ਵੀ ਠੀਕ ਨਹੀਂ ਹੈ। ਭਾਵੇਂ ਅਸੀਂ ਆਧੁਨਿਕਤਾ ਦੇ ਦੌਰ ਵਿੱਚ ਪੜ੍ਹਾਈ ਦੇ ਅਖੀਰਲੇ ਡੰਡੇ ਨੂੰ ਫੜਨ ਵਾਲੇ ਪਾਸੇ ਤੁਰ ਪਏ ਹਾਂ, ਪ੍ਰੰਤੂ ਜੇਕਰ ਉਸ ਪੁਰਾਤਨ ਵਿਰਸੇ ਵੱਲ ਝਾਤ ਮਾਰੀਏ ਤਾਂ ਨੈਤਿਕਤਾ ਬਾਰੇ ਸੈਂਕੜੇ ਸਾਲ ਪਿੱਛੇ ਨੂੰ ਜਾ ਰਹੇ ਹਾਂ, ਜਿਸ ਕਾਰਨ ਸੰਯੁਕਤ ਪਰਿਵਾਰ ਤਿੜਕ ਕੇ ਇਕੱਲਤਾ ਦਾ ਸੰਤਾਪ ਭੋਗ ਰਹੇ ਹਾਂ। ਸਾਨੂੰ ਸਮੇਂ ਦੇ ਦੌਰ ਵਿੱਚ ਰੁਕ ਕੇ ਵਿਚਾਰਾਂ ਕਰ ਲੈਣੀਆਂ ਚਾਹੀਦੀਆਂ ਹਨ ਕਿ ਅੱਜ ਦੇ ਮੋਬਾਈਲ, ਕੰਪਿਊਟਰ ਯੁੱਗ ਵਿੱਚ ਤੇ ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਰਾਹੀਂ ਕੀ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਦੇ ਲਿਹਾਜ ਨਾਲ ਠੀਕ ਕਰ ਰਹੇ ਹਾਂ? ਕਿਤੇ ਅਸੀਂ ਆਪਣੀਆਂ ਸੋਨੇ ਵਰਗੀਆਂ ਕਦਰਾਂ ਕੀਮਤਾਂ ਨੂੰ ਛੱਡ ਕੇ ਕੋਲਿਆਂ ਦੀ ਨਿਆਈ ਪੱਛਮੀ ਸੱਭਿਅਤਾ ਨੂੰ ਅਪਣਾ ਕੇ ਪੁਰਾਤਨ ਕਦਰਾਂ ਕੀਮਤਾਂ ਦਾ ਘਾਣ ਤਾਂ ਨਹੀਂ ਕਰ ਰਹੇ? ਸਾਨੂੰ ਖ਼ਾਸ ਕਰਕੇ ਪੰਜਾਬੀਆਂ ਨੂੰ ਇਹ ਸੋਚਣ ਦੀ ਲੋੜ ਹੈ! ਇੱਕ ਪਾਸੇ ਤਾਂ ਅਸੀਂ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਵਾਲੀਆਂ ਗੱਲਾਂ ਕਰਦੇ ਹਾਂ, ਦੂਜੇ ਪਾਸੇ ਅਸੀਂ ਆਪਣੇ ਸੱਭਿਆਚਾਰ ਨੂੰ ਭੁੱਲਦੇ ਜਾ ਰਹੇ ਹਾਂ। ਭਾਵੇਂ ਆਧੁਨਿਕਤਾ ਵਾਸਤੇ ਸਾਇੰਸ ਦੀ ਆਧੁਨਿਕ ਤਕਲਾਲੋਜੀ ਦੀ ਸਖ਼ਤ ਲੋੜ ਹੈ, ਪ੍ਰੰਤੂ ਜੇਕਰ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਨੂੰ ਭੁੱਲ ਕੇ ਅਜਿਹਾ ਕਰਾਂਗੇ ਤਾਂ ਫਿਕਰਮੰਦੀ ਵਾਲੀ ਗੱਲ ਤਾਂ ਹੈ। ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਹਰ ਗੱਲ ਪ੍ਰਤੀ ਘਾਟ ਦਿਸੇਗੀ, ਭਾਵੇਂ ਕੋਈ ਲੱਖ ਲੁਕਾਉਣ ਦੀ ਕੋਸ਼ਿਸ਼ ਕਰੇ!

***

## ਅਮਰੀਕੀ ਪਾਬੰਦੀਆਂ ਦਰਮਿਆਨ ਭਾਰਤ

ਫਿਰ ਹਰ ਦੇਸ਼ ਵਿੱਚ ਹਰ ਵਸਤੂ 'ਤੇ ਇੱਕ ਹੀ ਦਰ ਦੇ ਟੈਕਸ ਹਨ, ਇਨ੍ਹਾਂ ਗੱਲਾਂ ਨਾਲ ਵਪਾਰ ਕਰਨ ਵਾਲੇ ਲੋਕਾਂ ਨੂੰ ਵੱਡੀ ਆਸਾਨੀ ਹੁੰਦੀ ਹੈ ਤੇ ਵਪਾਰ ਸੁਖਾਲਾ ਬਣ ਜਾਂਦਾ ਹੈ ਤੇ ਵਪਾਰ ਦੀ ਮਾਤਰਾ ਵੀ ਵਧਦੀ ਹੈ ਇਹੋ ਵਜ੍ਹਾ ਹੈ ਕਿ ਇਨ੍ਹਾਂ 27 ਦੇਸ਼ਾਂ ਵਿੱਚ ਆਪਸੀ ਅਤੇ ਵਿਦੇਸ਼ੀ ਵਪਾਰ ਵਿੱਚ ਵੱਡਾ ਵਾਧਾ ਹੋਇਆ ਹੈ।

ਭਾਰਤ ਦੀ ਸੁਤੰਤਰਤਾ ਤੋਂ ਬਾਅਦ ਭਾਰਤ ਦਾ ਵਪਾਰ ਅਮਰੀਕਾ ਨਾਲ ਬਹੁਤ ਵਧਿਆ ਸੀ ਅਤੇ ਯੂਰਪੀਅਨ ਦੇਸ਼ਾਂ ਵੱਲ ਵਪਾਰੀਆਂ ਦੀ ਰੁਚੀ ਘੱਟ ਸੀ। ਪਰ ਜਦੋਂ ਤੋਂ ਯੂਰਪੀਅਨ ਯੂਨੀਅਨ ਨੇ ਵਪਾਰ ਨੂੰ ਆਸਾਨ ਕੀਤਾ ਹੈ, ਇਸ ਦਾ ਵਪਾਰ ਇਨ੍ਹਾਂ ਦੇਸ਼ਾਂ ਨਾਲ ਵਧਦਾ ਗਿਆ। 2024-25 ਵਿਚ ਭਾਰਤ ਅਮਰੀਕਾ ਦਾ ਆਪਸੀ ਵਪਾਰ 132 ਅਰਬ ਡਾਲਰ ਸੀ, ਜਦੋਂ ਕਿ ਭਾਰਤ ਯੂਰਪੀਅਨ ਯੂਨੀਅਨ ਦਾ ਵਪਾਰ 136 ਅਰਬ ਡਾਲਰ ਸੀ। ਭਾਰਤ ਦਾ ਵਪਾਰ ਅਮਰੀਕਾ ਤੋਂ ਇਲਾਵਾ ਚੀਨ ਨਾਲ ਵੀ ਕਾਫੀ ਜ਼ਿਆਦਾ ਹੈ। ਪਰ ਚੀਨ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਤਿੰਨਾਂ ਤੋਂ ਹੀ ਭਾਰਤ ਆਯਾਤ ਜ਼ਿਆਦਾ ਕਰਦਾ ਹੈ ਅਤੇ ਨਿਰਯਾਤ ਘੱਟ ਕਰਦਾ ਹੈ। ਜਿਸ ਨਾਲ ਇਸ ਦੀ ਵਿਦੇਸ਼ੀ ਮੁਦਰਾ ਤੇ ਦਬਾਅ ਬਣਿਆ ਰਹਿੰਦਾ ਹੈ ਹੁਣ 2026 ਵਿੱਚ 27 ਜਨਵਰੀ ਨੂੰ ਯੂਰਪੀਅਨ ਯੂਨੀਅਨ ਕੌਂਸਲ ਦਾ ਪ੍ਰਧਾਨ ਐਂਟੋਨੀਓ ਕੋਸਟਾ ਅਤੇ ਯੂਰਪੀਅਨ ਯੂਨੀਅਨ ਕਮਿਸ਼ਨ ਦੀ ਪ੍ਰਧਾਨ ਓਰਸੁਲਾ ਵਾਨ ਡੇਰ ਲੇਅਨ ਅਤੇ ਭਾਰਤ ਸਰਕਾਰ ਵਿਚਕਾਰ ਸਮਝੌਤਾ ਹੋਇਆ ਹੈ। ਉਸ ਅਨੁਸਾਰ ਦੋਵਾਂ ਦੇਸ਼ਾਂ ਦੇ ਵਪਾਰੀ ਟੈਕਸ ਮੁਕਤ ਵਪਾਰ ਕਰ ਸਕਣਗੇ। ਇਸ ਨਾਲ ਯੂਰਪੀਅਨ ਯੂਨੀਅਨ ਦੇ ਵਪਾਰੀ ਜਿਨਾਂ ਨੇ ਚੀਨ ਵਿੱਚ ਜ਼ਿਆਦਾ ਨਿਵੇਸ਼ ਕੀਤਾ ਸੀ ਅਤੇ ਭਾਰਤ ਵਿੱਚ ਇਹ ਨਿਵੇਸ਼ ਘੱਟ ਕੀਤਾ ਸੀ ਉਨ੍ਹਾਂ ਦੀ ਰੁਚੀ ਭਾਰਤ ਵੱਲ ਮੁੜੇਗੀ ਅਤੇ ਭਾਰਤ ਵਿੱਚ ਨਿਵੇਸ਼ ਹੋਣ ਨਾਲ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ। ਭਾਰਤ ਨੇ ਯੂਰਪੀਅਨ ਯੂਨੀਅਨ ਤੋਂ ਆਉਣ ਵਾਲੀਆਂ ਵਸਤੂਆਂ ਵਿਚੋਂ 30 ਫੀਸਦੀ ਨੂੰ ਟੈਕਸ ਮੁਕਤ ਕਰ ਦਿੱਤਾ ਹੈ। ਯੂਰਪੀਅਨ ਯੂਨੀਅਨ ਦੀ ਆਰਥਿਕਤਾ ਕੁੱਲ ਦੁਨੀਆ ਦੀ ਆਰਥਿਕਤਾ ਦਾ ਇਕ ਚੌਥਾਈ ਹੈ। ਇਸ ਦੇ ਸਭ ਦੇਸ਼ ਖੇਤੀ, ਉਦਯੋਗ ਅਤੇ ਸੇਵਾਵਾਂ ਦੇ ਖੇਤਰ ਵਿਚ ਬਾਕੀ ਦੇਸ਼ਾਂ ਤੋਂ ਬਹੁਤ ਅੱਗੇ ਹਨ। ਇਸ ਯੂਨੀਅਨ ਦਾ ਕੁੱਲ ਘਰੇਲੂ ਉਤਪਾਦਨ 29 ਖਰਬ (ਟ੍ਰਿਲੀਅਨ) ਡਾਲਰ ਹੈ ਜਦ ਕਿ ਭਾਰਤ ਦਾ ਸਿਰਫ 3.5 ਖਰਬ ਡਾਲਰ ਹੈ। ਇਥੋਂ ਦੀ ਪ੍ਰਤੀ ਵਿਅਕਤੀ ਆਮਦਨ 64870 ਡਾਲਰ ਹੈ, ਜੋ ਦੁਨੀਆ ਭਰ ਵਿਚ ਵੱਧ ਹੈ, ਜਦਕਿ ਖੇਤਰ 5.5 ਫ਼ੀਸਦੀ ਅਤੇ ਇਸਦੀ ਵਸੋਂ ਘਣਤਾ ਸਿਰਫ਼ 106 ਵਿਅਕਤੀ ਪ੍ਰਤੀ ਕਿਲੋਮੀਟਰ ਹੈ। ਅੱਜ ਕੱਲ ਜਿਸ ਪ੍ਰਕਾਰ ਅਮਰੀਕਾ ਦੇ ਰਾਸ਼ਟਰਪਤੀ ਵਲੋਂ ਆਯਾਤ ਡਿਊਟੀ ਵਧਾ ਕੇ ਭਾਰਤ ਤੋਂ ਅਮਰੀਕਾ ਨੂੰ ਹੋਣ ਵਾਲੀ ਨਿਰਯਾਤ ਘਟਾਈ ਗਈ ਹੈ ਅਤੇ ਭਾਰਤ ਨੂੰ ਨਵੀਆਂ ਮੰਡੀਆਂ ਲੱਭਣੀਆਂ ਪੈ ਰਹੀਆਂ ਹਨ, ਇਸ ਸਥਿਤੀ ਵਿੱਚ ਭਾਰਤ ਦਾ ਯੂਰਪੀਅਨ ਯੂਨੀਅਨ ਨਾਲ ਸਮਝੌਤਾ ਹੋਣ ਨਾਲ ਇਸ ਦੇ 27 ਦੇਸ਼ਾਂ ਵਿੱਚ ਭਾਰਤ ਤੋਂ ਟੈਕਸਟਾਈਲ, ਹੌਜ਼ਰੀ ਪਟਸਨ ਹੱਥ-ਦਸਤਕਾਰੀ ਆਦਿ ਦੇ ਖੇਤਰਾਂ ਲਈ ਨਿਰਯਾਤ ਦੇ ਵੱਡੇ ਮੌਕੇ ਬਣ ਸਕਦੇ ਹਨ। ਜਿਸ ਨਾਲ ਭਾਰਤ 'ਤੇ ਅਨੁਕੂਲ ਪ੍ਰਭਾਵ ਪੈਣਗੇ ਅਤੇ ਇੱਥੋਂ ਦੇ ਰੁਜ਼ਗਾਰ ਵਿੱਚ ਵਾਧਾ ਹੋਵੇਗਾ। ਭਾਰਤ ਅਤੇ ਯੂਰਪੀਅਨ ਯੂਨੀਅਨ ਦੋਹਾਂ ਧਿਰਾਂ ਨੇ ਭਾਰਤ ਦੀ ਖੇਤੀ ਨੂੰ ਇਸ ਤੋਂ ਵੱਖਰਾ ਇਸ ਕਰਕੇ ਰੱਖਿਆ ਹੈ ਤਾਂ ਕਿ ਭਾਰਤ ਦੀ ਖੇਤੀ 'ਤੇ ਇਸ ਅੰਤਰਰਾਸ਼ਟਰੀ ਵਪਾਰ ਦਾ ਮਾੜਾ ਪ੍ਰਭਾਵ ਨਾ ਪਵੇ।

***

## ਦਿੱਲੀ ਦੇ ਗੁਰਦੁਆਰਾ ਸਾਹਿਬ

ਭਾਈ ਮਰਦਾਨਾ ਸਮੇਤ ਸੰਗਤਾਂ ਗੁਰੂ ਸਾਹਿਬ ਜੀ ਨੂੰ ਕੀਮਤੀ ਤੋਹਫੇ ਭੇਟ ਚੜ੍ਹਾਉਂਦੀਆਂ। ਗੁਰੂ ਸਾਹਿਬ ਭੇਟ ਗਰੀਬਾਂ ਅਤੇ ਲੋੜਵੰਦਾਂ ਵਿੱਚ ਵੰਡ ਦਿੰਦੇ ਸਨ। ਇਸ ਤੋਂ ਇਲਾਵਾ ਗੁਰੂ ਕਾ ਲੰਗਰ ਅਤੁੱਟ ਵਰਤਦਾ ਸੀ। ਪਿਆਸਿਆਂ ਨੂੰ ਜਲ ਮਿਲ ਜਾਂਦਾ ਸੀ। ਜਗ੍ਹਾ ਦਾ ਨਾਉਂ ਪਿਆਓ ਹੋ ਗਿਆ ਅਰਥਾਤ ਪੀਣ ਲਈ ਤਰਲ ਪਦਾਰਥ ਪਾਣੀ। ਗੁਰੂ ਸਾਹਿਬ ਜੀ ਨੇ ਇੱਕ ਖੂਹ ਬਣਵਾ ਲਿਆ ਜਿਸ ਤੋਂ ਗੁਰੂ ਸਾਹਿਬ ਆਪ ਖੁਦ ਜਲ ਦੀ ਸੇਵਾ ਕਰਦੇ ਸਨ। ਸਮਾਂ ਪੈਣ 'ਤੇ ਗੁਰਦੁਆਰਾ ਨਾਨਕ ਪਿਆਓ ਹੋਂਦ ਵਿੱਚ ਆਇਆ। ਗੁਰੂ ਸਾਹਿਬ ਸ਼ਾਂਤੀ, ਸੇਵਾ, ਭਾਈਚਾਰਕ ਸਾਂਝ ਸਦਭਾਵਨਾ, ਅਹਿੰਸਾ ਦੇ ਦੂਤ ਸਨ। ਉਹਨਾਂ ਦੇ ਉਪਦੇਸ਼ਾਂ ਨੇ ਲੋਕਾਂ 'ਤੇ ਬੜਾ ਉਤਸ਼ਾਹਜਨਕ ਪ੍ਰਭਾਵ ਪਾਇਆ। ਉਹਨਾਂ ਦੇ ਅਧਿਆਤਮਕ ਮਾਰਗ ਦਰਸ਼ਨ ਵਿੱਚ ਨਿਸਚੈ ਰੱਖਦੇ ਸਨ। ਜਿਥੋਂ ਉਹਨਾਂ ਨੂੰ ਅਧਿਆਤਮਕ ਮੁਕਤੀ ਦਾ ਸੰਦੇਸ਼ ਮਿਲਿਆ। ਇੱਥੇ ਬਾਰਾਂ ਵਿੱਚ ਸੰਗਤਾਂ ਜੁੜਦੀਆਂ ਸਨ।

ਉਸ ਸਮੇਂ ਦਿੱਲੀ ਵਿੱਚ ਅਫਵਾਹ ਫੈਲ ਗਈ ਕਿ ਗੁਰੂ ਸਾਹਿਬ ਜੀ ਨੇ ਇੱਕ ਮਰੇ ਹੋਏ ਹਾਥੀ ਨੂੰ ਜਿੰਦਾ ਕੀਤਾ ਹੈ। ਸੁਲਤਾਨ ਸਿਕੰਦਰ ਸ਼ਾਹ ਲੋਧੀ ਨੂੰ ਗੁਰੂ ਸਾਹਿਬ ਬਾਰੇ ਪਤਾ ਲੱਗਾ ਕਿ ਉਹਨਾਂ ਦੀ ਹਿੰਦੂ ਅਤੇ ਮੁਸਲਮਾਨਾਂ ਵਿੱਚ ਬੜੀ ਪ੍ਰਸੰਸਾ ਹੈ। ਸੁਲਤਾਨ ਦਾ ਇੱਕ ਹਾਥੀ ਮਰ ਗਿਆ। ਉਸ ਨੇ ਗੁਰੂ ਸਾਹਿਬ ਜੀ ਨੂੰ ਬੁਲਾਇਆ ਅਤੇ ਹਾਥੀ ਜਿੰਦਾ ਕਰਨ ਦੀ ਬੇਨਤੀ ਕੀਤੀ। ਗੁਰੂ ਸਾਹਿਬ ਜੀ ਨੇ ਕਿਹਾ ਕਿ ਇਹ ਸਭ ਕੁਝ ਪਰਮਾਤਮਾ ਦੇ ਵੱਸ ਵਿੱਚ ਹੈ। ਸੁਲਤਾਨ ਨੇ ਗੁਰੂ ਸਾਹਿਬ ਨੂੰ ਕੈਦ ਕਰ ਲਿਆ। ਕੈਦੀਆਂ ਨੇ ਸੁਲਤਾਨ ਨੂੰ ਦਸਿਆ ਕਿ ਗੁਰੂ ਸਾਹਿਬ ਜੀ ਦਾ ਅਧਿਆਤਮਕ ਪ੍ਰਭਾਵ ਹੈ ਅਤੇ ਉਹਨਾਂ ਦਾ ਲੋਕਾਂ ਵਿੱਚ ਬੜਾ ਸਤਿਕਾਰ ਹੈ।

ਉਸ ਸਮੇਂ 3 ਜੁਲਾਈ 1505 ਨੂੰ ਦਿੱਲੀ ਵਿੱਚ ਵੱਡਾ ਭੂਚਾਲ ਆਇਆ। ਜਿਸ ਨੇ ਦਿੱਲੀ ਨੂੰ ਹਿਲਾ ਕੇ ਰੱਖ ਦਿੱਤਾ। ਲੋਕਾਂ ਨੇ ਕਿਆਸ ਕੀਤਾ ਕਿ ਬਾਦਸ਼ਾਹ ਵੱਲੋਂ ਕੈਦ ਕੀਤੇ ਫਕੀਰ ਨਾਨਕ ਕਰਕੇ ਹੋਇਆ ਹੈ। ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ। ਗੁਰੂ ਸਾਹਿਬ ਜੀ ਦੇ ਕਹਿਣ 'ਤੇ ਬਾਦਸ਼ਾਹ ਨੇ ਹੋਰ ਵੀ ਬੇਦੋਸ਼ੇ ਕੈਦੀ ਰਿਹਾਅ ਕੀਤੇ।

ਹੁਣ ਇਸ ਗੁਰਦੁਆਰੇ ਦਾ ਬੜੀ ਤੇਜੀ ਨਾਲ ਵਿਕਾਸ ਹੋ ਰਿਹਾ ਹੈ। ਇਸ ਦਾ ਇੱਕ ਪ੍ਰਭਾਵ ਸ਼ਾਲੀ ਮੁਗਲ ਸ਼ੈਲੀ ਦਾ ਦਰਵਾਜਾ ਹੈ। 4-5 ਫੁੱਟ ਉਚੇ ਥੜੇ 'ਤੇ ਹੈ। ਮੁੱਖ ਹਾਲ ਦੇ ਅੰਦਰਲੇ ਹਿੱਸੇ ਨੂੰ ਸੁੰਦਰ ਬਣਾਇਆ ਗਿਆ ਹੈ। ਛੱਤ ਦਾ ਕੁਝ ਹਿਸਾ ਸ਼ੀਸ਼ ਮਹੱਲ ਸ਼ੈਲੀ ਦਾ ਹੈ। ਗੁਰਦੁਆਰਾ ਦੇ ਪਿੱਛੇ ਇੱਕ ਸਰੋਵਰ ਹੈ। ਜਿਸ ਦੇ ਚਾਰੇ ਪਾਸੇ ਵਰਾਂਡਾਂ ਹੈ। ਇਤਿਹਾਸਿਕ ਖੂਹ ਅਜੇ ਵੀ ਕਾਰਜਸ਼ੀਲ ਹੈ। ਪਾਣੀ ਦੀ ਸੇਵਾ ਚਲਦੀ ਹੈ। ਖੂਹ ਨੂੰ ਇੱਕ ਚਿੱਟੇ ਗੁਬੰਦ ਨਾਲ ਢੱਕਿਆ ਹੈ। ਖੂਹ ਨੂੰ ਸਜਾਇਆ ਹੈ। ਇੱਕ ਛੋਟਾ ਜਿਹਾ ਬਗੀਚਾ ਹੈ। ਜੋ ਉਸ ਸਮੇਂ ਦੇ ਬਾਗ ਦੀ ਯਾਦ ਨੂੰ ਬਰਕਰਾਰ ਰੱਖਦਾ ਹੈ। ਅਖੰਡ ਪਾਠਾਂ ਲਈ ਵੱਖਰੇ ਕਮਰੇ ਹਨ। ਮੁੱਖ ਗੇਟ ਦੇ ਸੱਜੇ ਪਾਸੇ ਸੇਵਾਦਾਰਾਂ ਦੀ ਰਿਹਾਇਸ਼ ਹੈ। ਅਜੇ ਵੀ ਬੜਾ ਇਲਾਕਾ ਖਾਲੀ ਪਿਆ ਹੈ। ਹਰ ਸਾਲ ਗੁਰੂ ਨਾਨਕ ਸਾਹਿਬ ਜੀ ਦੀ ਯਾਦ ਵਿੱਚ ਸਮਾਗਮ ਹੁੰਦੇ ਹਨ। ਭਾਰੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰੀ ਭਰਦੇ ਹਨ।

ਮੋਤੀ ਬਾਗ: ਇਹ ਗੁਰਦੁਆਰਾ ਦਿੱਲੀ ਸ਼ਹਿਰ ਦੇ ਰਿੰਗ ਰੋਡ ਮਹਾਤਮਾ ਗਾਂਧੀ ਮਾਰਗਾਉ ਧੋਲਾ ਕੂੰਆਂ ਅਤੇ ਆਰ. ਕੇ. ਪੁਰਮ ਦੇ ਵਿਚਕਾਰ ਰਾਜਮਾਰਗ 8 ਦੇ ਨਾਲ ਚੌਰਾਹੇ ਦੇ ਦੱਖਣ ਵੱਲ ਸਥਿਤ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਫ਼ੌਜ ਨਲ ਇਸ ਸਥਾਨ 'ਤੇ ਠਹਿਰਾਓ ਕੀਤਾ ਸੀ। ਪਹਿਲਾਂ ਇਸ ਨੂੰ ਮੋਚੀ ਬਾਗ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਬਾਅਦ ਵਿੱਚ ਇਸ ਦਾ ਨਾਮ ਮੋਤੀ ਬਾਗ ਪੈ ਗਿਆ। ਗੁਰੂ ਸਾਹਿਬ ਨੇ ਮੋਤੀ ਬਾਗ ਵਿੱਚ ਮੋਚੀਆਂ ਦੀ ਬਸਤੀ ਵਿੱਚ ਦੋ ਤੀਰ ਚਲਾਏ ਜੋ ਸ਼ਹਿਜ਼ਾਦਾ ਮੁਆਜਮ/ਬਹਾਦਰ ਸ਼ਾਹ ਦੇ ਦਿਵਾਨ ਵਿੱਚ ਜਾ ਵੱਜੇ।

ਗੁਰੂ ਸਾਹਿਬ ਦੇ ਪਹਿਲੇ ਤੀਰ ਨੇ ਦਿੱਲੀ ਪਹੁੰਚਣ ਦੀ ਘੋਸ਼ਣਾਂ ਕੀਤੀ। ਦੂਸਰੇ ਤੀਰ ਨਾਲ ਇੱਕ ਰੁੱਕਾ ਭੇਜਿਆ ਕਿ ਇਹ ਕੋਈ ਜਾਦੂ ਨਹੀਂ ਬਲਕਿ ਤੀਰ ਅੰਦਾਜ਼ੀ ਦਾ ਹੁਨਰ ਹੈ। ਬਹਾਦਰ ਸ਼ਾਹ ਉਸ ਸਮੇਂ ਲਾਲ ਕਿਲੇ ਵਿੱਚ ਬੈਠਾ ਸੀ। ਤੀਰ ਦੇ ਵਾਰ ਦੇਖ ਕੇ ਹੈਰਾਨ ਹੋ ਗਿਆ ਸੀ। ਬਾਦਸ਼ਾਹ ਗੁਰੂ ਸਾਹਿਬ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਗੁਰੂ ਸਾਹਿਬ ਜੀ ਦੀ ਸਰਬਉਚਤਾ ਨੂੰ ਸਵੀਕਾਰ ਕਰ ਲਿਆ।

ਉਹ ਡਿਉੜੀ ਜਿਥੇ ਗੁਰੂ ਸਾਹਿਬ ਜੀ ਨੇ ਤੀਰ ਚਲਾਏ ਸਨ, ਨੂੰ ਸੁੱਰਖਿਅਤ ਰੱਖਿਆ ਗਿਆ ਹੈ ਅਤੇ ਗੁਰੂ ਸਾਹਿਬ ਜੀ ਦੀ ਸ਼ਾਨਦਾਰ ਤੀਰਅੰਦਾਜ਼ੀ ਦੇ ਸਤਿਕਾਰ ਵਜੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ। ਹੁਣ ਵੀ ਡਿਊੜੀ ਦੇ ਸਿਖਰ ਤੋਂ ਕੋਈ ਅੱਠ ਮੀਰ ਦੀ ਦੂਰੀ 'ਤੇ ਲਾਲ ਕਿਲਾ ਵੇਖਿਆ ਜਾ ਸਕਤਾ ਹੈ। ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਬਣਾਈ ਗਈ ਹੈ। ਹਰ ਸਾਲ ਆਦਿ ਗ੍ਰੰਥ ਦੀ ਪਹਿਲੀ ਸਥਾਪਨਾ ਦਿਵਸ ਨੂੰ ਬੜੇ ਧੂੰਮਧਾਮ ਨਾਲ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਜੀ ਦੇ ਹੁਕਮ 'ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਯੋ ਗ੍ਰੰਥ।'

ਰਕਾਬ ਗੰਜ: ਇਹ ਇਤਿਹਾਸਕ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸੰਬੰਧਿਤ ਹੈ। ਇਸ ਅਸਥਾਨ 'ਤੇ ਗੁਰੂ ਸਾਹਿਬ ਜੀ ਨੂੰ ਸਮਾਣਾ ਦੇ ਮੁਗਲ ਜਲਾਦ ਜਲਾਲਉਦੀਨ ਵੱਲੋਂ 24 ਨਵੰਬਰ 1675 ਨੂੰ ਸੀਸ ਉਤਾਰ ਕੇ ਸ਼ਹੀਦ ਕੀਤਾ ਗਿਆ ਸੀ। ਗੁਰੂ ਸਾਹਿਬ ਜੀ ਦੀ ਸ਼ਹੀਦੀ ਨੇ ਮੁਗਲਾਂ ਦੇ ਪਤਨ ਦੀ ਨੀਂਹ ਰੱਖੀ।

ਸ਼ਹੀਦੀ ਤੋਂ ਬਾਅਦ ਮੁਗਲ ਬਾਦਸ਼ਾਹ ਔਰੰਗਜੇਬ ਦਾ ਹੁਕਮ ਸੀ ਕਿ ਗੁਰੂ ਸਾਹਿਬ ਜੀ ਦੇ ਸਰੀਰ ਦੇ ਟੋਟੇ ਟੋਟੇ ਕਰਕੇ ਸ਼ਹਿਰ ਦੇ ਹਰ ਦਰਵਾਜ਼ੇ 'ਤੇ ਟੰਗੇ ਜਾਣ। ਗੁਰੂ ਸਾਹਿਬ ਜੀ ਦੇ ਦੋ ਬਹਾਦਰ ਸਿੱਖਾਂ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਉਹਨਾਂ ਦੇ ਪੁੱਤਰ ਭਾਈ ਨਗਾਈਆ ਨੇ ਗੁਰੂ ਸਾਹਿਬ ਦੀ ਸੀਸ ਰਹਿਤ ਦੇਹ ਨੂੰ ਚਾਂਦਨੀ ਚੌਂਕ ਦਿੱਲੀ ਤੋਂ ਬਚਾਇਆ। ਉਸ ਸਮੇਂ ਦਿੱਲੀ ਵਿੱਚ ਤੇਜ ਧੂੜ ਦਾ ਤੂਫ਼ਾਨ ਆਇਆ। ਦੋਹਾਂ ਸਿੱਖਾਂ ਨੇ ਗੁਰੂ ਸਾਹਿਬ ਜੀ ਦੀ ਦੇਹ ਨੂੰ ਬਲਦ ਗੱਡੀਆਂ ਦੇ ਕਾਫਲੇ, ਜਿਸ ਵਿੱਚ ਕਪਾਹ ਦੀਆਂ ਗੰਠਾਂ ਅਤੇ ਖਾਣ ਪੀਣ ਦਾ ਸਮਾਨ ਲਿਜਾਇਆ ਜਾ ਰਿਹਾ ਸੀ। ਤੇਜ ਧੂੜ ਦੇ ਤੂਫਾਨ ਕਾਰਨ ਮੁਗਲ ਸਿਪਾਹੀਆਂ ਤੋਂ ਬਚ ਕੇ ਦੇਹ ਚੁੱਕਣ ਵਿੱਚ ਕਾਮਯਾਬ ਹੋ ਗਏ। ਫਿਰ ਉਹ ਤੇਜ਼ੀ ਨਾਲ ਰਾਏਸੀਨਾ ਪਿੰਡ ਚਲੇ ਗਏ, ਜਿੱਥੇ ਉਹ ਰਹਿੰਦੇ ਸਨ। ਅਧਿਕਾਰੀਆਂ ਦੇ ਕਿਸੇ ਕਿਸਮ ਦੇ ਸ਼ਕ ਤੋਂ ਬੱਚਣ ਲਈ ਭਾਈ ਲੱਖੀ ਸ਼ਾਹ ਵਣਜ਼ਾਰਾ ਨੇ ਦੇਹ ਨੂੰ ਇੱਕ ਮੰਜੇ 'ਤੇ ਰੱਖ ਦਿੱਤਾ ਅਤੇ ਉਸ ਨੇ ਆਪਣੇ ਸਾਰੇ ਘਰ ਨੂੰ ਅੱਗ ਲਗਾ ਦਿੱਤੀ।

ਇਹ ਸਥਾਨ ਰਕਾਬਗੰਜ ਦੇ ਨਾਮ ਨਾਲ ਜਾਣਿਆ ਜਾਣ ਲੱਗਿਆ। ਇੱਕ ਹੋਰ ਸ਼ਰਧਾਲੂ ਸਿੱਖ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਜੀ ਦਾ ਸੀਸ, ਸੀਸ ਗੰਜ ਚਾਂਦਨੀ ਚੌਂਕ ਦਿਲੀ ਤੋਂ ਆਨੰਦਪੁਰ ਸਾਹਿਬ ਪਹੁੰਚਾਇਆ। ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਦਾ ਸਸਕਾਰ ਕੀਤਾ। ਉਥੇ ਸੀਸ ਗੰਜ ਗੁਰਦੁਆਰਾ ਆਨੰਦਪੁਰ ਸਾਹਿਬ ਸ਼ੁਸੋਭਿਤ ਹੈ।

ਰਕਾਬ ਗੰਜ ਗੁਰਦੁਆਰਾ ਦਾ ਮੌਜੂਦਾ ਸਥਾਨ ਨਵੀਂ ਦਿੱਲੀ ਦੇ ਪੰਤ ਰੋਡ 'ਤੇ ਸੰਸਦ ਭਵਨ ਅਤੇ ਕੇਂਦਰੀ ਸਕੱਤਰੇਤ ਦੇ ਉਤਰੀ ਬਲਾਕ ਦੇ ਸਾਹਮਣੇ ਹੈ। ਆਧੁਨਿਕ ਇਮਾਰਤ ਮੁੱਖ ਤੌਰ 'ਤੇ ਚਿੱਟੇ ਸੰਗਮਰਮਰ ਦੀ ਬਣੀ ਹੋਈ ਹੈ। ਜਿਸ ਦੇ ਆਲੇ ਦੁਆਲੇ ਸੁੰਦਰ ਬਾਗ ਹੈ। ਚਾਰੇ ਪਾਸੇ ਪ੍ਰਵੇਸ਼ ਦੁਆਰ ਹਨ। ਇਹ ਇਤਿਹਾਸਿਕ ਗੁਰਦੁਆਰਾ 25 ਲੱਖ ਦੀ ਲਾਗਤ ਨਾਲ 12 ਸਾਲ ਵਿੱਚ ਬਣਿਆ ਸੀ। ਸਰਦਾਰ ਜਰਨੈਲ ਬਘੇਲ ਸਿੰਘ ਵੱਲੋਂ ਦਿੱਲੀ ਫਤਹਿ ਵੇਲੇ ਬਣਾਇਆ ਸੀ। ਸੰਨ 1783 ਤੋਂ ਪਹਿਲਾਂ ਮੁਸਲਮਾਨਾਂ ਨੇ ਇੱਥੇ ਮਸਜਿਦ ਬਣਵਾਈ ਸੀ। ਸਿੱਖਾਂ ਨੇ ਆਪਣੇ ਗੁਰੂ ਦੀ ਕੁਰਬਾਨੀ ਦੀ ਯਾਦ ਵਿੱਚ ਇਸ ਅਸਥਾਨ ਨੂੰ ਆਪਣਾ ਪਵਿੱਤਰ ਅਸਥਾਨ ਮੰਨਿਆ। ਮੁਸਲਮਾਨਾਂ ਨੇ ਇਸਦਾ ਵਿਰੋਧ ਕੀਤਾ। ਸਿੱਖਾਂ ਦੁਆਰਾ ਕੀਤਾ ਗਿਆ ਦਾਅਵਾ ਠੀਕ ਸਾਬਤ ਹੋਇਆ। ਬਾਦਸ਼ਾਹ ਸ਼ਾਹ ਆਲਮ ਦੂਜੇ ਦੁਆਰਾ ਸਿੱਖਾਂ ਨੂੰ ਗੁਰਦੁਆਰਾ ਰਕਾਬ ਗੰਜ ਬਣਾਉਣ ਦੀ ਆਗਿਆ ਦਿੱਤੀ ਗਈ। ਜਗ੍ਹਾ ਦਾ ਕਬਜਾ ਅਤੇ 101 ਵਿਘੇ ਲਗਭਗ 63 ਏਕੜ ਜ਼ਮੀਨ ਤਿੰਨ ਖੂਹਾਂ ਸਮੇਤ ਭੇਂਟ ਕੀਤੀ। ਇਹਨਾਂ ਰਿਆਇਤਾਂ ਦੇ ਬਦਲੇ ਮੁਗਲ ਰਾਜਧਾਨੀ ਵਿੱਚ ਆਪਣੇ ਧਾਰਮਿਕ ਅਸਥਾਨ ਗੁਰਦੁਆਰਾ ਦੀ ਉਸਾਰੀ ਤੋਂ ਬਾਅਦ ਸਿੱਖ ਫ਼ੌਜਾਂ ਨੇ ਦਿੱਲੀ ਦੇ ਖੇਤਰ ਤੋਂ ਸ਼ਾਂਤੀਪੂਰਵਕ ਪਿੱਛੇ ਹਟਣ ਦੀ ਸਹਿਮਤੀ ਦਿਤੀ।

ਗੁਰਦੁਆਰਾ ਦੋ ਸ਼ਬਦਾਂ ਗੁਰੂ ਤੇ ਦੁਆਰਾ/ਦਰਵਾਜ਼ਾ/ਘਰ ਦੇ ਮੇਲ ਤੋਂ ਬਣਿਆ ਹੈ। ਗੁਰਦੁਆਰਾ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ। ਇਹ ਸਿਰਫ਼ ਧਾਰਮਿਕ ਕੇਂਦਰ ਹੀ ਨਹੀਂ ਸਗੋਂ ਇਹ ਰੂਹਾਨੀ, ਭਾਈਚਾਰਕ, ਵਿਦਿਅਕ, ਧਰਮ ਅਤੇ ਸਮਾਜ ਦਾ ਉਸਾਰੀ ਕੇਂਦਰ ਹੈ। ਗੁਰਦੁਆਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਗੁਰਦੁਆਰਾ ਵਿੱਚ ਲੰਗਰ ਅਤੇ ਮੁਸਾਫ਼ਰਾਂ ਦੀ ਰਿਹਾਇਸ਼ ਦਾ ਪ੍ਰਬੰਧ ਹੋਣਾ ਲਾਜ਼ਮੀ ਹੈ।

ਗੁਰਦੁਆਰਾ ਸਾਹਿਬ ਵਿੱਚ ਰੋਜ਼ਾਨਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਸੁੱਖ ਆਸਣ ਹੁੰਦਾ ਹੈ। ਸੰਗਤ ਗੁਰਬਾਣੀ ਪਾਠ, ਕਥਾ, ਕੀਰਤਨ, ਇਤਿਹਾਸ, ਕਵੀਸ਼ਰੀ,ਢਾਡੀ ਵਾਰਾਂ ਸਰਵਣ ਕਰਕੇ ਖੁਸ਼ੀਆਂ ਪ੍ਰਾਪਤ ਕਰਦੀ ਹੈ। ਸ਼ਰਧਾਲੂ ਸ਼ਰਧਾ ਭਾਵਨਾ ਨਾਲ ਸੇਵਾ ਕਰਦੇ ਹਨ। ਸੰਸਾਰ ਦੇ ਪ੍ਰਮੁੱਖ ਦੇਸ਼ਾਂ ਵਿੱਚ ਸਿੱਖ ਜਾ ਵਸੇ ਹਨ। ਉਥੇ ਗੁਰਦੁਆਰਾ ਸਥਾਪਤ ਹੁੰਦੇ ਗਏ। ਵਿਦੇਸ਼ਾਂ ਵਿੱਚ ਮਾਂ ਬੋਲੀ ਪੰਜਾਬੀ ਸਿੱਖ ਧਰਮ ਵਿਰਸਾ ਭਾਈਚਾਰੇ ਦੀ ਅਧਿਆਤਮਕ ਉਨਤੀ ਵਾਸਤੇ ਲਗਾਤਾਰ ਯਤਨ ਜਾਰੀ ਹਨ। ਗੁਰਦੁਆਰਾ ਵਿੱਚ ਗੁਰਮੁੱਖੀ, ਗੁਰ ਇਤਿਹਾਸ, ਕੀਰਤਨ, ਕਵਿਤਾ ਪਾਠ, ਬੀਰ ਰਸ, ਗਤਕਾ ਆਦਿ ਦੀ ਸਿਖਲਾਈ ਦਾ ਉਚੇਚਾ ਪ੍ਰਬੰਧ ਹੈ। ਜਿਸ ਨਾਲ ਬੱਚਿਆਂ ਨੂੰ ਧਰਮ ਸੱਭਿਆਚਾਰ ਅਤੇ ਸਿੱਖੀ ਦੇ ਵਿਸ਼ਾਲ ਵਿਰਸੇ ਨਾਲ ਜੋੜਿਆ ਜਾਂਦਾ ਹੈ। ਗੁਰਦੁਆਰਾ ਗਿਆਨ ਦਾ ਕੇਂਦਰ ਹੈ, ਧਰਮ ਅਤੇ ਸਮਾਜ ਦੀ ਨਰੋਈ ਉਸਾਰੀ ਦਾ ਕੇਂਦਰ ਹੈ।

॥ ਝੂਲਤੇ ਨਿਸ਼ਾਨ ਰਹੇਂ, ਪੰਥ ਮਹਾਰਾਜ ਕੇ ॥

***

## ਟਰੰਪ ਦਾ ਵੱਡਾ ਧਮਾਕਾ: ਕੀ ਹੁਣ ਦੁਨੀਆ ਸਾਹਮਣੇ ਆਵੇਗਾ

ਇਹ ਇੱਕ ਵੱਡੀ ਗਲਤੀ ਹੈ। ਦੂਜੇ ਪਾਸੇ ਡੈਮੋਕਰੈਟ ਨੇਤਾ ਓਬਾਮਾ ਦੇ ਬਚਾਅ ਵਿੱਚ ਆ ਗਏ ਹਨ ਅਤੇ ਕਹਿ ਰਹੇ ਹਨ ਕਿ ਓਬਾਮਾ ਨੇ ਕੋਈ ਗੁਪਤ ਜਾਣਕਾਰੀ ਨਹੀਂ ਲੀਕ ਕੀਤੀ, ਬਲਕਿ ਵਿਗਿਆਨਕ ਸੰਭਾਵਨਾ 'ਤੇ ਚਰਚਾ ਕੀਤੀ ਹੈ।

ਏਲੀਅਨਜ਼ ਦੀ ਹੋਂਦ ਨੂੰ ਲੈ ਕੇ ਵਿਗਿਆਨੀਆਂ ਵਿੱਚ ਵੱਡੀ ਚਰਚਾ ਹੈ। ਵਿਗਿਆਨ ਅਨੁਸਾਰ, ਬ੍ਰਹਿਮੰਡ ਵਿੱਚ ਕਰੋੜਾਂ ਗ੍ਰਹਿ ਹਨ ਜਿੱਥੇ ਜੀਵਨ ਦੀ ਸੰਭਾਵਨਾ ਹੈ। ਡਰੇਕ ਇਕੁਏਸ਼ਨ ਅਨੁਸਾਰ, ਸਾਡੀ ਗੈਲੈਕਸੀ ਵਿੱਚ ਹੀ ਹਜ਼ਾਰਾਂ ਸਭਿਅਤਾਵਾਂ ਹੋ ਸਕਦੀਆਂ ਹਨ। ਪਰ ਅਜੇ ਤੱਕ ਕੋਈ ਪੱਕਾ ਸਬੂਤ ਨਹੀਂ ਮਿਲਿਆ ਕਿ ਏਲੀਅਨਜ਼ ਧਰਤੀ 'ਤੇ ਆਏ ਹਨ ਜਾਂ ਸਾਡੇ ਨਾਲ ਸੰਪਰਕ ਵਿੱਚ ਹਨ। ਨਾਸਾ ਦੇ ਵਿਗਿਆਨੀ ਕਹਿੰਦੇ ਹਨ ਕਿ ਜੀਵਨ ਦੀ ਹੋਂਦ ਸੰਭਵ ਹੈ, ਪਰ ਇਸ ਨੂੰ ਖੋਜਣ ਲਈ ਹੋਰ ਖੋਜ ਦੀ ਲੋੜ ਹੈ ਆਉਣ ਵਾਲੇ ਦਿਨਾਂ ਵਿੱਚ ਜਦੋਂ ਇਹ ਫ਼ਾਈਲਾਂ ਜਨਤਕ ਹੋਣਗੀਆਂ, ਤਾਂ ਸ਼ਾਇਦ ਸਾਡੇ ਪੁਲਾੜ ਨੂੰ ਦੇਖਣ ਦਾ ਨਜ਼ਰੀਆ ਹਮੇਸ਼ਾ ਲਈ ਬਦਲ ਜਾਵੇਗਾ।

***

## ਤੇਜ਼ੀ ਨਾਲ ਹੋ ਰਿਹੈ ਗੁਰਦੁਆਰਾ ਕਰਤਾਰਪੁਰ

ਸਿੱਖ ਸ਼ਰਧਾਲੂਆਂ ਅਤੇ ਸ਼ਰਧਾਲੂਆਂ ਨੂੰ ਬਿਹਤਰੀਨ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਵੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਇਸ ਮੀਟਿੰਗ ਵਿੱਚ ਸ਼ਿਰਕਤ ਕੀਤੀ। ਅਰੋੜਾ ਨੇ ਕਿਹਾ ਕਿ ਸੰਘੀ ਅਤੇ ਪੰਜਾਬ ਸਰਕਾਰ ਸਿੱਖ ਯਾਤਰੀਆਂ ਦੀ ਸੇਵਾ ਅਤੇ ਪਰਾਹੁਣਚਾਰੀ ਲਈ ਮਿਲ ਕੇ ਕੋਸ਼ਿਸ਼ਾਂ ਕਰ ਰਹੀਆਂ ਹਨ।

ਇਸ ਮੀਟਿੰਗ ਵਿੱਚ ਗ੍ਰਹਿ, ਵਿਦੇਸ਼, ਵਿੱਤ, ਰੱਖਿਆ, ਕਾਨੂੰਨ, ਸੂਚਨਾ ਅਤੇ ਪ੍ਰਸਾਰਨ ਮੰਤਰਾਲਿਆਂ ਦੇ ਨਾਲ-ਨਾਲ ਯੋਜਨਾ ਕਮਿਸ਼ਨ ਅਤੇ ਫਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ ਦੇ ਨੁਮਾਇੰਦਿਆਂ ਨੇ ਵੀ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਕਰਤਾਰਪੁਰ ਸਾਹਿਬ ਗੁਰਦੁਆਰਾ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਰਾਵੀ ਦਰਿਆ ਦੇ ਕੰਢੇ ਸਥਿਤ ਹੈ, ਜੋ ਭਾਰਤ ਵਿੱਚ ਡੇਰਾ ਬਾਬਾ ਨਾਨਕ ਤੋਂ ਕਰੀਬ ਚਾਰ ਕਿਲੋਮੀਟਰ ਦੂਰ ਹੈ। ਗੁਰੂ ਨਾਨਕ ਦੇਵ ਨੇ ਆਪਣੇ ਆਖਰੀ 18 ਸਾਲ ਇੱਥੇ ਬਿਤਾਏ ਸਨ। ਇਸ ਧਾਰਮਿਕ ਸਥਾਨ ਦੀ ਸਿੱਖ ਧਰਮ ਦੇ ਪੈਰੋਕਾਰਾਂ ਵਿੱਚ ਬਹੁਤ ਮਾਨਤਾ ਹੈ ਅਤੇ ਹਰ ਸਾਲ ਹਜ਼ਾਰਾਂ ਸਿੱਖ ਇਸ ਧਾਰਮਿਕ ਸਥਾਨ ਦੀ ਯਾਤਰਾ ਕਰਨ ਲਈ ਜਾਂਦੇ ਰਹਿੰਦੇ ਹਨ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

**ਹੋਰ ਜਾਣਕਾਰੀ ਲਈ ਵੇਖੋ**

**https://hokatv.com/guest/home**